**Restaurant Supply** (Wholesaler)
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
1125 Howard Street. Elk Grove Village. IL 60007
Prag International
Ravi Kapoor (CEO)
Ph: 847-979-5970. 847-979-5990.
847-228-0150, pragint@aol.com

Regal Jewels
773-262-4377 www.RegalJewels.com
BUY SILVER, GET A VOUCHER!
22KT 24KT
773-262-4377 2625 W. Devon Ave. Chicago, IL 60659 773-517-0574

Licenced Illinois & Wisconsin State.
Why pay rent if you can buy Find Out How much you can qualify!
Get Free Pre-Approval
Buying, Selling Renting or Investing
RE/MAX
Jesse Singh
847-606-3664
Amndip Singh
847-409-8787
New construction 60% cash back
Buy through us get free inspection & attorney fees free+cashback.
Selling Commission just pay only 1%
WEBSITE: jsingh.remax.com; E-Mail: jsingh@remax.net

Twenty-Sixth Year of Publication
ਮਿਡਵੈਸਟ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com
Punjab Times, Vol 27, Issue 21; May 23, 2026 20451 N. Plum Grove Rd., Palatine, IL 60074 Ph:847-359-0746, Fax:847-705-9388

# ਬੇਅਦਬੀ ਕਾਨੂੰਨ ਦੀਆਂ ਸੋਧਾਂ ਹਟਾਉਣ ਲਈ ਪੰਜਾਬ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ

## ਸਿੱਖ ਜਥੇਬੰਦੀਆਂ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ 'ਚ ਹੋਈ ਇਕੱਤਰਤਾ



**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ. ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੀਆਂ ਵਿਵਾਦਤ ਮੱਦਾਂ ਖ਼ਿਲਾਫ਼ ਸਿੱਖ ਜਥੇਬੰਦੀਆਂ, ਗ੍ਰੰਥੀ, ਪਾਠੀ, ਪ੍ਰਚਾਰਕ ਸਿੰਘਾਂ ਅਤੇ ਪੰਥਕ ਆਗੂਆਂ ਨੇ ਤਿੱਖਾ ਰੋਸ ਜਤਾਉਂਦਿਆਂ ਇਨ੍ਹਾਂ ਨੂੰ ਹਟਾਉਣ ਲਈ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਸ਼ਮੇਸ਼ ਦੀਵਾਨ ਹਾਲ 'ਚ ਹੋਈ ਵਿਸ਼ੇਸ਼ ਇਕੱਤਰਤਾ ਦੌਰਾਨ ਵੱਖ-ਵੱਖ ਬੁਲਾਰਿਆਂ ਵੱਲੋਂ ਇਕਸੁਰਤਾ 'ਚ ਜਿੱਥੇ ਕਾਨੂੰਨ ਦੀਆਂ ਮਦਾਂ ਖ਼ਿਲਾਫ਼ ਆਪਣਾ ਇਤਰਾਜ਼ ਜਤਾਇਆ ਗਿਆ, ਉੱਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਠਾਏ ਗਏ ਇਤਰਾਜ਼ਾਂ ਨੂੰ ਦੂਰ ਨਾ ਕੀਤਾ ਗਿਆ ਤਾਂ ਪੰਥ ਇਸ ਕਾਨੂੰਨ ਨੂੰ ਕਿਸੇ ਵੀ ਹਾਲਤ 'ਚ ਪ੍ਰਵਾਨ ਨਹੀਂ ਕਰੇਗਾ। ਇਕੱਠ 'ਚ ਵੱਖ-ਵੱਖ ਪੰਥਕ ਸਖ਼ਸ਼ੀਅਤਾਂ, ਨਿਰਮਲਾ ਸੰਪਰਦਾ ਦੇ ਨੁਮਾਇੰਦਿਆਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਜਥੇਦਾਰ ਗੜਗੱਜ ਨੇ ਦੋਸ਼ ਲਾਇਆ ਕਿ ਸਰਕਾਰ ਨੇ ਸਿੱਖ ਕੌਮ ਨੂੰ ਭਰੋਸੇ 'ਚ ਲਏ ਬਿਨਾਂ ਕਾਨੂੰਨ 'ਚ ਸੋਧਾਂ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਸਿੱਧੀ ਦਖ਼ਲਅੰਦਾਜ਼ੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਮਰਿਆਦ ਅਤੇ ਸਰੂਪ ਨਾਲ ਜੁੜੇ ਮਸਲਿਆਂ 'ਤੇ ਫ਼ੈਸਲੇ ਕਰਨ ਦਾ ਅਧਿਕਾਰ ਕੇਵਲ ਅਕਾਲ ਤਖ਼ਤ ਸਾਹਿਬ ਕੋਲ ਹੈ। ਉਨ੍ਹਾਂ ਐਕਟ 'ਚ ਵਰਤੇ ਗਏ 'ਕਸਟੋਡੀਅਨ' ਸ਼ਬਦ 'ਤੇ ਵੀ ਸਖ਼ਤ ਇਤਰਾਜ਼ ਜਤਾਇਆ ਅਤੇ ਦੋਸ਼ ਲਾਇਆ ਕਿ ਸਰਕਾਰ ਜਾਣਬੁੱਝ ਕੇ ਪੰਥਕ ਪਰੰਪਰਾਵਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਮੌਕੇ ਪ੍ਰਧਾਨ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੁਨਿਆਵੀ ਕਾਨੂੰਨ ਅਧੀਨ ਲਿਆਉਣ ਦੀ

(ਬਾਕੀ ਸਫ਼ਾ 4 'ਤੇ)

### ਨਹੀਂ ਦਿੱਤੀ ਜਾ ਸਕਦੀ ਸ਼੍ਰੋਮਣੀ ਕਮੇਟੀ ਨੂੰ ਚੁਣੌਤੀ




ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਗੁਰਦੁਆਰਾ ਐਕਟ 1925 ਇਕ ਸੁਤੰਤਰ ਵਿਧਾਨ ਹੈ ਤੇ ਸ਼੍ਰੋਮਣੀ ਕਮੇਟੀ ਦੇ ਕਾਰਜ ਖੇਤਰ 'ਚ ਇਸ ਐਕਟ ਅਧੀਨ ਕੋਈ ਸਰਕਾਰ ਦਖਲ ਅੰਦਾਜ਼ੀ ਨਹੀਂ ਕਰ ਸਕਦੀ। ਉਨ੍ਹਾਂ ਆਖਿਆ ਕਿ ਕੋਈ ਵੀ ਸਰਕਾਰ ਸ਼੍ਰੋਮਣੀ ਕਮੇਟੀ ਦੀ ਖ਼ੁਦਮੁਖਤਿਆਰੀ ਨੂੰ ਚੁਣੌਤੀ ਨਹੀਂ ਦੇ ਸਕਦੀ। ਧਾਮੀ ਨੇ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਸਰਕਾਰ ਸਿੱਖ ਸਿਧਾਤਾਂ, ਸਿੱਖ ਭਾਵਨਾਵਾਂ ਤੇ ਮਰਿਆਦਾ ਦੇ ਮਸਲਿਆਂ ਨਾਲ ਕਾਨੂੰਨ ਦੀ ਆੜ 'ਚ ਛੇੜਛਾੜ ਕਰ ਰਹੀ। ਧਾਮੀ ਨੇ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਅੜੀਅਲ ਰਵੱਈਆ ਨਾ ਛੱਡਿਆ ਤਾਂ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਸੰਘਰਸ਼ ਵਿੱਢਿਆ ਜਾਵੇਗਾ।



# ਸੁਰਜੀਤ ਸਿੰਘ ਰੱਖੜਾ ਆਮ ਆਦਮੀ ਪਾਰਟੀ ਵਿਚ ਸ਼ਾਮਲ

## ਰੱਖੜਾ ਲੋਕ ਸੇਵਾ ਨੂੰ ਸਮਰਪਿਤ ਸ਼ਖ਼ਸੀਅਤ: ਮਾਨ

**ਪਟਿਆਲਾ:** ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਮੁੱਖ ਮੰਤਰੀ ਖ਼ੁਦ ਉਨ੍ਹਾਂ ਦੇ ਗ੍ਰਹਿ ਕਰਤਾਰ ਵਿਲਾ ਪਿੰਡ ਰੱਖੜਾ ਵਿਚ ਪਹੁੰਚੇ, ਜਿੱਥੇ ਵੱਡੀ ਗਿਣਤੀ ਵਿਚ ਰੱਖੜਾ ਪਰਿਵਾਰ ਦੇ ਹਜ਼ਾਰਾਂ ਸਮਰਥਕ ਤੇ ਇਲਾਕਾ ਵਾਸੀ ਮੌਜੂਦ ਸਨ।

ਇਸ ਮੌਕੇ ਸੁਰਜੀਤ ਸਿੰਘ ਰੱਖੜਾ ਨੇ ਕਿਹਾ, 'ਉਨ੍ਹਾਂ ਨੇ ਇਹ ਫ਼ੈਸਲਾ ਅੰਤਰ- ਆਤਮਾ, ਪੰਥਕ ਸੋਚ ਅਤੇ ਪੰਜਾਬ ਦੇ ਭਵਿੱਖ ਨੂੰ ਧਿਆਨ ਵਿਚ ਰੱਖਦਿਆਂ ਲਿਆ ਹੈ। ਉਨ੍ਹਾਂ ਕਿਹਾ ਕਿ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਰਾਹੀਂ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣਾ ਇਤਿਹਾਸਕ ਕਦਮ ਹੈ, ਜਿਸ ਨੇ ਉਨ੍ਹਾਂ ਨੂੰ ਭਾਵਨਾਤਮਕ ਤੇ ਅਧਿਆਤਮਕ ਤੌਰ 'ਤੇ ਬਹੁਤ ਪ੍ਰਭਾਵਤ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣ, ਕਿਸਾਨ-ਹਿਤੈਸ਼ੀ ਨੀਤੀਆਂ, ਸਿੱਖਿਆ ਤੇ ਸਿਹਤ ਖੇਤਰ ਵਿਚ ਕੀਤੇ ਸੁਧਾਰ ਤੇ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੇ ਉਨ੍ਹਾਂ ਨੂੰ ਇਹ ਅਹਿਸਾਸ ਕਰਵਾਇਆ ਕਿ ਪੰਜਾਬ ਦੀ ਭਲਾਈ ਲਈ ਇਮਾਨਦਾਰ ਨੀਅਤ ਨਾਲ ਕੰਮ ਹੋ ਰਿਹਾ ਹੈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਰੱਖੜਾ ਪਰਿਵਾਰ ਨੇ ਹਮੇਸ਼ਾ ਲੋਕ ਸੇਵਾ ਨੂੰ ਆਪਣਾ ਧਰਮ ਸਮਝਿਆ ਹੈ ਅਤੇ ਸੁਰਜੀਤ ਸਿੰਘ ਰੱਖੜਾ ਪੰਥ ਨੂੰ ਸਮਰਪਤ, ਇਮਾਨਦਾਰ, ਸਿਆਸੀ ਤਜਰਬੇਕਾਰ ਆਗੂ ਹਨ। ਇਸ ਮੌਕੇ ਸ. ਰੱਖੜਾ ਨੇ ਮੁੱਖ ਮੰਤਰੀ ਨੂੰ ਸਮਾਣਾ ਦੇ ਵਿਕਾਸ ਲਈ ਸਮਾਣਾ-ਪਟਿਆਲਾ ਸੜਕ ਦਾ ਨਿਰਮਾਣ, ਸਿਵਲ ਹਸਪਤਾਲ ਨੂੰ ਆਧੁਨਿਕ ਸਮੱਗਰੀ ਨਾਲ ਅਪਗ੍ਰੇਡ ਤੇ ਬੱਸ ਅੱਡੇ ਦੇ

(ਬਾਕੀ ਸਫ਼ਾ 4 'ਤੇ)

India Palace Restaurant
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store
Restaurant, Ph: 317-888-2040
Desi Bazar Indianapolis,
Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Bhaura Transport LLC
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493

Devon COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago, IL 60659
www.RegalJewels.com
PH: 773-262-4377 WA: 773-517-0574

# ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ ਗੁਰਦੁਆਰਾ ਸਾਹਿਬ ਪੈਲਾਟਾਈਨ ਨੂੰ 50 ਹਜ਼ਾਰ ਡਾਲਰ ਦੇਣ ਦਾ ਐਲਾਨ

## ਕੌਂਸਲ ਜਨਰਲ ਆਫ ਇੰਡੀਆ ਸ੍ਰੀ ਸੋਮਨਾਥ ਘੋਸ਼ ਵਲੋਂ ਸੰਗਤ ਨੂੰ ਏਕੇ ਦੀ ਅਪੀਲ

**ਪੈਲਾਟਾਈਨ**: ਸ਼ਿਕਾਗੋ ਦੇ ਕੌਂਸਲ ਜਨਰਲ ਆਫ ਇੰਡੀਆ ਸ੍ਰੀ ਸੋਮਨਾਥ ਘੋਸ਼ ਅਤੇ ਉਘੇ ਬਿਜ਼ਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਲੰਘੇ ਐਤਵਾਰ ਆਪਣੇ ਸਾਥੀਆਂ ਸਮੇਤ ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਨਤਮਸਤਕ ਹੋਣ ਲਈ ਪੁੱਜੇ। ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਉਨ੍ਹਾਂ ਦਾ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ 'ਤੇ ਸਵਾਗਤ ਕੀਤਾ ਗਿਆ ਅਤੇ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਜਿੱਥੇ ਗੁਰਦੁਆਰਾ ਸਾਹਿਬ ਵਿਖੇ ਬਾਣੀ ਸਰਵਣ ਕੀਤੀ ਤੇ ਕਥਾ ਵਿਚਾਰਾਂ ਸੁਣੀਆਂ, ਉਥੇ ਹੀ ਸੰਗਤ ਦੇ ਰੂਬਰੂ ਹੋਏ ਅਤੇ ਪੰਗਤ ਵਿਚ ਬੈਠ ਕੇ ਲੰਗਰ ਵੀ ਛਕਿਆ। ਇਸ ਮੌਕੇ ਸ. ਦਰਸ਼ਨ ਸਿੰਘ ਧਾਲੀਵਾਲ ਨੇ ਗੁਰਦੁਆਰਾ ਸਾਹਿਬ ਲਈ 50 ਹਜ਼ਾਰ ਡਾਲਰ ਦੇਣ ਦਾ ਐਲਾਨ ਵੀ ਕੀਤਾ।

ਦੀਵਾਨ ਹਾਲ ਵਿਚ ਗੁਰਦੁਆਰਾ ਸਾਹਿਬ ਦੇ ਧਾਰਮਿਕ ਸਕੱਤਰ ਸ. ਸਤਿੰਦਰ ਸਿੰਘ ਸੁਸਾਣਾ ਨੇ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਕੌਂਸਲ ਜਨਰਲ ਸ੍ਰੀ ਸੋਮਨਾਥ ਘੋਸ਼ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸੰਗਤ ਦੇ ਰੂ-ਬ-ਰੂ ਕੀਤਾ। ਸ੍ਰੀ ਘੋਸ਼ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਬਹੁਤ ਖੁਸ਼ੀ ਹੋ ਰਹੀ ਹੈ। ਉਨ੍ਹਾਂ ਸਿੱਖਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਭਾਰਤ ਵਿਚ ਅਜਿਹਾ ਕੋਈ ਹੀ ਭਾਈਚਾਰਾ ਹੋਵੇਗਾ, ਜਿਸ ਨੇ ਇੰਨੀਆਂ ਕੁਰਬਾਨੀਆਂ ਕੀਤੀਆਂ ਹੋਣ, ਜਿੰਨੀਆਂ ਸਿੱਖਾਂ ਨੇ ਕੀਤੀਆਂ ਹਨ। ਭਾਵੇਂ ਆਜ਼ਾਦੀ ਤੋਂ ਕਈ ਸਮਾਂ ਪਹਿਲਾਂ ਦੀ ਗੱਲ ਕੀਤੀ ਜਾਵੇ, ਮੱਧਕਾਲ ਦੀ ਜਾਂ ਜਦੋਂ ਭਾਰਤੀ ਆਜ਼ਾਦੀ ਲਈ ਜੂਝ ਰਹੇ ਸਨ, ਇਨ੍ਹਾਂ ਸਾਰੇ ਸਮਿਆਂ ਦੌਰਾਨ ਸਿੱਖਾਂ ਦੀਆਂ ਕੁਰਬਾਨੀਆਂ ਸਲਾਹੁਣਯੋਗ ਹਨ। ਉਨ੍ਹਾਂ ਕਿਹਾ ਕਿ ਉਹ ਇਸ ਤੋਂ ਪਹਿਲਾਂ ਡਿਫੈਂਸ ਮਿਨਿਸਟਰੀ ਵਿਚ ਵੀ ਕੰਮ ਕਰ ਚੁੱਕੇ ਹਨ ਤੇ ਭਾਵੇਂ ਨੇਵੀ ਹੋਵੇ ਆਰਮੀ ਜਾਂ ਬੋਰਡਰ ਸਿਕਿਉਰਿਟੀ, ਹਰ ਥਾਂ ਸਿੱਖ ਵੱਡੀ ਗਿਣਤੀ ਵਿਚ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਸਾਰੇ ਭਾਈਚਾਰਿਆਂ ਨੂੰ ਆਪਸ ਵਿਚ ਪਿਆਰ ਤੇ ਏਕਤਾ ਨਾਲ ਰਹਿਣ ਦਾ ਸੁਨੇਹਾ ਵੀ ਦਿੱਤਾ। ਉਨ੍ਹਾਂ ਦੱਸਿਆ ਕਿ ਉਹ ਬੰਗਾਲ ਤੋਂ ਹਨ ਤੇ ਵੰਡ ਦੌਰਾਨ ਪੰਜਾਬੀਆਂ ਵਾਂਗ ਬੰਗਾਲੀਆਂ ਨੂੰ ਵੀ ਸੰਤਾਪ ਝੱਲਣਾ ਪਿਆ, ਪਰ ਸਾਨੂੰ ਹੁਣ ਭਵਿੱਖ ਨੂੰ ਮੱਦੇਨਜ਼ਰ ਰੱਖਦਿਆਂ ਰਲ-ਮਿਲ ਕੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਸਿੱਖ ਭਾਈਚਾਰੇ ਦੇ ਕਿਸੇ ਮੈਂਬਰ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਲੋੜ ਪੈਂਦੀ ਹੈ ਤਾਂ ਉਹ ਕੌਂਸਲੇਟ ਨਾਲ ਸੰਪਰਕ ਕਰ ਸਕਦੇ ਹਨ ਅਸੀਂ ਹਮੇਸ਼ਾ ਤੁਹਾਡੀ ਸਹਾਇਤਾ ਲਈ ਤਿਆਰ ਹਾਂ। ਉਨ੍ਹਾਂ ਭਾਰਤ ਸਰਕਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਛਾਪੀ ਕਿਤਾਬ ਵੀ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਸਪੁਰਦ ਕੀਤੀ, ਜਿਸ ਤੋਂ ਬੱਚੇ ਤੇ ਨੌਜਵਾਨ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹਨ।

ਗੁਰਦੁਆਰਾ ਸਾਹਿਬ ਦੇ ਮੁਖ ਸੇਵਾਦਾਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਗੁਰਬਾਣੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਕਿ 'ਹਰ ਇਨਸਾਨ ਗੁਰੂ ਦਾ ਮਿੱਤਰ ਹੈ ਤੇ ਗੁਰੂ ਵੀ ਹਰੇਕ ਇਨਸਾਨ ਦਾ ਮਿੱਤਰ ਹੈ, ਅਸੀਂ ਸਾਰੇ ਇਕੋ ਪਿਤਾ ਦੇ ਪੁੱਤਰ ਹਾਂ'। ਉਨ੍ਹਾਂ ਕਿਹਾ ਕਿ ਅਸੀਂ ਬੇਅਦਬੀ ਦੇ ਖ਼ਿਲਾਫ਼ ਐਕਟ ਲਿਆਉਣਾ ਚਾਹੁੰਦੇ ਹਾਂ ਕਿ ਗੁਰੂ ਸਾਹਿਬ ਦੀ ਬੇਅਦਬੀ ਨਾ ਹੋਵੇ ਪਰ ਜਦੋਂ ਅਸੀਂ ਗੁਰੂਘਰ ਆ ਕੇ ਖੁਦ ਗ਼ਲਤ ਲਫਜ਼ ਜਾਂ ਉਚੀ ਬੋਲਦੇ ਹਾਂ ਤਾਂ ਅਸੀਂ ਗੁਰੂ ਸਾਹਿਬ ਦੀ ਬੇਅਦਬੀ ਹੀ ਕਰ ਰਹੇ ਹੁੰਦੇ ਹਾਂ। ਜੇ ਕੋਈ ਇਨਸਾਨ ਨਿਮਾਣਾ ਹੋ ਕੇ ਗੁਰੂਘਰ ਆਉਂਦਾ ਹੈ ਤਾਂ ਸਾਨੂੰ ਉਸ ਨੂੰ 'ਜੀ ਆਇਆਂ' ਆਖਣਾ ਚਾਹੀਦਾ ਹੈ। ਉਨ੍ਹਾਂ ਕੌਂਸਲ ਜਨਰਲ ਨੂੰ 'ਜੀ ਆਇਆਂ' ਆਖਦਿਆਂ ਸੰਗਤ ਨੂੰ ਬੇਨਤੀ ਕੀਤੀ ਕਿ ਕਿਸੇ ਦਾ ਪਾਸਪੋਰਟ ਸਬੰਧੀ ਜਾਂ ਹੋਰ ਕੋਈ ਦਸਤਾਵੇਜੀ ਕੰਮ ਹੋਵੇ ਤਾਂ ਉਹ ਕੌਂਸਲੇਟ ਵਿਖੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ਕੁਝ ਵਿਅਕਤੀਆਂ ਵਲੋਂ ਉਨ੍ਹਾਂ ਦੇ ਆਉਣ 'ਤੇ ਕੀਤੇ ਗਏ ਪ੍ਰਦਰਸ਼ਨ ਲਈ ਮਾਫੀ ਮੰਗਦਿਆਂ ਕਿਹਾ ਕਿ ਸਾਨੂੰ ਗੁਰਦੁਆਰਾ ਸਾਹਿਬ ਵਿਖੇ ਆਏ ਹਰੇਕ ਵਿਅਕਤੀ ਦਾ ਆਦਰ ਕਰਨਾ ਚਾਹੀਦਾ ਹੈ।

ਸ. ਦਰਸ਼ਨ ਸਿੰਘ ਧਾਲੀਵਾਲ ਬਾਰੇ ਗੱਲ ਕਰਦਿਆਂ ਸ. ਮੁਲਤਾਨੀ ਨੇ ਸੰਗਤ ਨੂੰ ਦੱਸਿਆ ਕਿ ਉਨ੍ਹਾਂ ਦੇ ਪਿਛਲੇ ਕਾਰਜਕਾਲ ਦੌਰਾਨ ਸ. ਧਾਲੀਵਾਲ ਨੇ ਗੁਰਦੁਆਰਾ ਸਾਹਿਬ ਦੇ ਕਈ ਕੰਮ ਕਰਵਾਏ ਸਨ ਤੇ ਪਾਰਕਿੰਗ ਲਈ ਚਾਰ ਏਕੜ ਤੋਂ ਵੱਧ ਜ਼ਮੀਨ ਵੀ ਉਨ੍ਹਾਂ ਵਲੋਂ ਹੀ ਦਾਨ ਕੀਤੀ ਗਈ ਸੀ। ਉਨ੍ਹਾਂ ਆਖਿਆ ਕਿ ਭਾਵੇਂ ਸਾਡੇ ਸਾਰਿਆਂ ਕੋਲ ਪੈਸਾ ਹੈ ਪਰ ਹਰ ਕੋਈ ਦਾਨ ਨਹੀਂ ਕਰ ਸਕਦਾ, ਜਿਸ 'ਤੇ ਗੁਰੂ ਸਾਹਿਬ ਦੀ ਕਿਰਪਾ ਹੋਵੇ, ਸਿਰਫ ਉਹੀ ਇਹ ਕਾਰਜ ਕਰ ਸਕਦਾ ਹੈ। ਸ. ਦਰਸ਼ਨ ਸਿੰਘ ਧਾਲੀਵਾਲ ਨੇ ਸੁਖ ਆਸਣ ਰੂਮ/ਗੁੰਬਦ ਲਈ 50,000 ਡਾਲਰ ਦੇਣ ਦਾ ਐਲਾਨ ਵੀ ਕੀਤਾ ਹੈ। ਉਨ੍ਹਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਕਾਰਸੇਵਾ ਦੇ ਨਿਸ਼ਕਾਮ ਸੇਵਕ ਸ. ਉਂਕਾਰ ਸਿੰਘ ਢਿੱਲੋਂ ਨੇ ਚਰਚ ਵਾਲੀ ਇਮਾਰਤ ਵਿਚ ਸਕੂਲ ਬਣਾਉਣ ਲਈ 10 ਹਜ਼ਾਰ ਡਾਲਰ ਦੀ ਮਦਦ ਦੇਣ ਦਾ ਵਾਅਦਾ ਕੀਤਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਕੌਂਸਲ ਜਨਰਲ ਅਤੇ ਸ. ਧਾਲੀਵਾਲ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਕੌਂਸਲ ਜਨਰਲ ਸ੍ਰੀ ਸੋਮਨਾਥ ਘੋਸ਼ ਅਤੇ ਸ. ਦਰਸ਼ਨ ਸਿੰਘ ਧਾਲੀਵਾਲ ਜਦੋਂ ਗੁਰਦੁਆਰਾ ਸਾਹਿਬ ਵਿਖੇ ਪੁੱਜੇ ਤਾਂ ਕੁਝ ਖਾਲਿਸਤਾਨੀ ਸਮਰਥਕਾਂ ਵਲੋਂ ਰੋਸ ਵਿਖਾਵਾ ਵੀ ਕੀਤਾ ਗਿਆ, ਪਰ ਪ੍ਰਬੰਧਕਾਂ ਅਤੇ ਕੁਝ ਮੋਹਤਬਰਾਂ ਨੇ ਸਿਆਣਪ ਨਾਲ ਸਥਿਤੀ 'ਤੇ ਕਾਬੂ ਪਾ ਲਿਆ।





*1). ਗੁਰਦੁਆਰਾ ਸਾਹਿਬ ਵਿਖੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਕੌਂਸਲ ਜਨਰਲ ਸ੍ਰੀ ਸੋਮਨਾਥ ਘੋਸ਼। 2). ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸ੍ਰੀ ਘੋਸ਼ ਨੂੰ ਸਿਰੋਪਾ ਦਿੰਦੇ ਹੋਏ ਭਾਈ ਲਖਵਿੰਦਰ ਸਿੰਘ, ਸ. ਤਰਲੋਚਨ ਸਿੰਘ ਮੁਲਤਾਨੀ, ਸਤਿੰਦਰ ਸਿੰਘ ਸੁਸਾਣਾ ਅਤੇ ਸ. ਯਾਦਵਿੰਦਰ ਸਿੰਘ ਗਰੇਵਾਲ।*




*ਪੰਗਤ 'ਚ ਬੈਠ ਕੇ ਲੰਗਰ ਛਕਦੇ ਹੋਏ ਸ੍ਰੀ ਸੋਮਨਾਥ ਘੋਸ਼ ਅਤੇ ਸ. ਦਰਸ਼ਨ ਸਿੰਘ ਧਾਲੀਵਾਲ।*


ਆਪਣੇ ਅਤੇ ਆਪਣੇ ਪਰਿਵਾਰ ਨੂੰ ਸਿਹਤਮੰਦ ਰੱਖੋ। ਘੱਟ ਜਾਂ ਬਿਨਾਂ ਖਰਚੇ ਵਾਲੇ ਸਿਹਤ ਬੀਮੇ ਲਈ ਅੱਜ ਹੀ ਸਾਈਨ ਅਪ ਕਰੋ।

ਨਾਮਾਂਕਣ ਸਹਾਇਤਾ ਮੁਫ਼ਤ ਹੈ, ਭਾਵੇਂ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਜੋ ਵੀ ਹੋਵੇ।

ਡਾਕਟਰ ਦੀਆਂ ਮੁਲਾਕਾਤਾਂ
ਪ੍ਰੀਸਕ੍ਰਿਪਸ਼ਨਾਂ
ਟੀਕੇ
ਮਾਨਸਿਕ ਸਿਹਤ
ਹਸਪਤਾਲ ਦੀਆਂ ਭਰਤੀਆਂ



ਜਾਣੋ ਕਿ ਕੀ ਤੁਸੀਂ ਯੋਗ ਹੋ। ਆਪਣੀ ਸਿਹਤ ਕਵਰੇਜ ਬਾਰੇ ਸਭ ਤੋਂ ਵੱਧ ਸੂਚਿਤ ਫੈਸਲਾ ਲੈਣ ਲਈ NYC ਸਿਹਤ ਵਿਭਾਗ ਦੇ ਕਿਸੇ ਨਾਮਾਂਕਣ ਸਲਾਹਕਾਰ ਨਾਲ ਗੱਲ ਕਰੋ।

347-665-0214 'ਤੇ ਕਾਲ ਕਰੋ।

nyc.gov/healthcoverage 'ਤੇ ਜਾਓ।

NYC Health
Zohran Kwame Mamdani
Mayor
Alister F. Martin, MD, MPP
Commissioner

# ਈਰਾਨ 'ਤੇ ਨਵੇਂ ਹਮਲਿਆਂ ਦੀ ਤਿਆਰੀ 'ਚ ਅਮਰੀਕਾ

**ਨਵੀਂ ਦਿੱਲੀ:** ਪੱਛਮੀ ਏਸ਼ੀਆ 'ਚ ਪਿਛਲੇ ਢਾਈ ਮਹੀਨੇ ਤੋਂ ਜਾਰੀ ਤਣਾਅ ਤੇ ਹੋਰਮੁਜ਼ ਸਟ੍ਰੇਟ ਨੂੰ ਲੈ ਕੇ ਬਣੇ ਗਤੀਰੋਧ ਵਿਚਾਲੇ ਅਮਰੀਕਾ ਨੇ ਈਰਾਨ ਖ਼ਿਲਾਫ਼ ਨਵੀਂ ਫ਼ੌਜੀ ਮੁਹਿੰਮ ਦੀ ਤਿਆਰੀ ਨੂੰ ਤੇਜ਼ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਜੰਗਬੰਦੀ ਟੁੱਟਣ ਦੀ ਸਥਿਤੀ 'ਚ ਆਪਰੇਸ਼ਨ ਸਲੇਜ਼ਹੈਮਰਾ ਤਹਿਤ ਸੰਭਾਵਿਤ ਫ਼ੌਜੀ ਕਾਰਵਾਈ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਅਮਰੀਕੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ, ਅਮਰੀਕਾ ਤੇ ਇਜ਼ਰਾਈਲ ਜੰਗਬੰਦੀ ਦੇ ਬਾਅਦ ਤੋਂ ਹੁਣ ਤੱਕਦੀ ਸਭ ਤੋਂ ਵੱਡੀ ਫ਼ੌਜੀ ਤਿਆਰੀ 'ਚ ਲੱਗੇ ਹੋਏ ਹਨ। ਨਿਊਯਾਰਕ ਟਾਈਮਜ਼ ਨੇ ਪੱਛਮੀ ਏਸ਼ੀਆ ਦੇ ਸਰੋਤਾਂ ਦੇ ਹਵਾਲੇ ਤੋਂ ਦਾਅਵਾ ਕੀਤਾ ਹੈ ਕਿ ਅਗਲੇ ਹਫ਼ਤੇ ਈਰਾਨ ਦੇ ਫ਼ੌਜੀ ਤੇ ਰਣਨੀਤਿਕ ਠਿਕਾਣਿਆਂ 'ਤੇ ਨਵੇਂ ਹਮਲੇ ਸ਼ੁਰੂ ਕੀਤੇ ਜਾ ਸਕਦੇ ਹਨ।

ਰਿਪੋਰਟ ਅਨੁਸਾਰ ਮੁਹਿੰਮ ਤਹਿਤ ਵਿਸ਼ੇਸ਼ ਬਲਾਂ ਨੂੰ ਵੀ ਤਾਇਨਾਤ ਕੀਤਾ ਜਾ ਸਕਦਾ ਹੈ, ਤਾਂ ਜੋ ਜ਼ਮੀਨ ਅੰਦਰ ਛੁਪੀਆਂ ਪਰਮਾਣੂ ਸਮੱਗਰੀਆਂ ਤੇ ਥਾਵਾਂ ਦਾ ਪਤਾ ਲਗਾਇਆ ਜਾ ਸਕੇ। ਅਧਿਕਾਰੀਆਂ ਅਨੁਸਾਰ, ਇਸੇ ਟੀਚੇ ਲਈ ਮਾਰਚ 'ਚ ਸੈਂਕੜੇ ਅਮਰੀਕੀ ਵਿਸ਼ੇਸ਼ ਆਪ੍ਰੇਸ਼ਨ ਬਲਾਂ ਨੂੰ ਪੱਛਮੀ ਏਸ਼ੀਆ ਭੇਜਿਆ ਗਿਆ ਸੀ। ਜ਼ਿਕਰਯੋਗ ਹੈ ਕਿ ਸੰਭਾਵਿਤ ਕਾਰਵਾਈ ਉਥੋਂ ਸ਼ੁਰੂ ਹੋ ਸਕਦੀ ਹੈ, ਜਿੱਥੇ 7 ਅਪ੍ਰੈਲ ਨੂੰ ਅਮਰੀਕਾ ਤੇ ਈਰਾਨ ਵਿਚਕਾਰ ਆਖ਼ਰੀ ਸਮੇਂ 'ਚ ਹੋਏ ਜੰਗਬੰਦੀ ਤੋਂ ਪਹਿਲਾਂ ਫ਼ੌਜੀ ਗਤੀਵਿਧੀਆਂ ਰੁਕੀਆਂ ਸਨ। ਚੀਨ ਯਾਤਰਾ ਦੌਰਾਨ ਰਾਸ਼ਟਰਪਤੀ ਸ਼ੀ ਜਿਨਫਿੰਗ ਨਾਲ ਇਰਾਨ ਮੁੱਦੇ 'ਤੇ ਚਰਚਾ ਕਰਨ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਰੁਖ ਹੋਰ ਵੀ ਹਮਲਾਵਰ ਮੰਨਿਆ ਜਾ ਰਿਹਾ ਹੈ। ਅਮਰੀਕਾ ਤੇ ਇਜ਼ਰਾਈਲ ਇਸ ਸਮੇਂ ਸੰਯੁਕਤ ਫ਼ੌਜੀ ਅਭਿਆਸ ਵੀ ਕਰ ਰਹੇ ਹਨ।

**ਯੁੱਧ ਮੁੜ ਸ਼ੁਰੂ ਹੋਣ ਦੀ ਸੰਭਾਵਨਾ 'ਤੇ ਚਿੰਤਤ ਈਰਾਨ :** ਈਰਾਨ ਵੀ ਸੰਭਾਵਿਤ ਫ਼ੌਜੀ ਸੰਘਰਸ਼ ਨੂੰ ਲੈ ਕੇ



ਚੌਕਸ ਹੋ ਗਿਆ ਹੈ। ਤਹਿਰਾਨ ਨੇ ਆਪਣੀਆਂ ਫ਼ੌਜੀ ਤਿਆਰੀਆਂ ਨੂੰ ਤੇਜ਼ ਕਰ ਦਿੱਤਾ ਹੈ ਤੇ ਦਾਅਵਾ ਕੀਤਾ ਹੈ ਕਿ ਪਿਛਲੇ ਹਮਲਿਆਂ 'ਚ ਖ਼ਰਾਬ ਹੋਏ ਏਅਰ ਡਿਫੈਂਸ ਸਿਸਟਮ ਨੂੰ ਦੁਬਾਰਾ ਸਰਗਰਮ ਕੀਤਾ ਜਾ ਰਿਹਾ ਹੈ। ਈਰਾਨੀ ਸੰਸਦ ਦੇ ਪ੍ਰਧਾਨ ਮੁਹੰਮਦ ਬਾਕਰ ਗਲੀਬਾਫ ਨੇ ਐਕਸ 'ਤੇ ਲਿਖਿਆ, ''ਸਾਡੀ ਫੌਜ ਕਿਸੇ ਵੀ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਤਿਆਰ ਹੈ।'' ਉਥੇ, ਈਰਾਨੀ ਸੰਸਦ ਦੀ ਰਾਸ਼ਟਰੀ ਸੁਰੱਖਿਆ ਕਮੇਟੀ ਮੁਖੀ ਇਬਰਾਹਿਮ ਅਜ਼ੀਜ਼ੀ ਨੇ ਕਿਹਾ ਕਿ ਤਹਿਰਾਨ ਨੇ ਹੋਰਮੁਜ਼ ਸਟ੍ਰੇਟ 'ਚ ਸਮੁੰਦਰੀ ਆਵਾਜਾਈ ਨੂੰ ਕੰਟਰੋਲ ਕਰਨ ਲਈ ਨਵਾਂ ਤੰਤਰ ਤਿਆਰ ਕੀਤਾ ਹੈ।

# ਸ਼ਿਕਾਗੋ 'ਚ ਭਾਰਤੀ ਵਿਦਿਆਰਥਣ ਦੀ ਮੌਤ

**ਵਾਸ਼ਿੰਗਟਨ:** ਅਮਰੀਕਾ 'ਚ ਸ਼ਿਕਾਗੋ ਦੇ ਨਜ਼ਦੀਕ ਇਕ ਸੜਕ ਹਾਦਸੇ 'ਚ 25 ਸਾਲ ਦੀ ਇਕ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ। ਹਾਦਸੇ 'ਚ ਛੇ ਹੋਰ ਜ਼ਖਮੀ ਹੋ ਗਏ। ਇਹ ਹਾਦਸਾ ਸ਼ਨਿਚਰਵਾਰ ਦੇਰ ਰਾਤ ਇੰਡੀਆਨਾ ਸੂਬੇ ਦੇ ਲੇਕ ਕਾਊਂਟੀ 'ਚ ਕ੍ਰਾਊਨ ਪੁਆਇੰਟ ਸ਼ਹਿਰ ਦੇ ਨਜ਼ਦੀਕ ਇੰਟਰਸਟੇਟ 65 ਹਾਈਵੇ 'ਤੇ ਵਾਪਰਿਆ। ਵਿਦਿਆਰਥਣ ਦੀ ਪਛਾਣ ਨਵਿਆ ਗਡੁਸੂ ਦੇ ਰੂਪ 'ਚ ਹੋਈ ਹੈ। ਦੱਸਣਯੋਗ ਹੈ ਕਿ ਸ਼ਿਕਾਗੋ 'ਚ ਭਾਰਤੀ ਮਹਾਵਣਜ ਦੂਤਘਰ ਨੇ ਐਕਸ (ਪਹਿਲਾਂ ਨਾਂ ਟਵਿਟਰ) ਉੱਤੇ ਪਾਈ ਗਈ ਪੋਸਟ 'ਚ ਕਿਹਾ ਕਿ ਸ਼ਿਕਾਗੋ ਦੇ ਨਜ਼ਦੀਕ ਸੜਕ ਹਾਦਸੇ 'ਚ ਭਾਰਤੀ ਵਿਦਿਆਰਥਣ ਨਿਵਿਆ ਗਡੁਸੂ ਦੇ ਦੇਹਾਂਤ 'ਤੇ ਅਸੀਂ ਬਹੁਤ ਦੁਖੀ ਹਾਂ। ਇਸ ਮੁਸ਼ਕਲ ਸਮੇਂ 'ਚ ਉਨ੍ਹਾਂ ਦੇ ਪਰਿਵਾਰ ਤੇ ਦੋਸਤਾਂ ਦੇ ਪ੍ਰਤੀ ਸਾਡੀਆਂ ਸੰਵੇਦਨਾਵਾਂ ਹਮੇਸ਼ਾ ਰਹਿਣਗੀਆਂ। ਉਨ੍ਹਾਂ ਨੇ ਪੋਸਟ ਰਾਹੀਂ ਕਿਹਾ ਕਿ ਅਸੀਂ ਮ੍ਰਿਤਕ ਪਰਿਵਾਰ ਦੇ ਨਾਲ-ਨਾਲ ਉਨ੍ਹਾਂ ਦੋਸਤਾਂ ਤੇ ਫਿਰਕੇ ਦੇ ਮੈਂਬਰਾਂ ਦੇ ਸੰਪਰਕ 'ਚ ਹਾਂ, ਜਿਹੜੇ ਹਾਦਸੇ 'ਚ ਜ਼ਖਮੀ ਹੋਏ ਲੋਕਾਂ ਦੀ ਮਦਦ ਕਰ ਰਹੇ ਹਨ।



## ਸੋਨੀਆ ਗਾਂਧੀ ਬਾਰੇ ਵੋਟਰ ਸੂਚੀ ਵਿਵਾਦ 'ਚ ਸੁਣਵਾਈ ਟਲੀ

**ਨਵੀਂ ਦਿੱਲੀ :** ਰਾਊਜ਼ ਐਵੇਨਿਊ ਸਥਿਤ ਵਿਸ਼ੇਸ਼ ਅਦਾਲਤ 'ਚ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਜੁੜੇ ਵੋਟਰ ਲਿਸਟ ਵਿਵਾਦ ਮਾਮਲੇ 'ਚ ਸੁਣਵਾਈ ਟਲ਼ ਗਈ ਹੈ। ਮਾਮਲੇ ਦੀ ਅਗਲੀ ਸੁਣਵਾਈ ਚਾਰ ਜੁਲਾਈ ਨੂੰ ਹੋਵੇਗੀ। ਪਟੀਸ਼ਨ 'ਚ ਦਾਅਵਾ ਕੀਤਾ ਗਿਆ ਹੈ ਕਿ ਸੋਨੀਆ ਗਾਂਧੀ ਨੂੰ ਭਾਰਤੀ ਨਾਗਰਿਕਤਾ 30 ਅਪ੍ਰੈਲ 1983 ਨੂੰ ਮਿਲੀ ਸੀ, ਜਦਕਿ ਉਨ੍ਹਾਂ ਦਾ ਨਾਂ ਸਾਲ 1980 ਦੀ ਨਵੀਂ ਦਿੱਲੀ ਵਿਧਾਨ ਸਭਾ ਖੇਤਰ ਦੀ ਵੋਟਰ ਸੂਚੀ 'ਚ ਦਰਜ ਹੋਇਆ ਸੀ।




**ਮਠਿਆਈ ਵਾਲੇ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।**

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਬੰਬੇ ਸਵੀਟਸ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।
*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਚਾਹਵਾਨ ਸੰਪਰਕ ਕਰੋ:
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635





**UMA TRAVELS**
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
**Call: 773-338-5603**


# Matrimonials

## ਲੜਕੇ ਦੀ ਲੋੜ ਹੈ

Jat Sikh family looking for a compatible match (Preferably Medico) for their daughter 32/5' 7", convent educated, MBBS (India), currently 1st year (Internal Medicine) residency in USA. From a Respectable India settled (Mohali) family, Father – Senior Retired Police officer, Mother very educated, only younger brother who is also a doctor. Please Contact us at: US +1 (708)774-2999, India :WhatsApp +919815306868

19-22

---

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

Very good looking gursikh Rehal Jatt boy 25', 6 feet tall is looking for suitable and green card or US citizen girl. He is in the US on Visitor visa, One sister settled in Canada. Convent education. Family belongs to district Patiala. Please contact us on 269-906-1331 or email- pcm68150@gmail.com

---

20-23

ਅਮਰੀਕਾ ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਵੈਸ਼ਨੋ, ਉਮਰ 38 ਸਾਲ, ਕੱਦ 5'-11", USA ਤੋਂ Master Degree Holder, ਸਾਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣਾ ਘਰ, Senior Software Product Leader ਵਜੋਂ ਜੌਬ, Green Card Filed, issueless divorce (four months marriage) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਉਣ ਲਈ ਤਿਆਰ ਹੋਵੇ) ਅਤੇ San Francisco Bay Area, California, ਰਹਿਣ ਲਈ ਤਿਆਰ ਹੋਵੇ, ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ। ਦੂਜੇ ਦੇਸ਼ਾਂ ਤੋਂ ਸਹੀ ਮੈਚ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਅੱਜ ਹੀ+1 (510) 558-5650 'ਤੇ ਕਾਲ ਕਰੋ ਜਾ +91 98993 79442 'ਤੇ ਵ੍ਹਟਸਐਪ ਕਰੋ ਜਾ singhmat001@gmail.com 'ਤੇ ਈਮੇਲ ਕਰੋ।

---

ਸੈਣੀ ਸਿੱਖ ਪਰਿਵਾਰ ਨੂੰ ਆਪਣੇ ਯੂ.ਐੱਸ. ਸਿਟੀਜ਼ਨ 32 ਸਾਲਾ, ਕੱਦ 5'6" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ San Diego ਵਿਖੇ ਇਕ ਸਾਫਟਵੇਅਰ ਕੰਪਨੀ ਵਿਚ ਇੰਜੀਨੀਅਰ ਹੈ। ਚਾਹਵਾਨ ਸੰਪਰਕ ਕਰਨ: 858-337-9369

---

19-22

USA-settled Jatt Sikh falimy seeking a suitable Jatt Sikh, match for their, 31 years, 5'9", son. He has done his Bachelor's degree in Information Technology. We shall prefer a girl between age 28–31, Height 5'6-5'8, Well-educated (college degree preferred) U.S. Citizen or Green Card holder. Contact: Ranjit Singh – +91 98150 16285.

19-22

---

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

---

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


**SUPER TRAVEL**
847-676-9090, 773-465-5566
E-mail: supertravel2003@live.com
Lowest Fares With Excellent Service

United Airlines
British Airways

For Emergency
Call anytime at
847-436-9010



EARLY BIRD SALE!!!!

Etihad, Air India,
KLM, Lufthansa,
Delta, Qatar Airlines.

Domestic fares available

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Corrspondents**
**Chicago**
Sukhpal Gill
**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਬੇਅਦਬੀ ਖ਼ਿਲਾਫ਼ ਸਾਰੇ ਸੂਬੇ ਸਖ਼ਤ ਕਾਨੂੰਨ ਬਣਾਉਣ: ਮਾਨ




**ਪਟਨਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੋਮਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ 'ਚ ਨਤਮਸਤਕ ਹੋਏ। ਇਸ ਦੌਰਾਨ ਉਨ੍ਹਾਂ ਨੇ ਪੰਜਾਬ, ਪੰਜਾਬੀਆਂ ਤੇ ਸਮੁੱਚੀ ਸਿੱਖ ਸੰਗਤ ਦੀ ਚੜ੍ਹਦੀ ਕਲਾ, ਖੁਸ਼ਹਾਲੀ ਤੇ ਭਲੇ ਲਈ ਅਰਦਾਸ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਬੇਅਦਬੀ ਦੇ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦਾ ਬਲ ਬਖ਼ਸ਼ਣ ਲਈ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਗੁਰਦੁਆਰਾ ਸਾਹਿਬ ਦੇ ਬਾਹਰ ਮੀਡੀਆ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਖ਼ਿਲਾਫ਼ ਸਭ ਤੋਂ ਸਖ਼ਤ ਕਾਨੂੰਨ ਬਣਾ ਕੇ ਗੁਰੂ ਸਾਹਿਬਾਨ ਦੇ ਸਤਿਕਾਰ ਦੀ ਰੱਖਿਆ ਕਰਨ ਦਾ ਰਸਤਾ ਪੂਰੇ ਦੇਸ਼ ਨੂੰ ਦਿਖਾਇਆ ਹੈ। ਉਨ੍ਹਾਂ ਹੋਰਨਾਂ ਸੂਬਾ ਸਰਕਾਰਾਂ ਨੂੰ ਵੀ ਬੇਅਦਬੀ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਟਨਾ ਸਾਹਿਬ ਦੀ ਪਵਿੱਤਰ ਧਰਤੀ 'ਤੇ ਮੱਥਾ ਟੇਕਣ ਮਗਰੋਂ ਮੈਂ ਨਵੀਂ ਊਰਜਾ ਮਹਿਸੂਸ ਕਰ ਰਿਹਾ ਹਾਂ। ਸੋਮਵਾਰ ਦੀ ਦੁਪਹਿਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪਹੁੰਚੇ ਮੁੱਖ ਮੰਤਰੀ ਨੇ ਗੁਰੂ ਘਰ 'ਚ ਬੈਠ ਕੇ ਸ਼ਬਦ ਕੀਰਤਨ ਸੁਣਿਆ ਤੇ ਬਾਅਦ 'ਚ ਲੰਗਰ ਛਕਿਆ। ਗੁਰਦੁਆਰਾ ਕੰਪਲੈਕਸ 'ਚ ਮੁੱਖ ਮੰਤਰੀ ਨੇ ਇੱਥੋਂ ਦੇ ਧਾਰਮਿਕ ਮਹੱਤਵ ਵਾਲੀਆਂ ਥਾਵਾਂ ਤੇ ਵਸਤਾਂ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਬਾਲ ਲੀਲਾ ਗੁਰਦੁਆਰਾ ਤੇ ਗੁਰੂ ਕਾ ਬਾਗ ਗੁਰਦੁਆਰੇ 'ਚ ਵੀ ਨਤਮਸਤਕ ਹੋ ਕੇ ਅਸ਼ੀਰਵਾਦ ਲਿਆ। ਮੈਨੇਜਿੰਗ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਜਨਰਲ ਸਕੱਤਰ ਇੰਦਰਜੀਤ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਬੁਲਾਰੇ ਸੁਦੀਪ ਸਿੰਘ ਸਮੇਤ ਹੋਰਨਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਮੁੱਖ ਮੰਤਰੀ ਨੂੰ ਦਰਬਾਰ ਸਾਹਿਬ 'ਚ ਗ੍ਰੰਥੀ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

## ਸੁਰਜੀਤ ਸਿੰਘ ਰੱਖੜਾ...

*(ਪਹਿਲੇ ਸਫ਼ੇ ਦਾ ਬਾਕੀ)*

ਨਵੀਨੀਕਰਨ ਦੀ ਮੰਗ ਰੱਖੀ। ਉਨ੍ਹਾਂ ਕਿਹਾ ਕਿ ਸਮਾਣਾ ਵਿਧਾਨ ਸਭਾ ਹਲਕਾ, ਮੇਰੇ ਲਈ ਸਿਰਫ਼ ਸਿਆਸੀ ਹਲਕਾ ਨਹੀਂ ਸਗੋਂ ਮੇਰਾ ਪਰਿਵਾਰ ਹੈ। ਇਸ ਸਮੇਂ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਓਐੱਸਡੀ ਮੁੱਖ ਮੰਤਰੀ ਰਾਜਵੀਰ ਘੁੰਮਣ, ਚੇਤਨ ਸਿੰਘ ਜੋੜਾਮਾਜਰਾ ਵਿਧਾਇਕ ਗੁਰਦੇਵ ਸਿੰਘ ਮਾਨ ਵਿਧਾਇਕ, ਹਰੀ ਸਿੰਘ ਨਾਭਾ, ਚਰਨਜੀਤ ਸਿੰਘ ਧਾਲੀਵਾਲ, ਸੁਖਵਿੰਦਰ ਸੁੱਖੀ ਰੱਖੜਾ, ਸੁੱਖੀ ਗਿੱਲ, ਦਿਲਸ਼ਾਦ ਸਿੱਧੂ, ਸਰਤਾਜ ਸਿੰਘ ਧਾਲੀਵਾਲ ਤੇ ਹਜ਼ਾਰਾਂ ਦੀ ਗਿਣਤੀ ਵਿਚ ਰੱਖੜਾ ਪਰਿਵਾਰ ਦੇ ਸਮਰਥਕ ਹਾਜ਼ਰ ਸਨ।

## ਬੇਅਦਬੀ ਕਾਨੂੰਨ ਦੀਆਂ...

*(ਪਹਿਲੇ ਸਫ਼ੇ ਦਾ ਬਾਕੀ)*

ਸਰਕਾਰੀ ਸਾਜ਼ਿਸ਼ ਇਕ ਕੌਮੀ ਚੁਣੌਤੀ ਬਣ ਗਈ ਹੈ, ਜਿਸ ਦਾ ਮੁਕਾਬਲਾ ਸਮੁੱਚੀ ਕੌਮ ਨੂੰ ਸਾਰੀਆਂ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਇਕਜੁਟਤਾ ਨਾਲ ਸਾਥ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬੇਅਦਬੀਆਂ ਨੂੰ ਰੋਕਣ ਦੇ ਕਾਨੂੰਨ ਦੇ ਨਾਂ 'ਤੇ ਸਿਆਸੀ ਦਾਅ ਖੇਡ ਕੇ ਪੰਜਾਬ ਦੇ ਹੋਰ ਸਾਰੇ ਤਰਜ਼ੀਹੀ ਮੁੱਦੇ ਅਣਗੌਲੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਬਲਜੀਤ ਸਿੰਘ, ਸਿੱਖ ਚਿੰਤਕ ਤਲਵਿੰਦਰ ਸਿੰਘ ਬੁੱਟਰ, ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਰਟੌਲ, ਪ੍ਰੋ. ਸੁਖਵਿੰਦਰ ਸਿੰਘ, ਇੰਦਰਜੀਤ ਸਿੰਘ ਬਾਬਾ ਬਕਾਲਾ ਅਤੇ ਸੰਤ ਮਹਾਂਵੀਰ ਸਿੰਘ ਤਾਜੇਵਾਲਾ ਨੇ ਵੀ ਸੰਬੋਧਨ ਕਰਦਿਆਂ ਸਤਿਕਾਰ ਸੋਧ ਕਾਨੂੰਨ ਨੂੰ ਸਿੱਖਾਂ ਅਤੇ ਸ਼ਬਦ ਗੁਰੂ ਵਿਚਾਲੇ ਸਰਕਾਰੀ ਨਿਗਰਾਨੀ ਵਾਲਾ ਕਰਾਰ ਦਿੰਦਿਆਂ ਸੰਗਤ ਨੂੰ ਜਾਗਰੂਕ ਹੋ ਕੇ ਇਸ ਵਿਚਲੀਆਂ ਦੋਸ਼ਪੂਰਨ ਮੱਦਾਂ ਦਾ ਖੁੱਲ੍ਹ ਕੇ ਵਿਰੋਧ ਕਰਨ ਦੀ ਗੱਲ ਆਖੀ।




# ਸੰਜੀਵ ਅਰੋੜਾ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜਿਆ

## ਪੰਜਾਬ-ਹਰਿਆਣਾ ਹਾਈ ਕੋਰਟ ਤੋਂ ਵੀ ਨਹੀਂ ਮਿਲੀ ਰਾਹਤ

**ਗੁਰੂਗ੍ਰਾਮ/ਚੰਡੀਗੜ੍ਹ:** ਫ਼ਰਜ਼ੀ ਜੀਐੱਸਟੀ ਬਿਲਿੰਗ ਤੇ ਮਨੀ ਲਾਂਡਿੰਗ ਮਾਮਲੇ 'ਚ ਈਡੀ ਵਲੋਂ ਨੌਂ ਮਈ ਨੂੰ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਦੇ ਉਦਯੋਗ ਮੰਤਰੀ ਸੰਜੀਵ ਅਰੋੜਾ ਨੂੰ ਗੁਰੂਗ੍ਰਾਮ ਦੀ ਪੀਐੱਮਐੱਲਏ ਦੀ ਵਿਸ਼ੇਸ਼ ਅਦਾਲਤ ਨੇ ਸੋਮਵਾਰ ਨੂੰ 14 ਦਿਨਾਂ ਲਈ ਨਿਆਇਕ ਹਿਰਾਸਤ 'ਚ ਭੇਜ ਦਿੱਤਾ। ਦੂਜੇ ਪਾਸੇ ਅਰੋੜਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਹਾਲੇ ਕੋਈ ਰਾਹਤ ਨਹੀਂ ਮਿਲੀ। ਅਰੋੜਾ ਨੇ ਆਪਣੀ ਗ੍ਰਿਫ਼ਤਾਰੀ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦੇ ਹੋਏ ਹਾਈ ਕੋਰਟ ਤੋਂ ਰਾਹਤ ਮੰਗੀ ਸੀ।

157.12 ਕਰੋੜ ਦੇ ਮੋਬਾਈਲ ਫੋਨ ਕਾਰੋਬਾਰ ਤੇ ਮਨੀ ਲਾਂਡਿੰਗ ਦੇ ਦੋਸ਼ 'ਚ ਈਡੀ ਵਲੋਂ ਗ੍ਰਿਫ਼ਤਾਰ ਕੀਤੇ ਗਏ ਸੰਜੀਵ ਅਰੋੜਾ ਨੂੰ ਦੋ ਦਿਨਾਂ ਦਾ ਰਿਮਾਂਡ ਖ਼ਤਮ ਹੋਣ ਦੇ ਬਾਅਦ ਗੁਰੂਗ੍ਰਾਮ ਦੀ ਪੀਐੱਮਐੱਲਏ ਦੀ ਵਿਸ਼ੇਸ਼ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਦੌਰਾਨ ਅਰੋੜਾ ਦੇ ਪਰਿਵਾਰਕ ਮੈਂਬਰ ਵੀ ਉੱਥੇ ਮੌਜੂਦ ਸਨ। ਅਰੋੜਾ ਪਰਿਵਾਰਕ ਮੈਂਬਰਾਂ ਨੂੰ ਮਿਲ ਕੇ ਭਾਵੁਕ ਹੋ ਗਏ। ਈਡੀ ਵਲੋਂ ਕਿਹਾ ਗਿਆ ਹੈ ਕਿ ਵਿੱਤੀ ਸਾਲ 2023-24 ਦੌਰਾਨ ਕੈਪਟਨ ਸਕਾਈ ਰੀਐਲਟੀ ਲਿਮਟਿਡ (ਐੱਚਐੱਸਆਰਐੱਲ) ਨੇ ਮੋਬਾਈਲ ਫੋਨ ਵਿਕਰੀ ਤੇ ਬਰਾਮਦ ਦਾ ਵੱਡਾ ਕਾਰੋਬਾਰ ਦਿਖਾਇਆ ਸੀ। ਜਾਂਚ 'ਚ ਸਾਹਮਣੇ ਆਇਆ ਕਿ ਮੋਬਾਈਲ ਫੋਨ ਸਪਲਾਈ ਕਰਨ ਵਾਲੀਆਂ ਕਈ ਕੰਪਨੀਆਂ ਕਾਗਜ਼ਾਂ 'ਚ ਹੀ ਹਨ। ਕਈ ਫਰਮਾਂ ਦਾ ਜੀਐੱਸਟੀ-ਰਜਿਸਟ੍ਰੇਸ਼ਨ ਰੱਦ ਹੈ ਜਾਂ ਫਿਰ ਮੁਅੱਤਲ ਹੈ। ਕੁਝ ਕੰਪਨੀਆਂ ਦੇ ਬਾਰੇ ਆਮਦਨ ਕਰ ਰਿਟਰਨ ਤੱਕ ਨਾ ਦਾਖ਼ਲ ਕਰਨ ਦੀ ਜਾਣਕਾਰੀ ਸਾਹਮਣੇ ਆਈ। ਇਸ ਆਧਾਰ 'ਤੇ ਈਡੀ ਨੇ ਸੰਜੀਵ ਅਰੋੜਾ ਨੂੰ ਨੌਂ ਮਈ ਨੂੰ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਸੀ।



### ਬਸੰਤ ਗਰਗ ਤੇ ਸੰਦੀਪ ਕੁਮਾਰ ਨਹੀਂ ਹੋਏ ਪੇਸ਼

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਦੇ ਸੀਐੱਮਡੀ ਬਸੰਤ ਗਰਗ ਤੇ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ, ਅਥਾਰਟੀ (ਗਮਾਡਾ) ਦੇ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ ਸੋਮਵਾਰ ਨੂੰ ਈਡੀ ਦੇ ਸਾਹਮਣੇ ਪੇਸ਼ ਨਹੀਂ ਹੋਏ। ਈਡੀ ਨੇ ਸੰਜੀਵ ਅਰੋੜਾ ਨਾਲ ਸਬੰਧਤ ਕੰਪਨੀ ਨੂੰ ਪੀਐੱਸਪੀਸੀਐੱਲ ਵਲੋਂ 1.96 ਕਰੋੜ ਦਾ ਫ਼ਾਇਦਾ ਪਹੁੰਚਾਉਣ ਦੇ ਦੋਸ਼ 'ਚ ਇਸ ਦੇ ਸੀਐੱਮਡੀ ਬਸੰਤ ਗਰਗ ਨੂੰ ਸੋਮਵਾਰ ਨੂੰ ਦਿੱਲੀ 'ਚ ਪੇਸ਼ ਹੋਣ ਦਾ ਸੰਮਨ ਜਾਰੀ ਕੀਤਾ ਸੀ। ਇਸੇ ਤਰ੍ਹਾਂ ਨਿਊ ਚੰਡੀਗੜ੍ਹ 'ਚ ਵੱਡੇ ਰੀਅਲ ਅਸਟੇਟ ਪ੍ਰੋਜਕਟਸ ਤੇ ਭੌਂ ਪ੍ਰਾਪਤੀ ਨਾਲ ਜੁੜੇ ਸੌਦਿਆਂ 'ਚ ਨਿਯਮਾਂ 'ਚ ਬਦਲਾਅ ਕਰ ਕੇ ਨਿੱਜੀ ਬਿਲਡਰਾਂ ਨੂੰ ਫ਼ਾਇਦਾ ਪਹੁੰਚਾਉਣ ਦੀ ਜਾਂਚ ਲਈ ਸੰਦੀਪ ਕੁਮਾਰ ਨੂੰ ਜਲੰਧਰ 'ਚ ਈਡੀ ਦਫ਼ਤਰ 'ਚ ਪੇਸ਼ ਹੋਣ ਲਈ ਕਿਹਾ ਸੀ। ਸੋਮਵਾਰ ਨੂੰ ਸੰਦੀਪ ਕੁਮਾਰ ਦੀ ਥਾਂ ਵਿਭਾਗ ਦੇ ਚਾਰ ਅਧਿਕਾਰੀ ਰਿਕਾਰਡ ਲੈ ਕੇ ਜਲੰਧਰ ਪਹੁੰਚੇ।



*ਪਰਿਵਾਰਕ ਮੈਂਬਰਾਂ ਨੂੰ ਮਿਲ ਕੇ ਭਾਵੁਕ ਹੋ ਗਏ।*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਅਮਰੀਕਾ 'ਚ ਗੌਤਮ ਅਡਾਨੀ ਨੂੰ ਰਾਹਤ



**ਨਵੀਂ ਦਿੱਲੀ:** ਅਡਾਨੀ ਸਮੂਹ ਦੇ ਚੇਅਰਮੈਨ ਗੌਤਮ ਅਡਾਨੀ ਤੇ ਉਨ੍ਹਾਂ ਦੇ ਭਤੀਜੇ ਸਾਗਰ ਅਡਾਨੀ ਨੂੰ ਅਮਰੀਕਾ ਵਿੱਚ ਇੱਕ ਵੱਡੀ ਕਾਨੂੰਨੀ ਰਾਹਤ ਮਿਲੀ ਹੈ। ਅਮਰੀਕੀ ਨਿਆਂ ਵਿਭਾਗ (ਡੀਓਜੇ) ਨੇ ਉਨ੍ਹਾਂ ਵਿਰੁੱਧ ਸਾਰੇ ਅਪਰਾਧਿਕ ਮਾਮਲਿਆਂ ਨੂੰ ਸਥਾਈ ਤੌਰ 'ਤੇ ਬੰਦ ਕਰ ਦਿੱਤਾ ਹੈ। ਇਸ ਨਾਲ ਨਿਊਯਾਰਕ 'ਚ ਹਾਈ-ਪ੍ਰੋਫਾਈਲ ਪ੍ਰਤੀਭੂਤੀਆਂ ਅਤੇ ਵਾਇਰ ਧੋਖਾਧੜੀ ਦੇ ਮਾਮਲੇ ਦਾ ਅੰਤ ਹੁੰਦਾ ਹੈ।

ਅਮਰੀਕੀ ਅਦਾਲਤ 'ਚ ਦਾਇਰ ਦਸਤਾਵੇਜ਼ਾਂ ਅਨੁਸਾਰ, ਨਿਆਂ ਵਿਭਾਗ ਨੇ ਕਿਹਾ ਕਿ ਮਾਮਲੇ ਦੀ ਸਮੀਖਿਆ ਕਰਨ ਤੋਂ ਬਾਅਦ, ਇਸਨੇ ਇਨ੍ਹਾਂ ਦੋਸ਼ਾਂ 'ਤੇ ਹੋਰ ਸਰੋਤ ਖਰਚ ਨਾ ਕਰਨ ਦਾ ਫੈਸਲਾ ਕੀਤਾ ਹੈ। ਅਦਾਲਤ ਨੇ 'ਪੱਖਪਾਤ ਨਾਲ' ਦੋਸ਼ ਨੂੰ ਵੀ ਖਾਰਜ ਕਰ ਦਿੱਤਾ, ਜਿਸਦਾ ਅਰਥ ਹੈ ਕਿ ਕੇਸ ਦੁਬਾਰਾ ਨਹੀਂ ਖੋਲ੍ਹਿਆ ਜਾ ਸਕਦਾ। ਇਹ ਮਾਮਲਾ 2024 ਵਿੱਚ ਉੱਠਿਆ। ਦੋਸ਼ ਇਹ ਸੀ ਕਿ ਅਡਾਨੀ ਸਮੂਹ ਨੇ ਭਾਰਤ ਵਿੱਚ ਸੂਰਜੀ ਊਰਜਾ ਪ੍ਰੋਜੈਕਟਾਂ ਨਾਲ ਸਬੰਧਤ ਇਕਰਾਰਨਾਮੇ ਪ੍ਰਾਪਤ ਕਰਨ ਲਈ ਇੱਕ ਤੇ ਕਥਿਤ ਰਿਸ਼ਵਤ ਯੋਜਨਾ ਬਾਰੇ ਅਮਰੀਕੀ ਨਿਵੇਸ਼ਕਾਂ ਤੋਂ ਜਾਣਕਾਰੀ ਛੁਪਾਈ ਸੀ।

ਹਾਲਾਂਕਿ, ਜਾਂਚ ਏਜੰਸੀਆਂ ਨੂੰ ਬਾਅਦ ਵਿੱਚ ਦੋਸ਼ਾਂ ਦਾ ਸਮਰਥਨ ਕਰਨ ਲਈ ਨਾਕਾਫ਼ੀ ਸਬੂਤ ਮਿਲੇ। ਰਿਪੋਰਟਾਂ ਅਨੁਸਾਰ, ਜਾਂਚ ਅਮਰੀਕਾ ਨਾਲ ਸਿੱਧੇ ਸਬੰਧ ਸਥਾਪਤ ਕਰਨ ਵਿੱਚ ਅਸਫਲ ਰਹੀ। ਅਡਾਨੀ ਪੱਖ ਦੀ ਨੁਮਾਇੰਦਗੀ ਕਰਨ ਵਾਲੀਆਂ ਕਈ ਵੱਡੀਆਂ ਅਮਰੀਕੀ ਕਾਨੂੰਨ ਫਰਮਾਂ ਨੇ ਅਦਾਲਤ 'ਚ ਦਲੀਲ ਦਿੱਤੀ ਕਿ ਮਾਮਲਾ ਪੂਰੀ ਤਰ੍ਹਾਂ ਭਾਰਤੀ ਹੈ ਤੇ ਅਮਰੀਕੀ ਪ੍ਰਤੀਭੂਤੀਆਂ ਕਾਨੂੰਨ ਇੱਥੇ ਲਾਗੂ ਨਹੀਂ ਹਨ।

ਬਚਾਅ ਪੱਖ ਨੇ ਇਹ ਵੀ ਦਲੀਲ ਦਿੱਤੀ ਕਿ ਨਿਵੇਸ਼ਕਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ ਤੇ ਸਾਰੀਆਂ ਵਿੱਤੀ ਜ਼ਿੰਮੇਵਾਰੀਆਂ ਸਮੇਂ ਸਿਰ ਪੂਰੀਆਂ ਕੀਤੀਆਂ ਗਈਆਂ। ਅਡਾਨੀ ਸਮੂਹ ਨਾਲ ਜੁੜੇ ਹੋਰ ਅਮਰੀਕੀ ਮਾਮਲਿਆਂ ਦਾ ਵੀ ਹਾਲ ਹੀ 'ਚ ਨਿਪਟਾਰਾ ਕੀਤਾ ਗਿਆ ਹੈ। ਯੂਐੱਸ ਸਿਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਨੇ ਸੈਟਲਮੈਂਟ ਸਮਝੌਤਿਆਂ ਰਾਹੀਂ ਨਿਵੇਸ਼ਕਾਂ ਨੂੰ ਪ੍ਰਦਾਨ ਕੀਤੀ ਗਈ ਜਾਣਕਾਰੀ ਨਾਲ ਸਬੰਧਤ ਸਿਵਲ ਦੋਸ਼ਾਂ ਦਾ ਨਿਪਟਾਰਾ ਕੀਤਾ। ਗੌਤਮ ਅਡਾਨੀ 6 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਲਈ ਸਹਿਮਤ ਹੋਏ ਤੇ ਸਾਗਰ ਅਡਾਨੀ 12 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਲਈ ਸਹਿਮਤ ਹੋਏ।




ਯੂਨਾਈਟਿਡ ਪੰਜਾਬੀ ਆਫ ਅਮੈਰੀਕਾ (ਯੂ.ਪੀ.ਏ.) ਵਲੋਂ ਲੰਘੇ ਐਤਵਾਰ ਵਿਸਾਖੀ ਮੇਲਾ ਕਰਵਾਇਆ ਗਿਆ। ਇਸ ਮੌਕੇ 20 ਤੋਂ ਵੱਧ ਟੀਮਾਂ ਨੇ ਰੰਗਾਰੰਗ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਦੌਰਾਨ ਹੋਏ ਡਾਂਸ ਮੁਕਾਬਲਿਆਂ ਵਿਚ 'ਅਸ਼ਕੇ ਭੰਗੜਾ ਕਲੱਬ ਸ਼ਿਕਾਗੋ' ਦੀ ਟੀਮ ਨੇ ਕੋਚ ਨਵਜੋਧ ਸਿੰਘ ਬਾਜਵਾ ਦੀ ਅਗਵਾਈ ਹੇਠ ਪਹਿਲਾ ਸਥਾਨ ਹਾਸਲ ਕੀਤਾ। ਤਸਵੀਰ ਵਿਚ ਜੇਤੂ ਟੀਮ ਦੇ ਬੱਚੇ ਆਪਣੇ ਕੋਚ ਨਾਲ ਨਜ਼ਰ ਆ ਰਹੇ ਹਨ।










SUPERIOR MACHINE PRODUCTS INC.

## HIRING for: CNC PROGRAMMER/ MACHINIST

**Superior Machine Products Inc.**

W226N781 Eastmound Dr, Ste. A, Waukesha, WI 53186

ਸੁਪੀਰੀਅਰ ਮਸ਼ੀਨ ਪ੍ਰੋਡਕਟਸ ਇੰਕ.ਕੰਪਨੀ ਵਿਚ ਸੀਐੱਨਸੀ ਪ੍ਰੋਗਰਾਮਰ/ਮਸ਼ੀਨਿਸਟ ਦੀ ਲੋੜ ਹੈ।

Established precision manufacturing company specializing in tool & die, patterns, permanent molds, and high-precision machined components is seeking a skilled CNC Programmer/Machinist.

**Responsibilities:**
- Program, set up, and operate CNC milling machines
- Machine complex, tight-tolerance parts
- Interpret blueprints and GD&T
- Optimize tooling and machining processes

**Requirements:**
- 5+ years' experience (10+ years preferred)
- Strong CNC milling and programming experience
- Mastercam and/or WorkNC preferred
- Lathe experience is a plus
- Tool & die or mold experience preferred

**What We Offer:**
- Competitive pay based on experience
- Stable, long-term opportunity
- Clean, well-equipped shop environment

**How to apply:** E-Mail at asharma@smpicnc.com, and/or call Sohinder Singh at (269) 220 4579

# ਈਰਾਨ ਦੇ ਨਵੇਂ ਸ਼ਾਂਤੀ ਪ੍ਰਸਤਾਵ ਉਪਰੰਤ ਅਮਰੀਕਾ ਵੱਲੋਂ ਪਾਬੰਦੀਆਂ ’ਚ ਢਿੱਲ ਦੇ ਸੰਕੇਤ



**ਨਵੀਂ ਦਿੱਲੀ:**ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਈਰਾਨ ਨੇ ਪਾਕਿਸਤਾਨ ਰਾਹੀਂ ਅਮਰੀਕਾ ਨੂੰ ਇੱਕ ਨਵਾਂ 14-ਨੁਕਾਤੀ ਸ਼ਾਂਤੀ ਪ੍ਰਸਤਾਵ ਭੇਜਿਆ ਹੈ। ਇਸ ਦੌਰਾਨ, ਈਰਾਨੀ ਮੀਡੀਆ ਨੇ ਦਾਅਵਾ ਕੀਤਾ ਕਿ ਅਮਰੀਕਾ ਨੇ ਈਰਾਨੀ ਕੱਚੇ ਤੇਲ ‘ਤੇ ਪਾਬੰਦੀਆਂ ਨੂੰ ਆਰਜ਼ੀ ਤੌਰ ‘ਤੇ ਢਿੱਲ ਦੇਣ ਦਾ ਸੰਕੇਤ ਦਿੱਤਾ ਹੈ। ਇਸ ਤੋਂ ਬਾਅਦ, ਸੋਮਵਾਰ ਨੂੰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਨਰਮ ਹੋ ਗਈਆਂ। ਇੱਕ ਦਿਨ ਪਹਿਲਾਂ ਹੀ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਚੇਤਾਵਨੀ ਦਿੱਤੀ ਸੀ ਕਿ ਸਮਾਂ ਖ਼ਤਮ ਹੋ ਰਿਹਾ ਹੈ ਤੇ ਤਹਿਰਾਨ ਨੂੰ ਜਲਦੀ ਫੈਸਲਾ ਲੈਣ ਦੀ ਲੋੜ ਹੈ। ਹਾਲਾਂਕਿ, ਯੂਏਈ ਦੇ ਬਰਾਕਾਰ ਪਰਮਾਣੂ ਪਲਾਂਟ ‘ਤੇ ਡਰੋਨ ਹਮਲੇ ਤੇ ਊਰਜਾ ਸਪਲਾਈ ‘ਚ ਵਿਘਨ ਦੇ ਡਰ ਕਾਰਨ ਬਾਜ਼ਾਰ ਬਹੁਤ ਅਸਥਿਰ ਰਿਹਾ। ਦਿਨ ਦੇ ਇੱਕ ਸਮੇਂ, ਕੱਚੇ ਤੇਲ ਦੀਆਂ ਕੀਮਤਾਂ ਤਿੰਨ ਪ੍ਰਤੀਸ਼ਤ ਵੱਧ ਕੇ 111 ਡਾਲਰ ਪ੍ਰਤੀ ਬੈਰਲ ਹੋ ਗਈਆਂ, ਜੋ ਕਿ 108 ਡਾਲਰ ਤੱਕ ਡਿੱਗ ਗਈਆਂ। ਤਣਾਅ ਕਾਰਨ ਗਲੋਬਲ ਸਟਾਕ ਬਾਜ਼ਾਰਾਂ ਵਿੱਚ ਵੀ ਗਿਰਾਵਟ ਆਈ।

ਰਾਇਟਰਜ਼ ਨੇ ਈਰਾਨ ਦੀ ਅਰਧ-ਸਰਕਾਰੀ ਨਿਊਜ਼ ਏਜੰਸੀ ਤਸਨੀਮ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ ਕਿ ਗੱਲਬਾਤ ਦੇ ਨਜ਼ਦੀਕੀ ਸੂਤਰਾਂ ਨੇ ਦਾਅਵਾ ਕੀਤਾ ਕਿ ਗੱਲਬਾਤ ਦੀ ਮਿਆਦ ਦੌਰਾਨ ਈਰਾਨ ‘ਤੇ ਤੇਲ ਪਾਬੰਦੀਆਂ ਹਟਾਉਣ ਲਈ ਨਵੇਂ ਅਮਰੀਕੀ ਪ੍ਰਸਤਾਵ ਤੇ ਸਹਿਮਤੀ ਪ੍ਰਗਟਾਈ ਗਈ ਸੀ। ਇਸ ਦੌਰਾਨ, ਪਾਕਿਸਤਾਨੀ ਸੂਤਰਾਂ ਨੇ ਕਿਹਾ ਕਿ ਇਸਲਾਮਾਬਾਦ ਨੇ ਈਰਾਨ ਦੇ ਸੋਧੇ ਹੋਏ ਪ੍ਰਸਤਾਵ ਨੂੰ ਅਮਰੀਕਾ ਨੂੰ ਭੇਜ ਦਿੱਤਾ ਹੈ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਨੇ ਪੁਸ਼ਟੀ ਕੀਤੀ ਕਿ ਪ੍ਰਸਤਾਵ ਪੇਸ਼ ਕੀਤਾ ਗਿਆ ਸੀ ਪਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ।

ਪਾਕਿਸਤਾਨੀ ਸੂਤਰਾਂ ਮੁਤਾਬਕ, ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਅਮਰੀਕਾ ਅਤੇ ਈਰਾਨ ਲਗਾਤਾਰ ਆਪਣੇ ਟੀਚੇ ਬਦਲ ਰਹੇ ਹਨ, ਜਿਸ ਨਾਲ ਸਹਿਮਤੀ ‘ਤੇ ਪਹੁੰਚਣਾ ਮੁਸ਼ਕਲ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਥਿਤੀ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਸਮਾਂ ਬਹੁਤ ਘੱਟ ਹੈ। ਏਐਨਆਈ ਮੁਤਾਬਕ, ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ਸ਼ਕੀਅਨ ਨੇ ਘਰੇਲੂ ਆਲੋਚਕਾਂ ਨੂੰ ਜਵਾਬ ਦਿੰਦੇ ਹੋਏ ਅਮਰੀਕਾ ਨਾਲ ਸਿੱਧੀ ਗੱਲਬਾਤ ਦੀ ਨੀਤੀ ਦਾ ਜ਼ੋਰਦਾਰ ਬਚਾਅ ਕੀਤਾ। ਉਨ੍ਹਾਂ ਕਿਹਾ ਕਿ ਸਿਰਫ਼ ਵਿਰੋਧ ਲਈ ਗੱਲਬਾਤ ਤੋਂ ਬਚਣਾ ਤਰਕਸੰਗਤ ਨਹੀਂ ਹੈਂ। ਪੇਜ਼ਕੀਅਨ ਨੇ ਪੁੱਛਿਆ ਕਿ ਜੇ ਅਸੀਂ ਗੱਲਬਾਤ ਨਹੀਂ ਕਰਦੇ, ਤਾਂ ਕੀ ਅਸੀਂ ਅੰਤ ਤੱਕ ਲੜਦੇ ਰਹਾਂਗੇ? ਉਨ੍ਹਾਂ ਕਿਹਾ ਕਿ ਈਰਾਨ ਆਪਣੀ ਪ੍ਰਭੂਸੱਤਾ ਤੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਦੇ ਹੋਏ ਸਤਿਕਾਰਯੋਗ ਢੰਗ ਨਾਲ ਗੱਲਬਾਤ ਜਾਰੀ ਰੱਖੇਗਾ। ਰਾਸ਼ਟਰਪਤੀ ਨੇ ਖੇਤਰੀ ਤਣਾਅ ਦੇ ਵਿਚਕਾਰ ਰਾਸ਼ਟਰੀ ਏਕਤਾ ਬਣਾਈ ਰੱਖਣ ਦੀ ਜ਼ਰੂਰਤ ‘ਤੇ ਵੀ ਜ਼ੋਰ ਦਿੱਤਾ।

### ਟਰੰਪ-ਨੇਤਨਯਾਹੂ ਨੇ ਈਰਾਨ ‘ਤੇ ਕੀਤੀ ਚਰਚਾ



ਨਿਊਯਾਰਕ ਟਾਈਮਜ਼ ਮੁਤਾਬਕ, ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫੋਨ ‘ਤੇ ਈਰਾਨ ਵਿਰੁੱਧ ਸੰਭਾਵੀ ਫ਼ੌਜੀ ਕਾਰਵਾਈ ‘ਤੇ ਚਰਚਾ ਕੀਤੀ। ਇਸ ਤੋਂ ਬਾਅਦ, ਨੇਤਨਯਾਹੂ ਨੇ ਖੇਤਰੀ ਸੁਰੱਖਿਆ ਸਥਿਤੀ ਤੇ ਸੰਭਾਵੀ ਫੌਜੀ ਤਿਆਰੀਆਂ ਦੀ ਸਮੀਖਿਆ ਕਰਨ ਲਈ ਇੱਕ ਕੈਬਨਿਟ ਮੀਟਿੰਗ ਬੁਲਾਈ। ਅਲ ਜਜ਼ੀਰਾ ਨੇ ਰਿਪੋਰਟ ਦਿੱਤੀ ਕਿ ਅਮਰੀਕਾ ਤੋਂ ਇਜ਼ਰਾਈਲ ਹਥਿਆਰ ਲੈ ਕੇ ਜਾਣ ਵਾਲੇ ਕਈ ਫੌਜੀ ਜਹਾਜ਼ਾਂ ਨੇ ਜਰਮਨੀ ਵਿੱਚ ਅਸਥਾਈ ਲੈਂਡਿੰਗ ਕੀਤੀ।

## ਡਾਲਰ ਦੇ ਮੁਕਾਬਲੇ ਪਹਿਲੀ ਵਾਰ ਰੁਪਿਆ 96 ਤੋਂ ਪਾਰ



**ਮੁੰਬਈ:**ਭੂ-ਸਿਆਸੀ ਤਣਾਅ ਅਤੇ ਡਾਲਰ ‘ਚ ਮਜ਼ਬੂਤੀ ਦੇ ਚੱਲਦੇ ਕੱਚੇ ਤੇਲ ਦੀਆਂ ਕੀਮਤਾਂ ਦੇ ਦਬਾਅ ‘ਚ ਭਾਰਤੀ ਕਰੰਸੀ ‘ਚ ਗਿਰਾਵਟ ਦਾ ਦੌਰ ਜਾਰੀ ਹੈ। ਸੋਮਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਏ ‘ਚ 54 ਪੈਸੇ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਤੇ ਇਹ 96.35 ਰੁਪਏ ਪ੍ਰਤੀ ਡਾਲਰ ‘ਤੇ ਬੰਦ ਹੋਈ। ਓਧਰ ਪੱਛਮੀ ਏਸ਼ੀਆ ‘ਚ ਜਾਰੀ ਤਣਾਅ ਅਤੇ ਅਮਰੀਕਾ ਵੱਲੋਂ ਈਰਾਨ ‘ਤੇ ਮੜ ਹਮਲੇ ਕੀਤੇ ਜਾਣ ਦੀਆਂ ਖ਼ਬਰਾਂ ਨਾਲ ਕੱਚੇ ਤੇਲ ਦੀਆਂ ਕੀਮਤਾਂ ‘ਚ ਤੇਜ਼ੀ ਜਾਰੀ ਹੈ। ਸੋਮਵਾਰ ਨੂੰ ਆਲਮੀ ਤੇਲ ਬੈਂਚਮਾਰਕ ਬੈਂਟ ਕਰੂਡ 0.73 ਫ਼ੀਸਦ ਦੀ ਤੇਜ਼ੀ ਨਾਲ 110.1 ਡਾਲਰ ਪ੍ਰਤੀ ਬੈਰਲ ‘ਤੇ ਪੁੱਜ ਗਿਆ।

# ਅਮਰੀਕਾ ਪਾਬੰਦੀ ਹਟਾਏ ਜਾਂ ਲਾ ਕੇ ਰੱਖੇ, ਰੂਸ ਤੋਂ ਤੇਲ ਦੀ ਖ਼ਰੀਦ ਜਾਰੀ ਰੱਖਾਂਗੇ: ਭਾਰਤ




**ਨਵੀਂ ਦਿੱਲੀ:**ਅਮਰੀਕਾ ਵਲੋਂ ਰੂਸੀ ਤੇਲ ਖ਼ਰੀਦ ‘ਤੇ ਦਿੱਤੀ ਗਈ ਛੋਟ ਦੀ ਮਿਆਦ 16-17 ਮਈ, 2026 ਨੂੰ ਖ਼ਤਮ ਹੋ ਗਈ, ਪਰ ਭਾਰਤ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਪਾਬੰਦੀ ਹਟਾਈ ਜਾਂ ਲਾ ਕੇ ਰੱਖੀ ਜਾਏ, ਰੂਸ ਤੋਂ ਕੱਚੇ ਤੇਲ ਦੀ ਖ਼ਰੀਦ ਜਾਰੀ ਰਹੇਗੀ।

ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲੇ ‘ਚ ਜੁਆਇੰਟ ਸਕੱਤਰ ਸੁਜਾਤਾ ਸ਼ਰਮਾ ਨੇ ਇਕ ਪ੍ਰੈੱਸ ਕਾਨਫਰੰਸ ‘ਚ ਕਿਹਾ ਕਿ ਅਮਰੀਕੀ ਪਾਬੰਦੀ ਤੋਂ ਮਿਲੀ ਛੋਟ ਅੱਗੇ ਜਾਰੀ ਰਹਿੰਦੀ ਹੈ ਜਾਂ ਹਨੀਂ, ਇਸ ਨਾਲ ਰੂਸ ਤੋਂ ਤੇਲ ਖ਼ਰੀਦਣ ਦੇ ਸਾਡੇ ਫ਼ੈਸਲੇ ‘ਤੇ ਕੋਈ ਅਸਰ ਨਹੀਂ ਪਵੇਗਾ। ਭਾਰਤ ਆਪਣੇ ਦੇਸ਼ ਦੀ ਊਰਜਾ ਜ਼ਰੂਰਤ ਦੇ ਹਿਸਾਬ ਨਾਲ ਤੇਲ ਖ਼ਰੀਦਦਾ ਹੈ। ਵੈਸੇ ਇਹ ਭਾਰਤ ਦਾ ਅਧਿਕਾਰਤ ਰੁਖ਼ ਰਿਹਾ ਹੈ ਕਿ ਉਹ ਬਗੈਰ ਕਿਸੇ ਬਾਹਰੀ ਦਬਾਅ ‘ਚ ਆਪਣੀਆਂ ਘਰੇਲੂ ਜ਼ਰੂਰਤਾਂ ਤੇ ਵਣਜ ਫ਼ੈਸਲਿਆਂ ਦੇ ਆਧਾਰ ‘ਤੇ ਤੇਲ ਦੀ ਖ਼ਰੀਦ ਕਰਦਾ ਹੈ, ਪਰ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਵਲੋਂ ਦੋ ਟੁੱਕ ਜਵਾਬ ਦੇਣ ਦੇ ਵੱਖ ਮਤਲਬ ਕੱਢੇ ਜਾਰ ਰਹੇ ਹਨ।

ਫਰਵਰੀ, 2022 ‘ਚ ਯੂਕਰੇਨ ‘ਤੇ ਰੂਸ ਦੇ ਹਮਲੇ ਤੋਂ ਬਾਅਦ ਤੋਂ ਭਾਰਤ ਨੇ ਰੂਸ ਤੋਂ ਵੱਡੇ ਪੱਧਰ ‘ਤੇ ਕੱਚੇ ਤੇਲ ਦੀ ਖ਼ਰੀਦ ਸ਼ੁਰੂ ਕੀਤੀ ਸੀ। ਕੁਝ ਹੀ ਮਹੀਨੀਆਂ ‘ਚ ਭਾਰਤ ਦੀ ਤੇਲ ਦਰਾਮਦ ‘ਚ ਰੂਸ ਦੀ ਹਿੱਸੇਦਾਰੀ 0.02 ਫ਼ੀਸਦ ਤੋਂ ਵਧ ਕੇ ਕੁਝ ਦਿਨ ਪਹਿਲਾਂ ਤੱਕ 40 ਫ਼ੀਸਦੀ ਤੱਕ ਹੋ ਗਈ। ਅਮਰੀਕਾ ਲਗਾਤਾਰ ਇਹ ਦਬਾਅ ਬਣਾ ਰਿਹਾ ਸੀ ਕਿ ਭਾਰਤ ਰੂਸ ਤੋਂ ਤੇਲ ਨਾ ਖ਼ਰੀਦੇ। ਅਮਰੀਕਾ ਦਾ ਕਹਿਣਾ ਹੈ ਕਿ ਰੂਸ ਤੇਲ ਵੇਚ ਕੇ ਜੰਗ ਦੀ ਤਿਆਰੀ ਕਰ ਰਿਹਾ ਹੈ। ਭਾਰਤ ਨੇ ਕਦੇ ਇਸ ਦਾ ਦਬਾਅ ਨਹੀਂ ਮੰਨਿਆ। ਬਾਅਦ ‘ਚ ਡੋਨਾਲਡ ਟਰੰਪ ਪ੍ਰਸ਼ਾਸਨ ਨੇ 2025 ‘ਚ ਭਾਰਤ ‘ਤੇ 25 ਫ਼ੀਸਦੀ ਪੈਨਲਟੀ ਟੈਰਿਫ ਦੀ ਧਮਕੀ ਦਿੱਤੀ ਤੇ ਰੂਸੀ ਤੇਲ ਖ਼ਰੀਦਣ ਵਾਲੇ ਦੇਸ਼ਾਂ ‘ਤੇ ਦਬਾਅ ਵਧਾਇਆ। ਇਸ ਦਾ ਕੁਝ ਅਸਰ ਭਾਰਤ ‘ਤੇ ਹੋਇਆ, ਕਿਉਂਕਿ ਨਵੰਬਰ-ਦਸੰਬਰ, 2025 ‘ਚ ਭਾਰਤ ਨੇ ਰੂਸ ਤੋਂ ਤੇਲ ਖ਼ਰੀਦ ਘੱਟ ਕਰ ਦਿੱਤੀ ਸੀ।

ਪਰ 2026 ‘ਚ ਈਰਾਨ ਜੰਗ ਤੇ ਹੋਰਮੁਜ਼ ਜਲਡਮਰੂਮੱਧ ‘ਚ ਰੁਕਾਵਟ ਦੇ ਕਾਰਨ ਵਿਸ਼ਵ ਸਪਲਾਈ ਪ੍ਰਭਾਵਿਤ ਹੋਣ ‘ਤੇ ਅਮਰੀਕਾ ਨੇ ਮਾਰਚ 2026 ‘ਚ ਭਾਰਤ ਨੂੰ ਉਕਤ ਪਾਬੰਦੀ ਤੋਂ 30 ਦਿਨਾਂ ਦੀ ਆਰਜ਼ੀ ਛੋਟ ਦਿੱਤੀ, ਜਿਸ ਨੂੰ ਬਾਅਦ ‘ਚ ਵਧਾ ਕੇ 16 ਮਈ, 2026 ਤੱਕ ਕੀਤਾ ਗਿਆ ਸੀ। ਹੁਣ ਇਹ ਛੋਟ ਖ਼ਤਮ ਹੋ ਗਈ ਹੈ।

# ਸਤੀਸ਼ਨ ਬਣੇ ਕੇਰਲਮ ਦੇ ਮੁੱਖ ਮੰਤਰੀ

## ਸਰਕਾਰ ਬਣਾਉਂਦੇ ਹੀ ਆਂਗਨਵਾੜੀ ਵਰਕਰਾਂ ਦੀ ਤਨਖ਼ਾਹ ’ਚ ਕੀਤਾ ਵਾਧਾ

**ਤਿਰੁਵਨੰਤਪੁਰਮ:**ਕੇਰਲਮ ਵਿਚ ਖੱਬੇਪੱਖੀ ਮੋਰਚੇ ਨੂੰ ਪਿੱਛੇ ਛੱਡ ਕੇ ਕਾਂਗਰਸ ਦੇ ਅਗਵਾਈ ਵਾਲੇ ਯੂਡੀਐੱਫ (ਯੂਨਾਈਟਿਡ ਡੈਮੋਕ੍ਰੇਟਿਕ ਫਰੰਟ) ਨੂੰ ਇਕ ਦਹਾਕੇ ਬਾਅਦ ਸੱਤਾ ਵਿਚ ਵਾਪਸ ਲਿਆਉਣ ਵਾਲੇ ਵੀਡੀ ਸਤੀਸ਼ਨ ਨੇ ਸੋਮਵਾਰ ਨੂੰ ਸੂਬੇ ਦੀ ਕਮਾਨ ਸੰਭਾਲ ਲਈ। ਮੁੱਖ ਮੰਤਰੀ ਸਤੀਸ਼ਨ ਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ 20 ਮੈਂਬਰਾਂ ਨੂੰ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਇਕ ਸਮਾਰੋਹ ਵਿਚ ਅਹੁਦੇ ਦੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਯੂਡੀਐੱਫ ਦੀ ਦੂਜੀ ਸਭ ਤੋਂ ਵੱਡੀ ਭਾਈਵਾਲ ਪਾਰਟੀ ਆਈਯੂਐੱਫਐੱਫ (ਇੰਡੀਅਨ ਯੂਨੀਅਨ ਮੁਸਲਿਮ ਲੀਗ) ਸਮੇਤ ਗੱਠਜੋੜ ਦੀਆਂ ਹੋਰ ਪਾਰਟੀਆਂ ਨੂੰ ਵੀ ਮੰਤਰੀ ਮੰਡਲ ਵਿਚ ਸਥਾਨ ਦਿੱਤਾ ਗਿਆ ਹੈ।

ਕਾਂਗਰਸ ਦੇ ਪ੍ਰਧਾਨ ਮੌਲਿਕਾਰਜੁਨ ਖੜਗੇ, ਪਾਰਟੀ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਵਾਂਡਰਾ ਸਮੇਤ ਕਈ ਹੋਰ ਲੋਕ ਸਹੁੰ ਚੁੱਕ ਸਮਾਰੋਹ ਵਿਚ ਮੌਜੂਦ ਰਹੇ। ਕਾਂਗਰਸ ਦੀ ਹਕੂਮਤ ਵਾਲੇ ਸੂਬਿਆਂ ਦੇ ਮੁੱਖ ਮੰਤਰੀ ਸਿੱਧਰਮਈਆ (ਕਰਨਾਟਕ), ਏ. ਰੇਵੰਤ ਰੈੱਡੀ (ਤੇਲੰਗਾਨਾ) ਅਤੇ ਸੁਖਵਿੰਦਰ ਸਿੰਘ ਸੁੱਖੂ (ਹਿਮਾਚਲ ਪ੍ਰਦੇਸ਼), ਕਰਨਾਟਕ ਦੇ ਉਪ ਮੁੱਖ ਮੰਤਰੀ ਡੀਕੇ ਸ਼ਿਵਕੁਮਾਰ ਵੀ ਇਸ ਮੌਕੇ ਸ਼ਾਮਲ ਹੋਏ। ਕੇਰਲਮ ਦੇ ਸਾਬਕਾ ਮੁੱਖ ਮੰਤਰੀ ਪਿਨਾਰਾਈ ਵਿਜੇਅਨ ਤੋਂ ਇਲਾਵਾ ਖੱਬੇ ਪੱਖੀ ਆਗੂ ਅਤੇ ਭਾਜਪਾ ਦੇ ਲੋਕ ਇਸ ਮੌਕੇ ਸ਼ਾਮਲ ਸਨ। ਕੇਰਲਮ ਦੇ ਵੱਖ-ਵੱਖ ਹਿੱਸਿਆਂ ਤੋਂ ਤਿਰੂਵਨੰਤਪੁਰਮ ਪਹੁੰਚੇ ਹਜ਼ਾਰਾਂ ਕਾਂਗਰਸੀ ਵਰਕਰ ਅਤੇ ਪਾਰਟੀ ਦੇ ਸਮਰਥਕ ਉਤਸ਼ਾਹ ਵਿਚ ਨਜ਼ਰ ਆਏ। ਸਹੁੰ ਚੁੱਕ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਕਈ ਸਿਆਸੀ ਵਰਕਰ ਢੋਲ ਦੀ ਥਾਪ ‘ਤੇ ਨੱਚਦੇ ਨਜ਼ਰੀਂ ਪਏ। ਮੰਤਰੀ ਮੰਡਲ ਵਿਚ ਮੁੱਖ ਮੰਤਰੀ ਸਤੀਸ਼ਨ ਸਮੇਤ 14 ਨਵੇਂ ਚਿਹਰੇ ਹਨ। 2001 ਤੋਂ ਪਰਵੂਰ ਹਲਕੇ ਤੋਂ ਚੁਣੇ ਜਾਣ ਦੇ ਬਾਵਜੂਦ, ਸਤੀਸ਼ਨ ਪਹਿਲੀ ਵਾਰ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਰਹੇ ਹਨ।




ਸਹੁੰ ਚੁੱਕ ਸਮਾਰੋਹ ਤੋਂ ਬਾਅਦ ਸਤੀਸ਼ਨ ਦੀ ਰਹਿਨੁਮਾਈ ਵਿਚ ਨਵੇਂ ਮੰਤਰੀ ਮੰਡਲ ਨੇ ਸੂਬਾ ਸਕੱਤਰੇਤ ਵਿਚ ਆਪਣੀ ਪਹਿਲੀ ਬੈਠਕ ਕੀਤੀ ਅਤੇ ਚੋਣ ਪ੍ਰਚਾਰ ਦੌਰਾਨ ਐਲਾਨੇ ਪੰਜ ਪ੍ਰੋਗਰਾਮਾਂ ਵਿੱਚੋਂ ਦੋ ਪ੍ਰੋਗਰਾਮਾਂ ਨੂੰ ਲਾਗੂ ਕਰਨ ਦਾ ਫ਼ੈਸਲਾ ਕੀਤਾ। ਇਨ੍ਹਾਂ ਵਿਚ 15 ਜੂਨ ਤੋਂ ਸੂਬਾ ਟਰਾਂਸਪੋਰਟ ਦੀਆਂ ਬੱਸਾਂ ਵਿਚ ਔਰਤ ਲਈ ਮੁਫ਼ਤ ਯਾਤਰਾ ਅਤੇ ਬਿਰਧਾਂ ਲਈ ਨੂੰ ਸਮਰਪਤ ਵਿਭਾਗ ਦਾ ਗਠਨ ਸ਼ਾਮਲ ਹੈ। ਆਸ਼ਾ ਕਰਮਚਾਰੀਆਂ ਨਾਲ ਕੀਤੇ ਗਏ ਵਾਅਦੇ ਨੂੰ ਪੂਰਾ ਕਰਦਿਆਂ, ਯੂਡੀਐੱਫ ਕੈਬਨਿਟ ਨੇ ਉਨ੍ਹਾਂ ਦੇ ਭੱਤੇ ਵਿਚ ਦੀ ਰਹਿਨੁਮਾਈ ਵਿਚ ਨਵੇਂ ਮੰਤਰੀ ਮੰਡਲ ਨੇ ਸੂਬਾ ਸਕੱਤਰੇਤ ਵਿਚ ਆਪਣੀ ਪਹਿਲੀ ਬੈਠਕ ਕੀਤੀ ਅਤੇ ਚੋਣ ਪ੍ਰਚਾਰ ਦੌਰਾਨ ਐਲਾਨੇ ਪੰਜ ਪ੍ਰੋਗਰਾਮਾਂ ਵਿੱਚੋਂ ਦੋ ਪ੍ਰੋਗਰਾਮਾਂ ਨੂੰ ਲਾਗੂ ਕਰਨ ਦਾ ਫ਼ੈਸਲਾ ਕੀਤਾ। ਇਨ੍ਹਾਂ ਵਿਚ 15 ਜੂਨ ਤੋਂ ਸੂਬਾ ਟਰਾਂਸਪੋਰਟ ਦੀਆਂ ਬੱਸਾਂ ਵਿਚ ਔਰਤ ਲਈ ਮੁਫ਼ਤ ਯਾਤਰਾ ਅਤੇ ਬਿਰਧਾਂ ਲਈ ਨੂੰ ਸਮਰਪਤ ਵਿਭਾਗ ਦਾ ਗਠਨ ਸ਼ਾਮਲ ਹੈ। ਆਸ਼ਾ ਕਰਮਚਾਰੀਆਂ ਨਾਲ ਕੀਤੇ ਗਏ ਵਾਅਦੇ ਨੂੰ ਪੂਰਾ ਕਰਦਿਆਂ, ਯੂਡੀਐੱਫ ਕੈਬਨਿਟ ਨੇ ਉਨ੍ਹਾਂ ਦੇ ਭੱਤੇ ਵਿਚਆਈਯੂਐੱਮਐੱਲ ਦੇ ਸੀਨੀਅਰ ਆਗੂ ਪੀਕੇ ਕੁੰਹਾਲੀਕੁੱਟੀ, ਆਰਐੱਸਪੀ (ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ) ਦੇ ਆਗੂ ਸ਼ਿਬੂ ਬੇਬੀ ਜਾਨ, ਕੇਰਲਮ ਕਾਂਗਰਸ ਦੇ ਆਗੂ ਐੱਮ ਜੋਸਫ, ਕੇਰਲਮ ਕਾਂਗਰਸ (ਜੈਕਬ ਗਰੁੱਪ) ਦੇ ਆਗੂ ਅਨੂਪ ਜੈਕਬ ਅਤੇ ਸੀਐੱਮਪੀ (ਕਮਿਊਨਿਸਟ (ਕਮਿਊਨਿਸਟ ਪਾਰਟੀ ਮਾਰਕਸਵਾਦੀ ਪਾਰਟੀ) ਦੇ ਆਗੂ ਕਾਮਰੇਡ ਸੀਪੀ ਜਾਨ ਨੇ ਵੀ ਮੰਤਰੀ ਵਜੋਂ ਸਹੁੰ ਚੁੱਕੀ। ਮੰਤਰੀ ਮੰਡਲ ਵਿਚ ਦੋ ਔਰਤਾਂ ਵੀ ਸ਼ਾਮਲ ਹਨ-ਇਕ ਹੈ ਵਿਧਾਇਕਾ ਬਿੰਦੂ ਕ੍ਰਿਸ਼ਨਾ ਅਤੇ ਦੂਜੀ ਹੈ ਵਿਧਾਇਕਾ ਕੇਏ ਤੁਸੀ, ਜੋ ਕਿ ਮੰਤਰੀ ਬਣੇ ਹਨ। ਸੂਬੇ ਵਿਚ ਔਰਤ-ਪੱਖੀ ਸ਼ਾਸਨ ਲਿਆਂਦ ਜਾ ਰਿਹਾ ਹੈ।

### ਦੋ ਮੰਤਰੀਆਂ ਨੇ ਰੱਬ ਦੇ ਨਾਂ ’ਤੇ ਨਹੀਂ ਚੁੱਕੀ ਸਹੁੰ



ਸਹੁੰ ਚੁੱਕੇ ਦੌਰਾਨ ਦੋ ਮੰਤਰੀਆਂ ਨੇ ਈਸ਼ਵਰ ਦੇ ਨਾਂ ‘ਤੇ ਸਹੁੰ ਚੁੱਕਣ ਦੀ ਬਜਾਏ ਆਧਿਕਾਰਤ ਸਹੁੰ ਚੁੱਕਣ ਦਾ ਬਦਲ ਚੁਣਿਆ। ਇਨ੍ਹਾਂ ਵਿਚ ਆਰਐੱਸਪੀ ਦੇ ਆਗੂ ਸ਼ਿਬੂ ਬੇਬੀ ਜਾਨ ਅਤੇ ਸੀਐੱਮਪੀ ਦੇ ਆਗੂ ਸੀਪੀ ਜਾਨ ਸ਼ਾਮਲ ਹਨ। ਇਹ ਦੋਵੇਂ ਆਗੂ ਖੱਬੇਪੱਖੀ-ਸਮਾਜਵਾਦੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਹਨ ਪਰ ਯੂਡੀਐੱਫ ਦੇ ਮੈਂਬਰ ਹਨ।



# ਚੀਨੀ ਦੌਰੇ ਮਗਰੋਂ ਟਰੰਪ ਦੇ ਬਿਆਨ ਨਾਲ ਅਮਰੀਕਾ ਦੀ 'ਰਣਨੀਤਕ ਅਸਪੱਸ਼ਟਤਾ' 'ਤੇ ਉਠੇ ਸਵਾਲ

**ਬੀਜਿੰਗ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਦੋ ਰੋਜ਼ਾ ਚੀਨ ਯਾਤਰਾ ਦੁਨੀਆਵੀ ਕੂਟਨੀਤੀ 'ਚ ਵੱਡੇ ਬਦਲਾਅ ਦੇ ਸੰਕੇਤ ਦੇ ਰਹੀ ਹੈ। ਯਾਤਰਾ ਦੌਰਾਨ



ਤਾਈਵਾਨ ਮਸਲੇ 'ਤੇ ਟਰੰਪ ਦੇ ਬਿਆਨ ਨਾਲ ਅਮਰੀਕਾ ਦੀ ਦਹਾਕਿਆਂ ਪੁਰਾਣੀ 'ਰਣਨੀਤਕ ਅਸਪੱਸ਼ਟਤਾ' ਨੀਤੀ 'ਚ ਨਰਮੀ ਦੇ ਸੰਕੇਤ ਮਿਲੇ ਹਨ। ਟਰੰਪ ਨੇ ਕਿਹਾ ਕਿ ਅਮਰੀਕਾ ਤਾਈਵਾਨ ਦੀ ਆਜ਼ਾਦੀ ਲਈ '9,500 ਮੀਲ (ਲਗਭਗ 15 ਹਜ਼ਾਰ ਕਿਮੀ) ਦੂਰ ਜਾ ਕੇ ਯੁੱਧ ਲੜਨ ਦੇ ਹੱਕ 'ਚ ਨਹੀਂ ਹੈ।'

ਫਾਕਸ ਨਿਊਜ਼ ਨੂੰ ਦਿੱਤੇ ਇੰਟਰਵਿਊ 'ਚ ਟਰੰਪ ਨੇ ਤਾਈਵਾਨ ਨੂੰ ਰਸਮੀ ਆਜ਼ਾਦੀ ਦੀ ਦਿਸ਼ਾ 'ਚ ਕਦਮ ਵਧਾਉਣ ਤੋਂ ਆਗਾਹ ਕਰਦਿਆਂ ਕਿਹਾ ਕਿ ਉਹ ਮੌਜੂਦਾ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ, ''ਮੈਂ ਨਹੀਂ ਚਾਹੁੰਦਾ ਕਿ ਕੋਈ ਆਜ਼ਾਦੀ ਐਲਾਨ ਕਰੇ ਤੇ ਫਿਰ ਅਮਰੀਕਾ ਨੂੰ ਹਜ਼ਾਰਾਂ ਮਸਲਾ ਰਿਹਾ ਹੈ। ਉਨ੍ਹਾਂ ਅਨੁਸਾਰ, ਚੀਨ ਤਾਈਵਾਨ 'ਤੇ ਕਬਜ਼ਾ ਕਰਨ ਤੋਂ ਵੱਧ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਕਿ ਤਾਈਵਾਨ ਖ਼ੁਦ ਨੂੰ ਰਸਮੀ ਤੌਰ 'ਤੇ ਆਜ਼ਾਦ ਰਾਸ਼ਟਰ ਐਲਾਨ ਨਾ ਕਰੇ।

ਟਰੰਪ ਨੇ ਦਾਅਵਾ ਕੀਤਾ ਕਿ ਤਾਈਵਾਨ ਦੀ ਅਗਵਾਈ ਇਹ ਸਮਝ ਕੇ ਆਜ਼ਾਦੀ ਵੱਲ ਵੱਧ ਰਹੀ ਹੈ ਕਿ ਅਮਰੀਕਾ ਫੌਜੀ ਸਮਰਥਨ ਦੇਵੇਗਾ।ਸ਼ੀ ਜਿਨਪਿੰਗ ਨੇ ਟਰੰਪ ਨਾਲ ਗੱਲਬਾਤ 'ਚ ਕਿਹਾ ਕਿ ਦੋ ਪੱਖੀ ਸਬੰਧਾਂ ਦੀ ਸਥਿਰਤਾ ਕਾਫੀ ਹੱਦ ਤੱਕ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਤਾਈਵਾਨ ਮਸਲੇ ਨੂੰ ਕਿੰਨੀ ਸਮਝਦਾਰੀ ਨਾਲ ਸੰਭਾਲਿਆ ਜਾਂਦਾ ਹੈ। ਚੀਨ ਨੇ ਦੁਹਰਾਇਆ ਕਿ 'ਤਾਈਵਾਨ ਦੀ ਆਜ਼ਾਦੀ ਅਤੇ ਤਾਈਵਾਨ ਜਲਡਮਰੂਮੱਧ ਵਿਚ ਸ਼ਾਂਤੀ ਨਾਲ-ਨਾਲ ਨਹੀਂ ਚੱਲ ਸਕਦੀਆਂ। ਬੀਜਿੰਗ ਨੇ ਕਿਹਾ ਕਿ ਜਲਡਮਰੂਮੱਧ 'ਚ ਸ਼ਾਂਤੀ ਬਰਕਰਾਰ ਰੱਖਣਾ ਚੀਨ ਤੇ ਅਮਰੀਕਾ ਦੇ ਸਾਂਝੇ ਹਿੱਤ 'ਚ ਹੈ।

## ਤਾਈਵਾਨ 'ਤੇ ਕੀ ਹੈ ਅਮਰੀਕੀ ਨੀਤੀ

ਅਮਰੀਕਾ 'ਵਨ ਚਾਈਨਾ ਨੀਤੀ ਨੂੰ. ਅਧਿਕਾਰਿਕ ਮਾਨਤਾ ਦਿੰਦਾ ਹੈ ਪਰ ਤਾਈਵਾਨ ਨਾਲ ਇਸਦੇ ਗ਼ੈਰ-ਰਸਮੀ ਸਬੰਧ ਬਣੇ ਰਹਿੰਦੇ ਹਨ। ਤਾਈਵਾਨ ਸਬੰਧ ਐਕਟ ਤਹਿਤ ਅਮਰੀਕਾ ਤਾਈਵਾਨ ਨੂੰ ਰੱਖਿਆ ਸਹਾਇਤਾ ਤੇ ਹਥਿਆਰ ਉਪਲਬਧ ਕਰਵਾਉਂਦਾ ਹੈ। ਅਮਰੀਕੀ ਕਾਂਗਰਸ ਦੇ ਰਿਕਾਰਡ ਅਨੁਸਾਰ, ਟਰੰਪ ਪ੍ਰਸ਼ਾਸਨ ਦੀ 2025 ਦੀ ਰਾਸ਼ਟਰ ਸੁਰੱਖਿਆ ਰਣਨੀਤੀ 'ਚ ਤਾਈਵਾਨ ਨੂੰ ਲੈ ਕੇ ਕਿਸੇ ਵੀ ਇਕ ਪੱਖੀ ਬਦਲਾਅ ਦਾ ਵਿਰੋਧ ਦੁਹਰਾਇਆ ਗਿਆ ਹੈ। ਨਾਲ ਹੀ ਕਿਹਾ ਗਿਆ ਹੈ ਕਿ ਤਾਈਵਾਨ ਨੂੰ ਲੈ ਕੇ ਸੰਘਰਸ਼ ਰੋਕਣਾ ਅਮਰੀਕਾ ਦੀਆਂ ਪਹਿਲਕਦਮੀਆਂ 'ਚ ਸ਼ਾਮਲ ਹੈ। ਸ਼ੀ ਨਾਲ ਬੈਠਕ ਨੂੰ ਟਰੰਪ ਨੇ ਦੱਸਿਆ 'ਜੀ-2' ਪੀਟੀਆਈ ਅਨੁਸਾਰ ਟਰੰਪ ਨੇ ਚੀਨ ਯਾਤਰਾ ਤੋਂ ਵਾਪਸ ਆਉਣ ਦੇ ਬਾਅਦ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਹੋਈ ਬੈਠਕ ਨੂੰ ''ਜੀ-2'' ਕਰਾਰ ਦਿੱਤਾ।

# ਅਮਰੀਕੀ ਮੀਡੀਆ ਨਾਲ ਭਿੜੇ ਡੋਨਲਡ ਟਰੰਪ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਯੁੱਧ ਸੰਬੰਧੀ ਅਮਰੀਕੀ ਮੀਡੀਆ 'ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਨੇ ਖਾਸ ਤੌਰ 'ਤੇ ਨਿਊਯਾਰਕ ਟਾਈਮਜ਼, ਵਾਲ ਸਟਰੀਟ ਜਰਨਲ ਤੇ ਸੀਐੱਨਐੱਨ ਦੀ ਰਿਪੋਰਟਿੰਗ 'ਤੇ ਸਵਾਲ ਉਠਾਏ ਹਨ, ਉਨ੍ਹਾਂ 'ਤੇ ਈਰਾਨ ਬਾਰੇ ਗੁੰਮਰਾਹਕੁੰਨ ਖ਼ਬਰਾਂ ਫੈਲਾਉਣ ਦਾ ਦੋਸ਼ ਲਗਾਇਆ ਹੈ। ਸੋਮਵਾਰ ਨੂੰ ਆਪਣੇ ਇੰਟਰਨੈੱਟ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ 'ਤੇ ਇੱਕ ਪੋਸਟ 'ਚ, ਟਰੰਪ ਨੇ ਕਿਹਾ ਕਿ ਭਾਵੇਂ ਈਰਾਨ ਪੂਰੀ ਤਰ੍ਹਾਂ ਆਤਮ ਸਮਰਪਣ ਕਰ ਦਿੰਦਾ ਹੈ, ਉਸਦੀ ਜਲ ਸੈਨਾ ਅਤੇ ਹਵਾਈ ਸੈਨਾ ਤਬਾਹ ਹੋ ਜਾਂਦੀ ਹੈ, ਫੌਜੀ ਲੀਡਰਸ਼ਿਪ ਆਤਮ ਸਮਰਪਣ ਕਰ ਦਿੰਦੀ ਹੈ, ਅਤੇ ਰਸਮੀ ਦਸਤਾਵੇਜ਼ਾਂ 'ਤੇ ਦਸਤਖਤ ਕੀਤੇ ਜਾਂਦੇ ਹਨ, ਅਮਰੀਕੀ ਮੀਡੀਆ ਫਿਰ ਵੀ ਇਸਨੂੰ ਈਰਾਨ ਲਈ ਇੱਕ ਸ਼ਾਨਦਾਰ ਜਿੱਤ ਵਜੋਂ ਪੇਸ਼ ਕਰੇਗਾ। ਉਨ੍ਹਾਂ ਨੇ ਇੱਕੋ ਸਮੇਂ ਡੈਮੋਕ੍ਰੇਟਿਕ ਨੇਤਾਵਾਂ ਤੇ ਮੀਡੀਆ ਆਉਟਲੈਟਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਦੋਵੇਂ ਪੂਰੀ ਤਰ੍ਹਾਂ ਭਟਕ ਗਏ ਹਨ। ਟਰੰਪ ਨੇ ਲਿਖਿਆ, "ਡੈਮੋਕ੍ਰੇਟ ਅਤੇ ਮੀਡੀਆ ਪੂਰੀ ਤਰ੍ਹਾਂ ਪਾਗਲ ਹੋ ਗਏ ਹਨ।"

# 'ਅਮੈਰੀਕਨ ਸਿੱਖ ਕਮਿਊਨਿਟੀ' ਸੰਸਥਾ ਨੇ ਸਿੱਖ ਪਛਾਣ ਨੂੰ ਮੁੱਖ ਧਾਰਾ ਵਿਚ ਲੈ ਕੇ ਆਉਣ ਲਈ ਵੱਖ-ਵੱਖ ਸੰਸਥਾਵਾਂ ਤੋਂ ਸਹਿਯੋਗ ਮੰਗਿਆ

ਇੱਥੋਂ ਦੀ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦੀ ਸੰਸਥਾ 'ਅਮੈਰੀਕਨ ਸਿੱਖ ਕਮਿਊਨਿਟੀ' ਅਮਰੀਕਾ ਵਿਚ ਸਿੱਖਾਂ ਭਾਈਚਾਰੇ ਦੀਆਂ ਪ੍ਰਾਪਤੀਆਂ ਅਤੇ ਸਿੱਖਾਂ ਦੀ ਪਛਾਣ ਨੂੰ ਉਜਾਗਰ ਕਰਨ ਲਈ ਲਗਾਤਾਰ ਉਪਰਾਲੇ ਕਰਦੀ ਆ ਰਹੀ ਹੈ। ਸੰਸਥਾ ਵਲੋਂ ਵੱਖ ਵੱਖ ਪਰੇਡ ਵਿਚ ਵੀ ਹਿੱਸਾ ਲਿਆ ਜਾਂਦਾ ਹੈ। ਸੰਸਥਾ ਵਲੋਂ ਵੱਖ-ਵੱਖ ਧਾਰਮਿਕ, ਸੱਭਿਆਚਾਰਕ ਅਤੇ ਖੇਡ ਸੰਸਥਾਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਮੱਖ ਧਾਰਾ ਵਿਚ ਸਿੱਖ ਪਛਾਣ ਨੂੰ ਉਜਾਗਰ ਕਰਨ ਲਈ ਉਨ੍ਹਾਂ ਦਾ ਸਹਿਯੋਗ ਕਰਨ। ਅਮੈਰੀਕਨ ਸਿੱਖ ਕਮਿਊਨਿਟੀ ਸਾਲ 2014 ਤੋਂ ਮੈਮੋਰੀਅਲ ਡੇਅ ਪਰੇਡ ਸ਼ਿਕਾਗੋ, ਸਾਲ 2013 ਤੋਂ ਸ਼ਾਮਬਰਗ ਮੈਮੋਰੀਅਲ ਡੇਅ ਪਰੇਡ ਅਤੇ ਸਾਲ 2022 ਤੋਂ ਨੇਪਰਵਿਲ ਮੈਮੋਰੀਅਲ ਡੇਅ ਪਰੇਡ ਵਿਚ ਹਿੱਸਾ ਲੈਂਦੀ ਆ ਰਹੀ ਹੈ। ਇਸ ਵਾਰ ਸੰਸਥਾ ਵਲੋਂ 23 ਮਈ 2026 ਨੂੰ ਸ਼ਿਕਾਗੋ ਅਤੇ 25 ਮਈ 2026 ਨੂੰ ਸ਼ਾਮਬਰਗ ਅਤੇ ਨੇਪਰਵਿਲ ਮੈਮੋਰੀਅਲ ਡੇਅ ਪਰੇਡ ਵਿਚ ਹਿੱਸਾ ਲਿਆ ਜਾਵੇਗਾ। ਪਰੇਡ ਵਿਚ ਹਿੱਸਾ ਲੈਣ ਵਾਲਿਆਂ ਲਈ ਡਰੈੱਸ ਕੋਡ ਰੱਖਿਆ ਗਿਆ ਹੈ, ਜੋ ਪੁਰਸ਼ਾਂ ਲਈ ਕਾਲੀ ਪੈਂਟ, ਲਾਲ/ਨਾਭੀ ਦਸਤਾਰ ਅਮੈਰੀਕਨ ਥੀਮ ਸ਼ਰਟ ਅਤੇ ਔਰਤਾਂ ਲਈ ਚਿੱਟੀ ਸਲਵਾਰ ਕਮੀਜ਼ ਅਤੇ ਲਾਲ ਚੁੰਨੀ ਹੈ। ਹੋਰ ਜਾਣਕਾਰੀ ਲਈ ਸਰਵਣ ਸਿੰਘ ਨਾਲ ਫੋਨ ਨੰਬਰ 224-628-5522 'ਤੇ ਸੰਪਰਕ ਕੀਤਾ ਜਾ ਸਕਦਾ ਹੈ।




American Sikh Community
a partner in Memorial Day observance
WWW.AmericanSikhCommunity.Com

Request to all religious, cultural and sports organizations to join in the following events to show support for "Sikh Identity" in the main stream.

Dress Code for Parades
Men: Black Pant, Red/Maroon Dastar, American Theme Shirt with collar
Women: White Salwar-Kameez, Maroon Chunni

American Sikh Community participating in Memorial Day parade in Chicago Since 2014
Assembly: Wacker Dr. (between Clark St. and Lasalle St.)
Saturday, May 23, 2026 Time 12:00PM

The American Sikh Community Participating in Schaumburg Memorial Day Parade Since 2013
Location: Saint Peter Church
202 E. Schaumburg Rd,
Schaumburg, IL. 60193
Monday, May 25, 2026 Time 10:00AM
After the Memorial Day observance, you are cordially invited for refreshments. Volunteers are most welcome.

American Sikh Community ILSCC Participating in Memorial Day Parade Since 2022
Naperville, IL Memorial Day Parade
Monday May 25, 2026 Time 9:30AM
Assembly: 500 W Jefferson Ave, Naperville, IL 60540
Amarjit Singh MBA 630-886-9191 or Wheaton Gurdwara 630-510-9700



"In the last two world wars, 83,005 turban-wearing Sikh soldiers killed and 109,045 were wounded for the freedom of Britain and the world during shell fire, with no other protection but the turban, the symbol of their faith."
-General Sir Frank Messervy



For further info. contact:
S. Thakar Singh Basati Ph: 847-736-6092
S. Rajinderbir Singh Mago Ph: 630-440-7730
Dr. Pardeep Singh Gill Ph: 847-989-5723
S. Kuldip Singh Makker Ph: 847-843-2518
S. Sarwan Singh Ph: 224-628-5522
S. Amrik Pal Singh Ph: 312-608-0006
S. Aytar Singh Aulakh Ph: 630-935-7370



ਪੰਜਾਬ ਟਾਈਮਜ਼

23 ਮਈ, ਸ਼ਨਿਚਰਵਾਰ

# ਬਿਹਾਰ ਅਤੇ ਬੰਗਾਲ ਤੋਂ ਬਾਅਦ...

ਬਿਹਾਰ ਅਤੇ ਬੰਗਾਲ ਤੋਂ ਬਾਅਦ ਪੰਜਾਬ ਸਮੇਤ 19 ਰਾਜਾਂ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) ਆਰੰਭ ਹੋ ਚੁੱਕੀ ਹੈ। ਇਸ ਸੰਬੰਧ ਵਿਚ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਨੇ ਰਾਜ ਦੀਆਂ ਰਜਿਸਟਰਡ ਤੇ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਚੰਡੀਗੜ੍ਹ ਵਿਚ ਵਿਸ਼ੇਸ਼ ਮੀਟਿੰਗ ਵੀ ਕਰ ਲਈ ਹੈ। ਉਸ ਨੇ ਸਿਆਸੀ ਪਾਰਟੀਆਂ ਨੂੰ ਕਿਹਾ ਹੈ ਕਿ ਉਹ ਆਪੋ-ਆਪਣੇ ਬੂਥ ਪੱਧਰ ਦੇ ਏਜੰਟ (ਬੀ.ਐਲ.ਏ.) ਨਿਯੁਕਤ ਕਰ ਦੇਣ, ਤਾਂ ਜੋ ਉਹ ਚੋਣ ਕਮਿਸ਼ਨ ਵਲੋਂ ਨਿਯੁਕਤ ਕੀਤੇ ਗਏ ਬੂਥ ਪੱਧਰ ਦੇ ਅਫ਼ਸਰਾਂ (ਬੀ.ਐਲ.ਓਜ਼.) ਨਾਲ ਮਿਲ ਕੇ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੇ ਅਮਲ ਨੂੰ ਨੇਪਰੇ ਚਾੜ੍ਹ ਸਕਣ ਅਤੇ ਸਮੇਂ-ਸਮੇਂ 'ਤੇ ਲੋੜ ਅਨੁਸਾਰ ਉਹ ਆਪਸ ਵਿਚ ਸੰਪਰਕ ਵੀ ਰੱਖ ਸਕਣ।

25 ਜੂਨ ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰੋ-ਘਰੀਂ ਜਾ ਕੇ ਵੋਟਰਾਂ ਦੇ ਫਾਰਮ ਭਰਾਉਣਗੇ। ਇਸ ਲਈ 24,453 ਬੀ.ਐਲ.ਓਜ਼, 2476 ਸੁਪਰਵਾਈਜ਼ਰ, 117 ਇਲੈਕਟੋਰਲ ਰਜਿਸਟ੍ਰੇਸ਼ਨ ਆਫੀਸਰ (ਈ.ਆਰ.ਓਜ਼) ਅਤੇ 234 ਅਸਿਸਟੈਂਟ ਇਲੈਕਟੋਰਲ ਆਫੀਸਰ (ਏ.ਈ.ਆਰ.ਓਜ਼) ਨਿਯੁਕਤ ਕੀਤੇ ਗਏ ਹਨ। ਸੂਬੇ ਦੇ ਦਿਹਾਤੀ ਇਲਾਕਿਆਂ ਵਿਚ 89.58 ਫ਼ੀਸਦੀ ਮੈਪਿੰਗ ਹੋ ਚੁੱਕੀ ਹੈ, ਜਦਕਿ ਸ਼ਹਿਰੀ ਖੇਤਰਾਂ ਵਿਚ 73 ਫ਼ੀਸਦੀ ਮੈਪਿੰਗ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਵੋਟਰ ਸੂਚੀਆਂ ਦੀ ਇਸ ਗਹਿਰੀ ਸੁਧਾਈ ਲਈ ਰਾਜ ਵਿਚ 2003 ਵਿਚ ਵੋਟਰ ਸੂਚੀਆਂ ਦੀ ਹੋਈ ਵਿਸ਼ੇਸ਼ ਗਹਿਰੀ ਸੁਧਾਈ ਉਪਰੰਤ ਤਿਆਰ ਕੀਤੀਆਂ ਗਈਆਂ ਵੋਟਰ ਸੂਚੀਆਂ ਨੂੰ ਆਧਾਰ ਬਣਾਇਆ ਜਾ ਰਿਹਾ ਹੈ। ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਵੇਲੇ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਸੁਪਰੀਮ ਕੋਰਟ ਦੇ ਵਾਰ-ਵਾਰ ਦਖ਼ਲ ਦੇਣ ਦੇ ਬਾਵਜੂਦ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦਾ ਅਮਲ ਠੀਕ ਤਰ੍ਹਾਂ ਨੇਪਰੇ ਨਹੀਂ ਚੜ੍ਹ ਸਕਿਆ। ਦੋਵਾਂ ਰਾਜਾਂ ਵਿਚ ਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਤੋਂ ਬਾਅਦ ਜਿਹੜੀਆਂ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਵੱਡੀ ਪੱਧਰ 'ਤੇ ਖਾਮੀਆਂ ਮੌਜੂਦ ਹਨ। ਦੋਵਾਂ ਰਾਜਾਂ ਦੀਆਂ ਅੰਤਿਮ ਵੋਟਰ ਸੂਚੀਆਂ ਵਿਚ ਤਰੁੱਟੀਆਂ ਅੱਜ ਵੀ ਬਰਕਰਾਰ ਹਨ। ਜਿਸ ਤਰ੍ਹਾਂ ਦੇ ਢੰਗ-ਤਰੀਕੇ ਅਪਣਾ ਕੇ ਚੋਣ ਕਮਿਸ਼ਨ ਨੇ ਇਹ ਵੋਟਰ ਸੂਚੀਆਂ ਤਿਆਰ ਕਰਵਾਈਆਂ ਹਨ ਅਤੇ ਜਿਸ ਤਰ੍ਹਾਂ ਦੇ ਦਬਾਅ ਹੇਠਲੇ ਅਧਿਕਾਰੀਆਂ 'ਤੇ ਚੋਣ ਕਮਿਸ਼ਨ ਵਲੋਂ ਪਾਏ ਗਏ ਹਨ, ਉਸ ਦੇ ਅੱਖਾਂ ਖੋਲ੍ਹਣ ਵਾਲੇ ਵੇਰਵੇ 'ਦਾ ਰਿਪੋਰਟਰਜ਼ ਕਲੈਕਟਿਵਜ਼' ਦੇ ਪੱਤਰਕਾਰਾਂ ਦੀਆਂ ਪੜਤਾਲੀਆ ਰਿਪੋਰਟਾਂ ਤੋਂ ਮਿਲਦੇ ਹਨ।

ਬਿਹਾਰ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅੰਤਿਮ ਵੋਟਰ ਸੂਚੀਆਂ ਵਿਚ ਅਜੇ ਵੀ ਮਰੇ ਹੋਏ ਲੋਕਾਂ ਦੇ ਨਾਂਅ ਪਹਿਲਾਂ ਵਾਂਗ ਹੀ ਸ਼ਾਮਿਲ ਹਨ। ਬਿਹਾਰ ਦੀ 'ਦ ਰਿਪੋਰਟਜ਼ ਕਲੈਕਟਿਵਜ਼' ਦੀ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਚੋਣ ਕਮਿਸ਼ਨ ਵਲੋਂ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਤੋਂ ਬਾਅਦ ਜਿਹੜੀਆਂ ਅੰਤਿਮ ਲਿਸਟਾਂ ਜਾਰੀ ਕੀਤੀਆਂ ਗਈਆਂ ਸਨ, ਉਨ੍ਹਾਂ ਵਿਚ 1.32 ਕਰੋੜ ਵੋਟਰਾਂ ਦੇ ਸਿਰਨਾਵੇਂ ਸ਼ੱਕੀ ਹਨ।

ਪੱਛਮੀ ਬੰਗਾਲ ਦੇ ਪਹਿਲਾਂ 90 ਲੱਖ ਵੋਟਰ, ਵੋਟਰ ਸੂਚੀ ਵਿਚੋਂ ਖਾਰਿਜ ਕਰ ਦਿੱਤੇ ਗਏ, 60 ਲੱਖ ਵੋਟਰਾਂ ਨੂੰ ਸ਼ੱਕੀ ਕਰਾਰ ਦੇ ਦਿੱਤਾ ਗਿਆ। ਫਿਰ 60 ਲੱਖ ਵੋਟਰਾਂ ਦੀ ਪੜਤਾਲ ਕਰਨ ਲਈ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਨਿਆਂਇਕ ਅਧਿਕਾਰੀ ਨਿਯੁਕਤ ਕੀਤੇ ਗਏ, ਜਿਨ੍ਹਾਂ ਕੋਲ ਇਹ ਕੰਮ ਕਰਨ ਲਈ ਬਹੁਤ ਘੱਟ ਸਮਾਂ ਸੀ। ਉਨ੍ਹਾਂ ਨੇ ਕਾਹਲੀ-ਕਾਹਲੀ ਵਿਚ 32 ਲੱਖ ਦੇ ਲਗਭਗ ਵੋਟਰਾਂ ਦਾ ਵੋਟ ਅਧਿਕਾਰ ਬਹਾਲ ਕੀਤਾ। ਬਾਕੀ 27 ਲੱਖ ਦੇ ਲਗਭਗ ਇਨ੍ਹਾਂ ਵੋਟਰਾਂ ਅਤੇ 7 ਲੱਖ ਹੋਰ ਅਪੀਲ ਕਰਨ ਵਾਲਿਆਂ ਦੇ ਵੋਟ ਅਧਿਕਾਰ ਸੰਬੰਧੀ ਫ਼ੈਸਲਾ ਕਰਨ ਦਾ ਕੰਮ ਸੁਪਰੀਮ ਕੋਰਟ ਦੇ ਆਦੇਸ਼ਾਂ ਅਧੀਨ ਬਣਾਏ ਗਏ ਟ੍ਰਿਬਿਊਨਲਾਂ ਨੂੰ ਸੌਂਪਿਆ ਗਿਆ, ਜੋ ਸਮੇਂ ਸਿਰ ਕੰਮ ਹੀ ਸ਼ੁਰੂ ਨਾ ਕਰ ਸਕੇ। ਪੱਛਮੀ ਬੰਗਾਲ ਅਤੇ ਬਿਹਾਰ ਵਿਚ ਜਿਵੇਂ ਵੱਡੇ ਪੱਧਰ 'ਤੇ ਘੱਟ ਗਿਣਤੀਆਂ, ਦਲਿਤਾਂ ਅਤੇ ਪਛੜੀ ਜਾਤੀਆਂ ਨਾਲ ਸੰਬੰਧਿਤ ਵਿਅਕਤੀਆਂ ਦੇ ਵੋਟ ਕੱਟੇ ਗਏ ਹਨ, ਉਸ ਨੇ ਵੀ ਵਿਰੋਧੀ ਪਾਰਟੀਆਂ ਦੇ ਇਨ੍ਹਾਂ ਦੋਸ਼ਾਂ ਨੂੰ ਬਲ ਦਿੱਤਾ ਹੈ ਕਿ ਚੋਣ ਕਮਿਸ਼ਨ ਨੇ ਪੱਖਪਾਤੀ ਢੰਗ ਨਾਲ ਕੇਂਦਰ ਵਿਚ ਸੱਤਾਧਾਰੀ ਪਾਰਟੀ ਭਾਜਪਾ ਨੂੰ ਲਾਭ ਪਹੁੰਚਾਉਣ ਲਈ ਕੰਮ ਕੀਤਾ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਿਹਾਰ ਤੇ ਪੱਛਮੀ ਬੰਗਾਲ ਵਿਚ ਫਾਰਮ 7 ਜੋ ਸ਼ਿਕਾਇਤ ਕਰਕੇ ਵੋਟਾਂ ਪਾਉਣ ਲਈ ਵਰਤਿਆ ਜਾਂਦਾ ਹੈ, ਫਾਰਮ 6 ਜੋ ਨਵੇਂ ਵੋਟਰਾਂ ਦੇ ਵੋਟ ਬਣਾਉਣ ਲਈ ਵਰਤਿਆ ਜਾਂਦਾ ਹੈ, ਦੀ ਵੀ ਵੱਡੀ ਪੱਧਰ 'ਤੇ ਭਾਜਪਾ ਵਲੋਂ ਦੁਰਵਰਤੋਂ ਹੋਈ ਹੈ। ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਬਾਅਦ ਜਿਸ ਤਰ੍ਹਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸੰਬੰਧੀ ਚੋਣ ਕਮਿਸ਼ਨ ਵਲੋਂ ਨਿਯੁਕਤ ਅਧਿਕਾਰੀ ਨੂੰ ਰਾਜ ਦੇ ਮੁੱਖ ਮੰਤਰੀ ਦਾ ਸਲਾਹਕਾਰ ਅਤੇ ਰਾਜ ਦੇ ਮੁੱਖ ਚੋਣ ਅਧਿਕਾਰੀ ਨੂੰ ਰਾਜ ਦਾ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ, ਉਸ ਨਾਲ ਵਿਰੋਧੀ ਧਿਰ ਦਾ ਸ਼ੱਕ ਪੱਕਾ ਹੋ ਗਿਆ ਹੈ।

ਇਨ੍ਹਾਂ ਸਾਰੇ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਖ਼ਾਸ ਕਰਕੇ ਆਮ ਲੋਕਾਂ ਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਰਾਜ ਵਿਚ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਗਹਿਰੀ ਸੁਧਾਈ ਦੇ ਅਮਲ ਵਿਚ ਪੂਰੀ ਚੌਕਸੀ ਅਤੇ ਪ੍ਰਤੀਬੱਧਤਾ ਨਾਲ ਸ਼ਿਰਕਤ ਕਰਨ। ਜੇਕਰ ਉਨ੍ਹਾਂ ਵਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕਤੰਤਰ ਦੀ ਸਹੀ ਤਸਵੀਰ ਸਾਕਾਰ ਨਹੀਂ ਹੋ ਸਕੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਭੰਬਲਭੂਸਾ ਪੰਜਾਬ ਵਿਚ?

ਲੜਿਆ ਪੋਰਸ ਸੀ ਵਿਚ ਮੈਦਾਨ ਆ ਕੇ, ਜੇਤੂ ਦੁਨੀਆਂ ਦੇ ਤਾਈਂ ਲਲਕਾਰਿਆ ਸੀ।
ਤੈਂ ਕੀ ਦਰਦ ਨਾ ਆਇਆ ਫੁਰਮਾਇ ਕੇ ਜੀ, 'ਬਾਬੇ' ਬਾਬਰ ਦੇ ਤਾਈਂ ਫਿਟਕਾਰਿਆ ਸੀ।
ਤਾਣ ਛਾਤੀਆਂ ਭਿੜਦਾ ਰਿਹਾ ਖਾਲਸਾ ਜੀ, ਅਹਿਮਦ ਸ਼ਾਹਾਂ ਨੂੰ ਏਥੋਂ ਨਿਕਾਰਿਆ ਸੀ।
'ਮੁਦਕੀ ਅਤੇ ਸਭਰਾਵਾਂ' ਪਏ ਦੱਸਦੇ ਐ, ਸ਼ਾਮ ਸਿੰਘ ਜਿਹਾ ਸ਼ੇਰ ਭਬਕਾਰਿਆ ਸੀ।
ਪੰਜੇ ਪਾਣੀ ਹੁਣ ਸ਼ਬਦ ਪਏ ਲੱਭਦੇ ਨੇ, ਅਣਖ ਭਰੀ ਵਿਰਾਸਤ ਦੇ ਮੈਨ੍ਹਿਆਂ 'ਚੋਂ।
ਭੰਬਲ ਭੂਸੇ ਵਿਚ ਪਿਆ ਪੰਜਾਬ ਸੋਚੇ, ਕਦੋਂ ਕੁ ਉੱਠੂ ਕੋਈ ਸੂਰਮਾਂ ਐਨਿਆਂ 'ਚੋਂ !

# ਖ਼ਬਰਾਂ ਦੇ ਅੱਗੇ-ਪਿੱਛੇ: ਮੁਸਲਮਾਨਾਂ ਨਾਲ ਨਫ਼ਰਤ ਕਰਨਾ ਹੁਣ ਫੈਸ਼ਨ ਬਣ ਗਿਆ

*ਸੀਨੀਅਰ ਪੱਤਰਕਾਰ ਅਨਿਲ ਜੈਨ ਆਪਣੇ ਹਫਤਾਵਾਰੀ ਕਾਲਮ ਵਿਚ ਵੱਖ-ਵੱਖ ਰਾਜਾਂ ਦੀ ਰਾਜਨੀਤੀ 'ਤੇ ਗੱਲ ਕਰ ਰਹੇ ਹਨ। ਨਾਲ ਹੀ ਉਸ ਨਫ਼ਰਤੀ ਰਾਜਨੀਤੀ ਦੀ ਨਬਜ਼ 'ਤੇ ਹੱਥ ਰੱਖ ਰਹੇ ਹਨ ਜਿਸ ਵਿਚ ਹੁਣ ਹਰ ਛੋਟਾ-ਵੱਡਾ ਨੇਤਾ ਖੁੱਲ੍ਹ ਕੇ ਕਹਿਣ ਲੱਗਾ ਹੈ ਕਿ 'ਸਾਨੂੰ ਮੁਸਲਮਾਨ ਦਾ ਵੋਟ ਨਹੀਂ ਚਾਹੀਦਾ' ਜਾਂ 'ਸਾਨੂੰ ਮੁਸਲਮਾਨ ਨੇ ਵੋਟ ਨਹੀਂ ਦਿੱਤਾ' ਜਾਂ 'ਅਸੀਂ ਮੁਸਲਮਾਨ ਦਾ ਕੰਮ ਨਹੀਂ ਕਰਾਂਗੇ।'*

ਅਨਿਲ ਜੈਨ
(ਸੀਨੀਅਰ ਪੱਤਰਕਾਰ)





### ਬੰਗਾਲ ਵਿਚ ਸਭ ਕੁਝ ਖੁੱਲ੍ਹਾ ਖੇਲ

ਸਭ ਨੂੰ ਪਤਾ ਹੈ ਕਿ ਪੱਛਮੀ ਬੰਗਾਲ ਵਿਚ ਵੋਟਰ ਸੂਚੀ ਦੀ ਵਿਸ਼ੇਸ਼ ਡੂੰਘੀ ਸੁਧਾਈ (SIR) ਕਿਵੇਂ ਹੋਈ। ਚੋਣ ਕਮਿਸ਼ਨ ਨੇ SIR ਦੇ ਨਾਂ 'ਤੇ ਕਰੀਬ 91 ਲੱਖ ਨਾਂ ਕੱਟ ਦਿੱਤੇ। ਇਨ੍ਹਾਂ ਵਿਚ 27 ਲੱਖ 10 ਹਜ਼ਾਰ ਅਜਿਹੇ ਲੋਕ ਹਨ, ਜੋ ਜ਼ਿੰਦਾ ਹਨ, ਬੰਗਾਲ ਵਿਚ ਹੀ ਰਹਿੰਦੇ ਹਨ ਅਤੇ ਉਨ੍ਹਾਂ ਕੋਲ ਜ਼ਰੂਰੀ ਦਸਤਾਵੇਜ਼ ਵੀ ਹਨ, ਪਰ ਤਾਰਕਿਕ ਅਸੰਗਤੀ ਦੇ ਨਾਂ 'ਤੇ ਉਨ੍ਹਾਂ ਦੇ ਵੀ ਨਾਂ ਹਟਾਏ ਗਏ, ਜਿਸ ਕਰਕੇ ਉਹ ਵੋਟ ਨਾ ਪਾ ਸਕੇ। ਇਸ ਤਰ੍ਹਾਂ ਦਾ ਪੱਖਪਾਤੀ SIR ਜਿਸ ਵਿਅਕਤੀ ਦੀ ਨਿਗਰਾਨੀ ਵਿਚ ਹੋਇਆ, ਉਸ ਸੁਬਰਤ ਗੁਪਤਾ ਨੂੰ ਚੋਣ ਖਤਮ ਹੁੰਦੇ ਹੀ ਰਾਜ ਵਿਚ ਨਵੀਂ ਬਣੀ ਭਾਜਪਾ ਸਰਕਾਰ ਦਾ ਸਲਾਹਕਾਰ ਬਣਾ ਦਿੱਤਾ ਗਿਆ। ਸੁਬਰਤ ਗੁਪਤਾ ਨੂੰ ਪੱਛਮੀ ਬੰਗਾਲ ਵਿਚ SIR ਦੀ ਨਿਗਰਾਨੀ ਲਈ ਵਿਸ਼ੇਸ਼ ਸੁਪਰਵਾਈਜ਼ਰ ਬਣਾਇਆ ਗਿਆ ਸੀ। ਇਹੀ ਨਹੀਂ, ਪੱਛਮੀ ਬੰਗਾਲ ਦੇ ਮੁੱਖ ਚੋਣ ਅਧਿਕਾਰੀ ਮਨੋਜ ਅਗਰਵਾਲ ਨੂੰ ਰਾਜ ਦਾ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ। ਮਨੋਜ ਅਗਰਵਾਲ ਦੀ ਅਗਵਾਈ ਵਿਚ ਹੀ SIR ਦੀ ਪ੍ਰਕਿਰਿਆ, ਸੁਰੱਖਿਆ ਬਲਾਂ ਦੀ ਤਾਇਨਾਤੀ ਅਤੇ ਪੂਰੀ ਚੋਣ ਪ੍ਰਕਿਰਿਆ ਸੰਪੰਨ ਹੋਈ।

ਇਹ ਸਮਝਣਾ ਮੁਸ਼ਕਲ ਨਹੀਂ ਕਿ ਇਨ੍ਹਾਂ ਦੋਵਾਂ ਨਿਯੁਕਤੀਆਂ ਰਾਹੀਂ ਭਾਜਪਾ ਨੇ ਕੀ ਸੁਨੇਹਾ ਦਿੱਤਾ ਹੈ। ਭਾਜਪਾ ਨੇ ਦੱਸ ਦਿੱਤਾ ਹੈ ਕਿ ਸਿਆਸਤ ਵਿਚ ਲੋਕ-ਲਾਜ ਨਾਲ ਉਸਦਾ ਕੋਈ ਸੰਬੰਧ ਨਹੀਂ ਹੈ। ਦੂਜਾ ਸੁਨੇਹਾ ਰਾਜ ਦੀ ਸਾਰੀ ਨੌਕਰਸ਼ਾਹੀ ਨੂੰ ਹੈ ਕਿ ਭਾਜਪਾ ਕਿਸੇ ਨੂੰ ਕੁਝ ਵੀ ਦੇ ਸਕਦੀ ਹੈ। ਇਹ ਸੁਨੇਹਾ ਸਧਾਰਨ ਨਹੀਂ ਹੈ। ਜ਼ਿਆਦਾਤਰ ਅਧਿਕਾਰੀ ਉਂਝ ਵੀ ਚੰਗਾ ਅਹੁਦਾ ਹਾਸਲ ਕਰਨ ਲਈ ਕੁਝ ਵੀ ਸਮਝੌਤਾ ਕਰਨ ਨੂੰ ਤਿਆਰ ਰਹਿੰਦੇ ਹਨ। ਮੁੱਖ ਮੰਤਰੀ ਬਣਾਏ ਗਏ ਸ਼ੁਭੇਂਦੂ ਅਧਿਕਾਰੀ ਨੂੰ ਤਾਂ ਪਹਿਲਾਂ ਕੈਮਰੇ 'ਤੇ ਰਿਸ਼ਵਤ ਲੈਂਦੇ ਹੋਏ ਸਾਰੇ ਦੇਸ਼ ਨੇ ਵੇਖਿਆ ਹੀ ਸੀ।

### ਪਰਜੀਵੀ ਹੋਣ ਵਿਚ ਭਾਜਪਾ ਅਤੇ ਕਾਂਗਰਸ ਦਾ ਅੰਤਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਨੂੰ ਪਰਜੀਵੀ ਪਾਰਟੀ ਕਿਹਾ ਹੈ। ਉਸਨੇ ਇਹ ਗੱਲ ਪਿਛਲੇ ਹਫਤੇ ਦੱਖਣ ਭਾਰਤ ਦੇ ਦੌਰੇ 'ਤੇ ਉਸ ਸਮੇਂ ਕਹੀ, ਜਦੋਂ ਤਾਮਿਲਨਾਡੂ ਵਿਚ ਨਵੀਂ ਸਰਕਾਰ ਸਹੁੰ ਚੁੱਕ ਰਹੀ ਸੀ ਅਤੇ ਮੰਚ 'ਤੇ ਮੁੱਖ ਮੰਤਰੀ ਵਿਜੈ ਦੇ ਨਾਲ ਰਾਹੁਲ ਗਾਂਧੀ ਵੀ ਮੌਜੂਦ ਸਨ। ਮੋਦੀ ਦਾ ਕਾਂਗਰਸ ਨੂੰ ਪਰਜੀਵੀ ਕਹਿਣਾ ਇੱਕ ਪੱਧਰ 'ਤੇ ਸਹੀ ਹੈ। ਹਾਲਾਂਕਿ ਅਜੇ ਜਿਨ੍ਹਾਂ ਤਿੰਨ ਰਾਜਾਂ-ਕਰਨਾਟਕ, ਤੇਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਦੀ ਸਰਕਾਰ ਹੈ, ਉਹ ਸਰਕਾਰ ਉਸਨੇ ਆਪਣੇ ਦਮ 'ਤੇ ਬਣਾਈ ਹੈ। ਚੌਥਾ ਰਾਜ ਕੇਰਲ ਹੈ, ਜਿੱਥੇ ਕਾਂਗਰਸ ਦੀ ਸਰਕਾਰ ਬਣ ਰਹੀ ਹੈ। ਉੱਥੇ ਜ਼ਰੂਰ ਕਾਂਗਰਸ ਇੱਕ ਖੇਤਰੀ ਪਾਰਟੀ ਨਾਲ ਮਿਲ ਕੇ ਲੜੀ। ਜੇ ਦੂਜੀਆਂ ਪਾਰਟੀਆਂ 'ਤੇ ਕਾਂਗਰਸ ਦੀ ਨਿਰਭਰਤਾ ਦੀ ਗੱਲ ਕਰੀਏ ਤਾਂ ਬਿਹਾਰ, ਉੱਤਰ ਪ੍ਰਦੇਸ਼ ਵਰਗੇ ਕੁਝ ਰਾਜ ਹਨ, ਜਿੱਥੇ ਕਾਂਗਰਸ ਨਿਰਭਰ ਹੈ, ਪਰ ਜ਼ਿਆਦਾਤਰ ਰਾਜਾਂ ਵਿਚ ਕਾਂਗਰਸ ਇਕੱਲੀ ਹੀ ਸਿਆਸਤ ਕਰਦੀ ਹੈ।

ਕੁਝ ਰਾਜ ਅਜਿਹੇ ਵੀ ਹਨ, ਜਿੱਥੇ ਕਾਂਗਰਸ ਗੱਠਜੋੜ ਵਿਚ ਹੈ ਪਰ ਉਸਦੀ ਤਾਕਤ ਵੀ ਘੱਟ ਨਹੀਂ ਹੈ ਅਤੇ ਉੱਥੇ ਗੱਠਜੋੜ ਨਾ ਹੋਣ ਨਾਲ ਖੇਤਰੀ ਪਾਰਟੀਆਂ ਨੂੰ ਨੁਕਸਾਨ ਹੋ ਸਕਦਾ ਹੈ। ਖ਼ੈਰ, ਇੱਕ ਸਮਾਂ ਅਜਿਹਾ ਵੀ ਰਿਹਾ ਹੈ ਜਦੋਂ ਕੁਝ ਰਾਜਾਂ ਨੂੰ ਛੱਡ ਦੇਈਏ ਤਾਂ ਭਾਜਪਾ ਵੀ ਹਰ ਥਾਂ ਗੱਠਜੋੜ ਦੇ ਸਹਾਰੇ ਹੀ ਚੱਲਦੀ ਰਹੀ ਹੈ। ਅਟਲ ਬਿਹਾਰੀ ਵਾਜਪਾਈ ਨੇ ਛੇ ਸਾਲ ਆਪਣੀ ਸਰਕਾਰ ਕਰੀਬ 25 ਪਾਰਟੀਆਂ ਦੇ ਸਹਾਰੇ ਹੀ ਚਲਾਈ ਸੀ ਅਤੇ ਇਸ ਸਮੇਂ ਮੋਦੀ ਸਰਕਾਰ ਵੀ ਕਈ ਪਾਰਟੀਆਂ ਦੇ ਗੱਠਜੋੜ ਦੇ ਸਹਾਰੇ ਹੀ ਚੱਲ ਰਹੀ ਹੈ। ਹੁਣ ਜੇ ਕਾਂਗਰਸ ਅਤੇ ਭਾਜਪਾ ਦੇ ਫ਼ਰਕ ਦੀ ਗੱਲ ਕਰਾਂਗੇ ਤਾਂ ਉਹ ਵੀ ਸਾਫ਼ ਦਿਖਾਈ ਦੇਵੇਗਾ। ਕਾਂਗਰਸ ਜਿਨ੍ਹਾਂ ਪਾਰਟੀਆਂ ਦੇ ਨਾਲ ਰਹੀ, ਉਨ੍ਹਾਂ ਵਿਚੋਂ ਜ਼ਿਆਦਾਤਰ ਅੱਜ ਵੀ ਮਜ਼ਬੂਤ ਸਥਿਤੀ ਵਿਚ ਹਨ। ਦੂਜੇ ਪਾਸੇ ਭਾਜਪਾ ਜਿਨ੍ਹਾਂ ਪਾਰਟੀਆਂ ਦੇ ਨਾਲ ਰਹੀ, ਉਹ ਅੱਜ ਆਪਣੀ ਹੋਂਦ ਦੀ ਲੜਾਈ ਲੜ ਰਹੀਆਂ ਹਨ।

### ਮੁਸਲਮਾਨਾਂ ਨਾਲ ਨਫ਼ਰਤ ਕਰਨਾ ਹੁਣ ਫੈਸ਼ਨ ਬਣ ਗਿਆ

ਕਿਸੇ ਵੀ ਚੋਣ ਵਿਚ ਭਾਜਪਾ ਦੀ ਜਿੱਤ ਵਿਚ ਹਿੰਦੂ-ਮੁਸਲਮਾਨ ਦਾ ਮੁੱਦਾ ਮੁੱਖ ਕਾਰਕ ਹੁੰਦਾ ਹੈ, ਇਸ ਲਈ ਉਸਦਾ ਕੋਈ ਵੀ ਨੇਤਾ ਨਫ਼ਰਤੀ ਭਾਸ਼ਣ ਤੋਂ ਪਰਹੇਜ਼ ਨਹੀਂ ਕਰਦਾ, ਪਰ ਹੁਣ ਇੱਕ ਨਵਾਂ ਫੈਸ਼ਨ ਦੇਖਣ ਨੂੰ ਮਿਲ ਰਿਹਾ ਹੈ। ਛੋਟੇ ਤੋਂ ਲੈ ਕੇ ਵੱਡੇ ਨੇਤਾ ਤੱਕ ਖੁੱਲ੍ਹ ਕੇ ਕਹਿਣ ਲੱਗੇ ਹਨ ਕਿ 'ਸਾਨੂੰ ਮੁਸਲਮਾਨ ਦਾ ਵੋਟ ਨਹੀਂ ਚਾਹੀਦਾ' ਜਾਂ 'ਸਾਨੂੰ ਮੁਸਲਮਾਨ ਨੇ ਵੋਟ ਨਹੀਂ ਦਿੱਤਾ' ਜਾਂ 'ਅਸੀਂ ਮੁਸਲਮਾਨ ਦਾ ਕੰਮ ਨਹੀਂ ਕਰਾਂਗੇ।' ਪਹਿਲਾਂ ਇਸ ਤਰ੍ਹਾਂ ਦੇ ਬਿਆਨ ਨਹੀਂ ਦਿੱਤੇ ਜਾਂਦੇ ਸਨ। ਚੋਣ ਵਿਚ ਉਮੀਦਵਾਰ ਹਰ ਜਾਤੀ, ਭਾਈਚਾਰੇ ਦੇ ਲੋਕਾਂ ਤੋਂ ਵੋਟ ਮੰਗਦੇ ਸਨ ਅਤੇ ਚੋਣ ਤੋਂ ਬਾਅਦ ਸਭ ਦਾ ਕੰਮ ਕਰਨ ਦਾ ਸੰਕਲਪ ਕਰਦੇ ਸਨ। ਹਾਲਾਂਕਿ ਉਹ ਦਿਖਾਵਾ ਹੀ ਹੁੰਦਾ ਸੀ ਪਰ ਹੁਣ ਧਰੁਵੀਕਰਨ ਦੀ ਸਿਆਸਤ ਅਜਿਹੇ ਮੁਕਾਮ 'ਤੇ ਪਹੁੰਚ ਗਈ ਹੈ, ਜਿੱਥੇ ਇਸ ਤਰ੍ਹਾਂ ਦੇ ਦਿਖਾਵੇ ਨੂੰ ਵੀ ਜ਼ਰੂਰੀ ਨਹੀਂ ਸਮਝਿਆ ਜਾ ਰਿਹਾ।

ਹੈਰਾਨੀ ਦੀ ਗੱਲ ਹੈ ਕਿ ਇਸ ਕਿਸਮ ਦੇ ਬਿਆਨ ਦੇਣ ਵਾਲੇ ਨੇਤਾਵਾਂ ਖ਼ਿਲਾਫ਼ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਕੋਈ ਕਾਰਵਾਈ ਨਹੀਂ ਕਰਦੀ। ਪੱਛਮੀ ਬੰਗਾਲ ਦੀ ਚੋਣ ਵਿਚ ਇਹ ਗੱਲ ਰਾਜ ਦੇ ਉਸ ਵੱਡੇ ਨੇਤਾ ਨੇ ਕਹੀ, ਜੋ ਮੁੱਖ ਮੰਤਰੀ ਬਣਿਆ। ਉਸ ਨੇ ਵਾਰ-ਵਾਰ ਕਿਹਾ ਕਿ ਹਿੰਦੂ ਬੂਥਾਂ 'ਤੇ ਹੀ ਉਨ੍ਹਾਂ ਨੂੰ ਵੋਟ ਮਿਲੇ ਹਨ ਅਤੇ ਨਤੀਜਿਆਂ ਤੋਂ ਬਾਅਦ ਉਸ ਨੇ ਕਿਹਾ ਕਿ ਉਹ ਮੁਸਲਮਾਨਾਂ ਦਾ ਕੰਮ ਨਹੀਂ ਕਰਨਗੇ। ਉਨ੍ਹਾਂ ਦੀ ਦੇਖਾ-ਦੇਖੀ ਹੁਣ ਬੰਗਾਲ ਦੇ ਹੀ ਦੂਜੇ ਭਾਜਪਾ ਵਿਧਾਇਕਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਮੁਸਲਮਾਨਾਂ ਦਾ ਕੰਮ ਨਹੀਂ ਕਰਨਗੇ। ਮੱਧ ਪ੍ਰਦੇਸ਼, ਬਿਹਾਰ ਅਤੇ ਉੱਤਰ ਪ੍ਰਦੇਸ਼ ਵਿਚ ਤਾਂ ਪਹਿਲਾਂ ਹੀ ਕਈ ਵਿਧਾਇਕ ਅਜਿਹਾ ਕਹਿੰਦੇ ਰਹੇ ਹਨ। ਕੁੱਲ ਮਿਲਾ ਕੇ ਮੁਸਲਮਾਨਾਂ ਪ੍ਰਤੀ ਨਫ਼ਰਤ ਦਾ ਖੁੱਲ੍ਹਾ ਪ੍ਰਦਰਸ਼ਨ ਕੀਤਾ ਜਾਣ ਲੱਗਾ ਹੈ।

### ਅੰਨਾ ਡੀ.ਐਮ.ਕੇ. ਦੀ ਹੋਂਦ ਖ਼ਤਰੇ 'ਚ

ਅਜੇ ਤਤਕਾਲ ਤਾਂ ਨਹੀਂ ਕਿਹਾ ਜਾ ਸਕਦਾ ਕਿ ਤਾਮਿਲਨਾਡੂ ਵਿਚ ਅੰਨਾ ਡੀ.ਐਮ.ਕੇ. ਦਾ ਕੀ ਹੋਵੇਗਾ, ਕਿਉਂਕਿ ਇਸ ਤੋਂ ਖ਼ਰਾਬ ਸਥਿਤੀਆਂ ਤੋਂ ਬਾਅਦ ਵੀ ਤਾਮਿਲਨਾਡੂ ਦੀਆਂ ਪਾਰਟੀਆਂ ਨੇ ਵਾਪਸੀ ਕੀਤੀ ਹੈ। 2011 ਦੀ ਚੋਣ ਵਿਚ ਡੀ.ਐਮ.ਕੇ. ਹੀ 25 ਸੀਟਾਂ ਦੇ ਆਸ-ਪਾਸ ਆ ਗਈ ਸੀ ਪਰ ਉਸਨੇ ਵਾਪਸੀ ਕੀਤੀ। ਹਾਲਾਂਕਿ ਅੰਨਾ ਡੀ.ਐਮ.ਕੇ. ਦਾ ਮਾਮਲਾ ਥੋੜ੍ਹਾ ਅਲੱਗ ਹੈ। ਇਹ ਉਨ੍ਹਾਂ ਚੁਣਵੀਆਂ ਖੇਤਰੀ ਪਾਰਟੀਆਂ ਵਿਚੋਂ ਹੈ, ਜਿਸਦੇ ਸੰਸਥਾਪਕ ਨੇਤਾ ਨੇ ਆਪਣੇ ਪਰਿਵਾਰ ਤੋਂ ਕਿਸੇ ਨੂੰ ਵਾਰਿਸ ਨਹੀਂ ਬਣਾਇਆ। ਐਮਜੀ ਰਾਮਚੰਦਰਨ ਇਸਦੇ ਬਾਨੀ ਸਨ। ਉਸ ਦੇ ਦਿਹਾਂਤ ਤੋਂ ਬਾਅਦ ਉਸ ਦੀ ਪਤਨੀ ਜਾਨਕੀ ਰਾਮਚੰਦਰਨ ਨੇ ਪਾਰਟੀ ਸੰਭਾਲੀ ਪਰ ਉਹ ਕਾਮਯਾਬ ਨਾ ਹੋਈ ਅਤੇ ਜੈਲਲਿਤਾ ਨੇਤਾ ਬਣੀ। ਉਸ ਨੇ ਵੀ ਆਪਣਾ ਵਾਰਿਸ ਨਹੀਂ ਬਣਾਇਆ ਅਤੇ ਉਸ ਦੇ ਦਿਹਾਂਤ ਤੋਂ ਬਾਅਦ ਉਸ ਦੇ ਦੋ ਕਰੀਬੀ ਨੇਤਾਵਾਂ ਓ. ਪਨੀਰਸੇਲਵਮ ਅਤੇ ਈ. ਪਲਾਨੀਸਵਾਮੀ ਵਿਚ ਘਮਾਸਾਨ ਛਿੜ ਗਿਆ। ਪਨੀਰਸੇਲਵਮ ਨੇ ਆਖ਼ਿਰਕਾਰ ਹਥਿਆਰ ਸੁੱਟ ਦਿੱਤੇ ਅਤੇ ਡੀ.ਐਮ.ਕੇ. ਦੇ ਨਾਲ ਚਲੇ ਗਏ।

ਹੁਣ ਅੰਨਾ ਡੀ.ਐਮ.ਕੇ. ਵਿਚ ਫਿਰ ਵੰਡ ਹੋ ਗਈ ਹੈ। ਸੀਵੀ ਸ਼ਨਮੂਗਮ 30 ਵਿਧਾਇਕਾਂ ਨੂੰ ਲੈ ਕੇ ਅਲੱਗ ਹੋ ਗਏ ਹਨ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਜੋਸਫ਼ ਵਿਜੈ ਨੂੰ ਹਮਾਇਤ ਦੇ ਦਿੱਤੀ ਹੈ। ਪਲਾਨੀਸਵਾਮੀ ਦੇ ਨਾਲ 17 ਵਿਧਾਇਕ ਬਚੇ ਹਨ। ਦੂਜੇ ਪਾਸੇ ਇੱਕ ਫੋਰਸ ਦੇ ਤੌਰ 'ਤੇ ਵਿਜੈ ਦੀ ਪਾਰਟੀ ਆ ਗਈ ਹੈ ਅਤੇ ਡੀ.ਐਮ.ਕੇ. ਵਿਚ ਐਮ.ਕੇ. ਸਟਾਲਿਨ ਤੋਂ ਬਾਅਦ ਉਸ ਦੇ ਪੁੱਤਰ ਉਦੈਨਿਧਿ ਸਟਾਲਿਨ ਨੂੰ ਪਾਰਟੀ ਦੀ ਕਮਾਨ ਸੰਭਾਲਣੀ ਹੈ। ਅੰਨਾ ਡੀ.ਐਮ.ਕੇ. ਵਿਚ ਜੋ ਹੋ ਰਿਹਾ ਹੈ, ਉਸ ਤੋਂ ਸਾਬਤ ਹੁੰਦਾ ਹੈ ਕਿ ਖੇਤਰੀ ਪਾਰਟੀਆਂ ਦੇ ਬਾਨੀ ਆਗੂਆਂ ਦੇ ਪਰਿਵਾਰ ਦਾ ਕੋਈ ਵਿਅਕਤੀ ਅੱਗੇ ਨਾ ਆਵੇ ਤਾਂ ਪਾਰਟੀ ਦੇ ਸਾਹਮਣੇ ਹੋਂਦ ਦਾ ਸੰਕਟ ਹੁੰਦਾ ਹੈ। ਅੰਨਾ ਡੀ.ਐਮ.ਕੇ. ਪਹਿਲਾਂ ਵੀ ਇਸ ਲਈ ਬਚੀ ਕਿਉਂਕਿ ਉਸਨੂੰ ਜੈਲਲਿਤਾ ਵਰਗੀ ਚਮਤਕਾਰੀ ਅਗਵਾਈ ਮਿਲੀ ਸੀ।

### ਰੇਵੰਤ ਰੈਡੀ ਨੂੰ ਮੋਦੀ ਦੀ ਤਜਵੀਜ਼

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੈਦਰਾਬਾਦ ਦੀ ਸਭਾ ਵਿਚ ਮੁੱਖ ਮੰਤਰੀ ਰੇਵੰਤ ਰੈਡੀ ਨੂੰ ਆਪਣੇ ਨਾਲ ਆਉਣ ਦੀ ਪੇਸ਼ਕਸ਼ ਕੀਤੀ। ਮੋਦੀ ਨੇ ਖ਼ਾਸ ਪ੍ਰਸੰਗ ਦੇ ਤਹਿਤ ਇਹ ਗੱਲ ਕਹੀ ਪਰ ਉਸ ਦਾ ਕਹਿਣਾ ਅਚਾਨਕ ਨਹੀਂ ਸੀ। ਮੋਦੀ ਨੇ ਰਾਜ ਦੀ ਭਲਾਈ ਲਈ ਰੇਵੰਤ ਰੈਡੀ ਨੂੰ ਆਪਣੇ ਨਾਲ ਆਉਣ ਦੀ ਗੱਲ ਕਹੀ। ਇਸਦਾ ਸਿੱਧਾ ਮਤਲਬ ਤਾਂ ਇਹ ਹੈ ਕਿ ਰੇਵੰਤ ਰੈਡੀ ਜੇ ਪ੍ਰਧਾਨ ਮੰਤਰੀ ਦੀ ਤਜਵੀਜ਼ ਨਹੀਂ ਮੰਨਦਾ ਤਾਂ ਤੇਲੰਗਾਨਾ ਦੀ ਭਲਾਈ ਲਈ ਕੇਂਦਰ ਸਰਕਾਰ ਦੀ ਮਦਦ ਨਹੀਂ ਮਿਲੇਗੀ।

ਵੈਸੇ ਰੇਵੰਤ ਰੈਡੀ ਨੂੰ ਸੱਤਾ ਸੰਭਾਲੇ ਅਜੇ ਢਾਈ ਸਾਲ ਹੀ ਹੋਏ ਹਨ, ਇਸ ਲਈ ਉਹ ਕਿਤੇ ਨਹੀਂ ਜਾਵੇਗਾ। ਪਰ ਉਸ ਦੇ ਨਾਲ ਦੋ ਗੱਲਾਂ ਅਜਿਹੀਆਂ ਹਨ, ਜੋ ਸ਼ੱਕ ਪੈਦਾ ਕਰਦੀਆਂ ਹਨ। ਪਹਿਲੀ ਤਾਂ ਇਹ ਕਿ ਉਹ ਸੋਨੀਆ ਅਤੇ ਰਾਹੁਲ ਗਾਂਧੀ ਪ੍ਰਤੀ ਬਹੁਤ ਜ਼ਿਆਦਾ ਸਵਾਮੀਭਗਤੀ ਦਿਖਾਉਂਦਾ ਹੈ। ਉਸ ਨੇ ਕਿਹਾ ਸੀ ਕਿ ਜੇ ਗਾਂਧੀ ਪਰਿਵਾਰ ਕਹੇ ਤਾਂ ਉਹ ਇੱਕ ਹਜ਼ਾਰ ਕਰੋੜ ਰੁਪਏ ਵੀ ਜੁਟਾ ਕੇ ਦੇ ਸਕਦੇ ਹਨ। ਅਜਿਹੀ ਸਵਾਮੀਭਗਤੀ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਲੈ ਕੇ ਹਮੇਸ਼ਾ ਸ਼ੱਕ ਹੁੰਦਾ ਹੈ। ਦੂਜੀ ਗੱਲ ਇਹ ਹੈ ਕਿ ਰੇਵੰਤ ਰੈਡੀ ਕਾਫ਼ੀ ਸਮਾਂ ਰਾਸ਼ਟਰੀ ਸਵੈਮਸੇਵਕ ਸੰਘ (RSS) ਨਾਲ ਜੁੜਿਆ ਰਿਹਾ ਹੈ। ਉਹ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਤੋਂ ਹੀ ਕਾਂਗਰਸ ਵਿਚ ਆਇਆ ਸੀ। ਦੂਜੇ ਪਾਸੇ ਹਿਮੰਤ ਬਿਸਵਾ ਸਰਮਾ ਅਤੇ ਸ਼ੁਭੇਂਦੂ ਅਧਿਕਾਰੀ ਵਰਗੇ ਆਗੂ ਹਨ, ਜਿਨ੍ਹਾਂ ਦਾ ਸੰਘ ਨਾਲ ਕਦੇ ਕੋਈ ਸੰਬੰਧ ਨਹੀਂ ਰਿਹਾ, ਪਰ ਜਦੋਂ ਭਾਜਪਾ ਵਿਚ ਗਏ ਤਾਂ ਉੱਥੇ ਜਾ ਕੇ ਅਜਿਹੇ ਰਚੇ-ਮਿਚੇ ਕਿ ਸੰਘ ਦੇ ਪੁਰਾਣੇ ਸਵੈਮਸੇਵਕਾਂ ਨੂੰ ਵੀ ਮਾਤ ਦੇਣ ਲੱਗੇ। ਸੋ, ਰੇਵੰਤ ਰੈਡੀ ਦੇ ਅੰਦਰਲਾ ਸਵੈਮਸੇਵਕ ਕਦੋਂ ਜਾਗ ਜਾਵੇ ਅਤੇ ਉਹ ਭਾਜਪਾ ਵੱਲ ਤੁਰ ਪਵੇ, ਕੁਝ ਨਹੀਂ ਕਿਹਾ ਜਾ ਸਕਦਾ।


**(ਲੇਖਕ ਸੀਨੀਅਰ ਪੱਤਰਕਾਰ ਹਨ। ਵਿਚਾਰ ਨਿੱਜੀ ਹਨ।)*

# ਕਾਰਪੋਰੇਟ ਜਹਾਦ: ਨਫ਼ਰਤ ਫ਼ੈਲਾਉਣ ਦੀ ਨਵੀਂ ਮੁਹਿੰਮ

***ਪ੍ਰੋ. ਰਾਮ ਪੁਨਿਆਨੀ ਹਿੰਦੂਤਵ ਦੇ ਫਾਸ਼ੀਵਾਦੀ ਪ੍ਰੋਜੈਕਟ ਵਿਰੁੱਧ ਲਿਖਣ ਅਤੇ ਬੋਲਣ ਵਾਲੀ ਨਿਧੜਕ ਸ਼ਖ਼ਸੀਅਤ ਹਨ। ਉਹ ਫਿਰਕੂ ਰਾਜਨੀਤੀ, ਮਨੁੱਖੀ ਅਧਿਕਾਰਾਂ, ਧਰਮ-ਨਿਰਪੱਖਤਾ ਅਤੇ ਇਕ-ਸਮਾਨ ਨਾਗਰਿਕ ਸੰਹਿਤਾ (ਯੂਸੀਸੀ), ਭਾਰਤ ਦੀ ਵੰਡ ਅਤੇ ਕਸ਼ਮੀਰ ਸੰਘਰਸ਼ ਵਰਗੇ ਵਿਸ਼ਿਆਂ ਉੱਤੇ ਸੈਮੀਨਾਰ ਅਤੇ ਵਰਕਸ਼ਾਪਾਂ ਲਾਉਂਦੇ ਰਹਿੰਦੇ ਹਨ। ਉਨ੍ਹਾਂ ਦੇ ਲੇਖ ਅਤੇ ਟਿੱਪਣੀਆਂ ਬਾਕਾਇਦਗੀ ਨਾਲ ਵੱਖ-ਵੱਖ ਭਾਰਤੀ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਇਹ ਲੇਖ ਵੀ ਘੱਟ-ਗਿਣਤੀ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ ਦੀ ਮੁਹਿੰਮ ਦੇ ਨਵੇਂ ਰੂਪ 'ਕਾਰਪੋਰੇਟ ਜਹਾਦ' ਪਿੱਛੇ ਕੰਮ ਕਰਦੇ ਖ਼ਤਰਨਾਕ ਮਨਸੂਬਿਆਂ ਦੀ ਚਰਚਾ ਕਰਦਾ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ॥***

ਪਿੱਛੇ ਜਹੇ ਮਹਾਰਾਸ਼ਟਰ ਦਾ ਨਾਸਿਕ ਸ਼ਹਿਰ ਦੋ ਵਾਰ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਰਿਹਾ। ਪਹਿਲੀ ਵਾਰ ਅਸ਼ੋਕ ਖਰਾਤ ਦੇ ਮਾਮਲੇ ਲਈ, ਜੋ ਇੱਕ ਪਖੰਡੀ ਬਾਬਾ ਸੀ ਅਤੇ ਔਰਤਾਂ, ਖ਼ਾਸ ਕਰਕੇ ਸਮਾਜ ਦੇ ਉੱਚ ਵਰਗ ਦੀਆਂ ਔਰਤਾਂ, ਦਾ ਜਿਨਸੀ ਸ਼ੋਸ਼ਣ ਕਰਦਾ ਸੀ। ਉਸਨੇ ਆਪਣੇ ਆਪ ਨੂੰ ਚਮਤਕਾਰੀ ਬਾਬਾ ਸਾਬਤ ਕਰਨ ਲਈ ਕੁਝ ਨਵੇਂ ਢੰਗ-ਤਰੀਕੇ ਅਖ਼ਤਿਆਰ ਕੀਤੇ।

ਉਹ ਲੋਕਾਂ ਨੂੰ ਉਨ੍ਹਾਂ ਦਾ ਅਤੀਤ, ਵਰਤਮਾਨ ਅਤੇ ਭਵਿੱਖ ਦੱਸ ਕੇ ਪ੍ਰਭਾਵਿਤ ਕਰਦਾ ਸੀ। ਉਹ ਔਰਤਾਂ ਦਾ ਬ੍ਰੇਨ ਵਾਸ਼ ਕਰਕੇ ਉਨ੍ਹਾਂ ਨੂੰ ਆਪਣੀਆਂ ਚੇਲੀਆਂ ਬਣਾਉਂਦਾ ਸੀ ਅਤੇ ਉਨ੍ਹਾਂ ਨੂੰ ਆਪਣਾ ਸਭ ਕੁਝ ਉਸ ਨੂੰ ਸਮਰਪਿਤ ਕਰ ਦੇਣ ਲਈ ਰਾਜ਼ੀ ਕਰਕੇ ਆਪਣੀ ਸਰੀਰਕ ਭੁੱਖ ਮਿਟਾਉਂਦਾ



**ਰਾਮ ਪੁਨਿਆਨੀ**

ਸੀ। ਉਸਨੇ ਸੱਪ ਅਤੇ ਹੋਰ ਜੰਗਲੀ ਜਾਨਵਰ ਪਾਲੇ ਹੋਏ ਸਨ ਅਤੇ ਇਨ੍ਹਾਂ ਜਾਨਵਰਾਂ ਨਾਲ ਔਰਤਾਂ ਨੂੰ ਡਰਾ ਕੇ ਆਪਣੀ ਗੱਲ ਮਨਵਾਉਣ ਲਈ ਮਜਬੂਰ ਕਰਦਾ ਸੀ। ਅੰਨ੍ਹੀ ਸ਼ਰਧਾ ਦੀ ਇਸੇ ਲੜੀ 'ਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਬੀਆਰ ਗਵਈ, ਧੀਰੇਂਦਰ ਸ਼ਾਸਤਰੀ, ਜੋ ਬਾਗੇਸ਼ਵਰ ਧਾਮ ਬਾਬਾ ਦੇ ਨਾਮ ਤੋਂ ਜਾਣਿਆ ਜਾਂਦਾ ਹੈ, ਨੂੰ ਮਿਲਣ ਗਏ।

ਇੱਥੇ ਇਹ ਦੱਸਣਾ ਪ੍ਰਸੰਗਕ ਹੋਵੇਗਾ ਕਿ ਗਵਈ ਇਹ ਦਾਅਵਾ ਕਰਦੇ ਹਨ ਕਿ ਉਹ ਡਾ.ਬੀਆਰ ਅੰਬੇਡਕਰ ਦੇ ਪੈਰੋਕਾਰ ਹਨ। ਅੰਬੇਡਕਰ ਸਿਰਫ਼ ਤੇ ਸਿਰਫ਼ ਤਾਰਕਿਕਤਾ 'ਚ ਯਕੀਨ ਰੱਖਦੇ ਸਨ। ਇਸ ਮਾਮਲੇ ਨੂੰ ਮੀਡੀਆ ਵੱਲੋਂ ਥੋੜ੍ਹਾ-ਬਹੁਤ ਲਿਆ ਗਿਆ ਅਤੇ ਬਜਰੰਗ ਦਲ ਅਤੇ ਉਸ ਵਰਗੇ ਹੋਰ ਦੂਸਰੇ ਸੰਗਠਨਾਂ ਨੇ ਚੁੱਪ ਵੱਟੀ ਰੱਖੀ ਕਿਉਂਕਿ ਇਹ ਇੱਕ ਹਿੰਦੂ ਬਾਬੇ ਵੱਲੋਂ ਔਰਤਾਂ ਦੇ ਜਿਨਸੀ ਸ਼ੋਸ਼ਣ ਦਾ ਮਾਮਲਾ ਸੀ, ਕਿਉਂਕਿ ਕੋਈ ਮੁਸਲਮਾਨ ਸ਼ਾਮਲ ਨਹੀਂ ਸੀ।

ਪਰ ਇਸ ਤੋਂ ਕੁਝ ਹੀ ਦਿਨਾਂ ਬਾਅਦ ਨਫ਼ਰਤੀ ਅਨਸਰਾਂ ਨੂੰ ਇਸੇ ਨਾਸਿਕ ਤੋਂ ਨਫ਼ਰਤ ਦੀ ਅੱਗ ਭੜਕਾਉਣ ਲਈ ਪੁਲਿਸ ਦੀ ਇੱਕ ਰਿਪੋਰਟ ਦੇ ਰੂਪ 'ਚ ਭਰਪੂਰ ਬਾਲਣ ਮਿਲ ਗਿਆ। ਇਸ ਰਿਪੋਰਟ ਵਿਚ ਇੱਕ ਹਿੰਦੂ ਕੁੜੀ ਨੇ ਦਾਅਵਾ ਕੀਤਾ ਸੀ ਕਿ ਇੱਕ ਮੁਸਲਮਾਨ ਮੁਲਾਜ਼ਮ ਉਸਦਾ ਜਿਨਸੀ ਸ਼ੋਸ਼ਣ ਕਰ ਰਿਹਾ ਹੈ। ਇਸ ਮੁਸਲਮਾਨ ਮੁਲਾਜ਼ਮ ਦਾ ਇਸ ਕੁੜੀ ਨਾਲ ਚੱਕਰ ਚੱਲ ਰਿਹਾ ਸੀ ਅਤੇ ਕੁੜੀ ਦੇ ਮੁਤਾਬਿਕ ਉਸ ਮੁਸਲਮਾਨ ਨੌਜਵਾਨ ਨੇ ਉਸ ਨਾਲ ਵਿਆਹ ਕਰਨ ਦਾ ਵਾਅਦਾ ਕੀਤਾ ਸੀ, ਪਰ ਬਾਅਦ ਵਿਚ ਉਹ ਮੁੱਕਰ ਗਿਆ।

ਪੁਲਿਸ ਨੂੰ ਕੀਤੀ ਗਈ ਇਸ ਸ਼ਿਕਾਇਤ ਤੋਂ ਪੁਲਿਸ ਅਤੇ ਹਿੰਦੂਤਵਵਾਦੀ ਅਨਸਰਾਂ ਨੂੰ ਸਰਗਰਮ ਹੋਣ ਦਾ ਮੌਕਾ ਮਿਲ ਗਿਆ ਅਤੇ ਪੁਲਿਸ ਦੀ ਖ਼ੁਫੀਆ ਕਾਰਵਾਈ ਸ਼ੁਰੂ ਹੋਈ।

ਪੁਲਿਸ ਦੀ ਪੜਤਾਲ, ਜਿਸ ਦੀ ਸ਼ਲਾਘਾ ਸੂਬੇ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੱਕ ਨੇ ਕੀਤੀ, ਦੇ ਮੁਤਾਬਿਕ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀਸੀਐਮ) 'ਚ ਧਰਮ ਬਦਲਾਉਣ ਦੀ ਗਿਣੀ-ਮਿੱਥੀ ਸਾਜ਼ਿਸ਼ ਨੂੰ ਅਮਲ 'ਚ ਲਿਆਂਦਾ ਜਾ ਰਿਹਾ ਸੀ। ਕੁਝ ਮੁਸਲਮਾਨ ਮੁਲਾਜ਼ਮ (ਜਿਨ੍ਹਾਂ ਦੀ ਗਿਣਤੀ ਸੱਤ ਸੀ) ਹਿੰਦੂ ਮੁਲਾਜ਼ਮਾਂ ਨੂੰ ਲਾਲਚ ਦੇ ਕੇ ਅਤੇ ਡਰਾ-ਧਮਕਾ ਕੇ ਉਨ੍ਹਾਂ ਤੋਂ ਨਮਾਜ਼ ਪੜ੍ਹਵਾਉਣ ਅਤੇ ਉਨ੍ਹਾਂ ਨੂੰ ਗਾਂ ਦਾ ਮਾਸ ਖਵਾਉਣ ਦੀ ਮੁਹਿੰਮ ਚਲਾ ਰਹੇ ਸਨ। ਇਸ ਮਾਮਲੇ ਨਾਲ ਜੁੜੀਆਂ ਖ਼ਬਰਾਂ ਮੀਡੀਆ 'ਚ ਛਾਈਆਂ ਹੋਈਆਂ ਹਨ ਅਤੇ ਇੱਕ ਨਵਾਂ ਸ਼ਬਦ 'ਕਾਰਪੋਰੇਟ ਜਿਹਾਦ' ਘੜ ਲਿਆ ਗਿਆ ਹੈ। ਇਸ ਤੋਂ ਮਨਸ਼ਾ ਇਹ ਹੈ ਕਿ ਵੱਡੀਆਂ ਕੰਪਨੀਆਂ 'ਚ ਮੁਸਲਮਾਨ ਮੁਲਾਜ਼ਮ 'ਲਵ ਜਿਹਾਦ' ਅਤੇ 'ਧਰਮ ਬਦਲੀ' 'ਚ ਜੁਟੇ ਹੋਏ ਹਨ। ਟੀ.ਸੀ.ਐੱਸ. ਨੇ ਸਾਰੇ ਦੋਸ਼ੀਆਂ ਨੂੰ ਬਰਖ਼ਾਸਤ ਕਰ ਦਿੱਤਾ, ਅਤੇ ਕਿਹਾ ਕਿ ਅਜਿਹਾ ਦੁਰਵਿਹਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਟਾਟਾ ਸੰਨਜ਼ ਦੇ ਮੁਖੀ ਐਨ ਚੰਦਰ ਸ਼ੇਖਰਨ ਨੇ ਇਨ੍ਹਾਂ ਦੋਸ਼ਾਂ ਨੂੰ 'ਗੰਭੀਰ ਤੇ ਚਿੰਤਾਜਨਕ' ਦੱਸਿਆ।

'ਸਿਟੀਜ਼ਨਸ ਕਮੇਟੀ, ਮੁੰਬਈ (ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ਼ ਸਿਵਿਲ ਰਾਈਟਸ ਅਤੇ ਪੀਯੂਸੀਐਲ ਦੀ ਸਾਂਝੀ ਕਮੇਟੀ), ਨਿਰੰਜਨ ਟਕਲੇ ਅਤੇ ਦੂਸਰਿਆਂ ਨੇ ਇਸ ਮਾਮਲੇ ਦੀ ਜਾਂਚ-ਪੜਤਾਲ ਕੀਤੀ। ਜਾਂਚ ਪੂਰੀ ਹੋਣ ਬਾਅਦ ਉਨ੍ਹਾਂ ਨੇ ਮੁੰਬਈ 'ਚ ਪ੍ਰੈੱਸ ਕਾਨਫਰੰਸ ਕੀਤੀ।

ਟਕਲੇ ਨੇ ਦੱਸਿਆ ਕਿ ਪੁਲਿਸ ਦੀ ਪੜਤਾਲ 'ਚ ਕਈ ਗੜਬੜਾਂ ਅਤੇ ਖ਼ਾਮੀਆਂ ਹਨ। ਪਹਿਲੀ, ਇਹ ਕਿ ਨਿਦਾ ਖ਼ਾਨ, ਜਿਸ ਨੂੰ ਐੱਚ.ਆਰ. ਵਿਭਾਗ ਦਾ ਮੁਖੀ ਦੱਸਿਆ ਜਾ ਰਿਹਾ ਸੀ ਅਤੇ ਜਿਸ 'ਤੇ ਔਰਤ ਮੁਲਾਜ਼ਮਾਂ ਨੂੰ ਮਜਬੂਰ ਕਰਕੇ ਆਪਣਾ ਸ਼ਿਕਾਰ ਬਣਾਏ ਜਾਣ ਦਾ ਦੋਸ਼ ਸੀ, ਅਸਲ ਵਿਚ ਐੱਚ.ਆਰ. ਵਿਭਾਗ ਦਾ ਮੁਖੀ ਨਹੀਂ ਸਗੋਂ ਮਾਤਰ ਇੱਕ ਟੈਲੀਕਾਲਰ ਸੀ।

ਇਹ ਦਾਅਵਾ ਕਿ ਇਸ ਸਾਜ਼ਿਸ਼ 'ਤੇ ਪਿਛਲੇ ਚਾਰ ਸਾਲਾਂ ਤੋਂ ਅਮਲ ਕੀਤਾ ਜਾ ਰਿਹਾ ਸੀ, ਬਿਲਕੁਲ ਗ਼ਲਤ ਹੈ ਕਿਉਂਕਿ ਟੀ.ਸੀ.ਐੱਸ. ਦੇ ਨਾਸਿਕ ਦਫ਼ਤਰ ਤੋਂ ਧਰਮ ਬਦਲੀ ਕਰਕੇ ਇਸਲਾਮ ਸਵੀਕਾਰ ਕਰਨ ਦਾ ਇੱਕ ਵੀ ਮਾਮਲਾ ਸਾਹਮਣੇ ਨਹੀਂ ਆਇਆ। ਧਰਮ ਬਦਲੀ ਦੀ ਇੱਕ ਘਟਨਾ ਜ਼ਰੂਰ ਹੋਈ ਹੈ, ਪਰ ਇਸ ਵਿਚ ਜਹਾਨਾ ਨਾਮ ਦੀ ਇੱਕ ਈਸਾਈ ਕੁੜੀ ਨੇ ਹਿੰਦੂ ਧਰਮ ਗ੍ਰਹਿਣ ਕੀਤਾ ਹੈ।

ਕਮੇਟੀ ਨੇ ਇਸ ਦੋਸ਼ ਨੂੰ ਖਾਰਜ ਕਰ ਦਿੱਤਾ ਕਿ ਜਿਹੜੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਦੂਸਰੇ ਲੋਕਾਂ ਨੂੰ ਜਬਰਨ ਗਊ ਦਾ ਮਾਸ ਖਵਾਉਂਦੇ ਸਨ। ਕੀ ਇਹ ਸੰਭਵ ਹੈ ਕਿ ਥੋੜ੍ਹੇ ਜਿਹੇ ਮੁਲਾਜ਼ਮ




ਦੂਸਰੇ ਮੁਲਾਜ਼ਮਾਂ ਨੂੰ, ਜਿਨ੍ਹਾਂ ਦੀ ਗਿਣਤੀ ਉਨ੍ਹਾਂ ਨਾਲੋਂ ਕਈ ਗੁਣਾ ਜ਼ਿਆਦਾ ਹੈ, ਕੁਝ ਵੀ ਖਾਣ ਲਈ ਮਜਬੂਰ ਕਰ ਰਹੇ ਹੋਣ।

ਇਸ ਦੇ ਇਲਾਵਾ ਮੁੱਖ ਦੋਸ਼ੀ ਦਾਨਿਸ਼ ਸ਼ੇਖ 'ਤੇ ਬਲਾਤਕਾਰ ਅਤੇ ਉਸ ਕੁੜੀ ਨੇ ਆਪਣੀ ਸ਼ਾਦੀ-ਸ਼ੁਦਾ ਸਥਿਤੀ ਲੁਕਾਉਣ ਦਾ ਜੋ ਦੋਸ਼ ਲਾਇਆ ਹੈ, ਉਹ ਵੀ ਸੱਚ ਨਹੀਂ ਲੱਗਦਾ ਕਿਉਂਕਿ ਦਾਨਿਸ਼ ਦੀ ਘਰਵਾਲੀ ਅਤੇ ਅਖੌਤੀ ਪੀੜਤ ਲੜਕੀ ਦਰਮਿਆਨ ਵਟ੍ਹਸਐਪ 'ਤੇ ਸੁਨੇਹਿਆਂ ਦਾ ਸਿਲਸਿਲਾ ਚਲਦਾ ਰਹਿੰਦਾ ਸੀ। ਨਾਲ ਹੀ ਉਹ ਕੁੜੀ ਦਾਨਿਸ਼ ਨਾਲ ਮੋਟਰਸਾਈਕਲ 'ਤੇ ਨਾਸਿਕ ਤੋਂ 27 ਕਿਲੋਮੀਟਰ ਦੂਰ ਟੂਰਿਸਟ ਪਲੇਸ ਤ੍ਰਿਅੰਬਕੇਸ਼ਵਰ ਗਈ ਸੀ।

ਇਹ ਸਵਾਲ ਕੀਤੇ ਜਾਣ 'ਤੇ ਕਿ ਮੁਸਲਮਾਨ ਮੁਲਾਜ਼ਮਾਂ ਦਾ ਅਕਸ ਵਿਗਾੜੇ ਜਾਣ ਦੀ ਇਸ ਯੋਜਨਾ ਦਾ ਉਦੇਸ਼ ਕੀ ਹੈ? ਟਕਲੇ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਇਸ ਦਾ ਉਦੇਸ਼ ਸਾਰੇ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਵਧਾਉਣਾ ਸੀ।

ਪ੍ਰੈੱਸ ਕਾਨਫਰੰਸ 'ਚ ਮੌਜੂਦ ਤੀਸਤਾ ਸੀਤਲਵਾੜ, ਜੋ ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰੱਖਿਆ ਲਈ ਅਣਥੱਕ ਯਤਨ ਕਰਦੀ ਰਹਿੰਦੀ ਹੈ, ਨੇ ਕਿਹਾ ਕਿ ਇੰਝ ਲੱਗਦਾ ਹੈ ਕਿ ਇਹ ਯਕੀਨੀ ਬਣਾਉਣ ਦਾ ਸੋਚਿਆ-ਸਮਝਿਆ ਯਤਨ ਕੀਤਾ ਜਾ ਰਿਹਾ ਹੈ ਕਿ ਕੰਪਨੀਆਂ, ਪੜ੍ਹੇ-ਲਿਖੇ ਮੁਸਲਮਾਨ ਨੌਜਵਾਨਾਂ ਨੂੰ ਨੌਕਰੀਆਂ ਨਾ ਦੇਣ। ਇਹ ਪੜ੍ਹੇ-ਲਿਖੇ ਮੁਸਲਮਾਨਾਂ ਨੂੰ ਬਦਨਾਮ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਹਮਲਾ ਹੈ। ਇਸ ਪੂਰੇ ਮਾਮਲੇ ਨੂੰ ਫਿਰਕੂ ਤਾਕਤਾਂ ਵੱਲੋਂ ਇਨ੍ਹਾਂ ਦੋ ਟੀਚਿਆਂ ਦੀ ਪੂਰਤੀ ਲਈ ਹੀ ਉਠਾਇਆ ਗਿਆ ਹੈ।

ਕਮੇਟੀ ਦੇ ਮੈਂਬਰਾਂ ਨੇ ਇਸ ਵੱਲ ਵੀ ਧਿਆਨ ਦਿਵਾਇਆ ਕਿ ਮੀਡੀਆ ਦੁਆਰਾ ਤੱਥਾਂ ਦੀ ਪੁਸ਼ਟੀ ਕੀਤੇ ਬਿਨਾਂ ਦਹਿਸ਼ਤ ਪੈਦਾ ਕਰਨ ਦਾ ਇਹ ਕਾਰਾ ਬਹੁਤ ਪਰੇਸ਼ਾਨ ਕਰਨ ਵਾਲਾ ਹੈ। ਜਿਸ ਨਿਦਾ ਖ਼ਾਨ ਨੂੰ ਇਸ ਪੂਰੀ ਸਾਜ਼ਿਸ਼ ਦਾ ਮੁੱਖ ਕਰਤਾ-ਧਰਤਾ ਦੱਸਿਆ ਜਾ ਰਿਹਾ ਹੈ, ਦਾ ਕਈ ਮਹੀਨਿਆਂ ਤੋਂ ਮੁੰਬਈ ਦਫ਼ਤਰ 'ਚ ਤਬਾਦਲਾ ਹੋ ਚੁੱਕਿਆ ਸੀ ਜਿੱਥੇ ਉਹ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਸੀ।

'ਹਿੰਦੂ ਖ਼ਤਰੇ 'ਚ ਹੈ' ਦੀ ਧਾਰਨਾ ਨੂੰ ਇੱਕ ਵਾਰ ਫਿਰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। 'ਧਰਮ-ਬਦਲੀ' ਅਤੇ 'ਲਵ-ਜਿਹਾਦ' ਦਾ ਪ੍ਰਚਾਰ ਇਸ ਦੇ ਮੁੱਖ ਸੰਦ ਨਜ਼ਰ ਆ ਰਹੇ ਹਨ। ਇਸ ਦੇ ਨਾਲ ਹੀ ਇਸ ਦਾ ਉਦੇਸ਼ ਟੀ.ਸੀ.ਐੱਸ. ਵਰਗੀਆਂ ਕੰਪਨੀਆਂ 'ਚ ਮੁਸਲਮਾਨ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਘਟਾਉਣਾ ਵੀ ਹੈ।

ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਦੇ ਸੰਬੰਧ 'ਚ ਅਸ਼ੋਕ ਖਰਾਤ ਦੇ ਮਾਮਲੇ ਨੂੰ ਦਬਾਉਣ ਅਤੇ ਦਾਨਿਸ਼ ਦੇ ਮਾਮਲੇ ਨੂੰ ਵਧਾ-ਚੜ੍ਹਾ ਕੇ ਝੂਠ ਦੇ ਸਹਾਰੇ ਉਛਾਲਣ ਦਾ ਮੀਡੀਆ ਦਾ ਇਹ ਰਵੱਈਆ ਬਹੁਤ ਹੀ ਨਿੰਦਣਯੋਗ ਹੈ ਤੇ ਅਸੀਂ ਇੱਥੋਂ ਕਿਸ ਪਾਸੇ ਜਾਵਾਂਗੇ? ਫ਼ਿਰਕੂ ਤਾਕਤਾਂ ਦੁਆਰਾ ਘੜਿਆ ਗਿਆ ਬਿਰਤਾਂਤ ਕੁਝ ਹੀ ਘੰਟਿਆਂ 'ਚ ਸਮਾਜ ਨੂੰ ਜਕੜ ਲੈਂਦਾ ਹੈ, ਜਦੋਂ ਕਿ ਪੂਰੀ ਸੱਚਾਈ ਸਾਹਮਣੇ ਆਉਣ 'ਚ ਕਈ ਹਫ਼ਤੇ ਲੱਗ ਜਾਂਦੇ ਹਨ। ਫ਼ਿਰਕੂ ਤਾਕਤਾਂ ਦੁਆਰਾ ਸਥਾਪਤ ਕੀਤਾ ਗਿਆ ਤੰਤਰ, ਮੀਡੀਆ ਦੀ ਮਦਦ ਅਤੇ ਏਜੰਸੀਆਂ ਦਾ ਪੱਖਪਾਤੀ ਰਵੱਈਆ ਖ਼ਤਰਨਾਕ ਘਾਲਾ-ਮਾਲਾ ਹੈ, ਜੋ ਨਫ਼ਰਤ ਵਧਾਉਂਦਾ ਹੈ ਅਤੇ ਘੱਟ-ਗਿਣਤੀ ਭਾਈਚਾਰੇ ਨੂੰ ਹਾਸ਼ੀਏ ਵੱਲ ਧੱਕ ਦਿੰਦਾ ਹੈ।

ਜਿੱਥੋਂ ਤੱਕ 'ਲਵ-ਜਹਾਦ' ਦੀ ਗੱਲ ਹੈ, ਇਹ ਪਾਟਕ-ਪਾਊ ਤਾਕਤਾਂ ਦੇ ਹੱਥ ਲੱਗਾ ਬਹੁਤ ਵੱਡਾ ਹਥਿਆਰ ਹੈ ਜਿਸ ਦੇ ਜ਼ਰੀਏ ਉਹ ਹਿੰਦੂ ਕੁੜੀਆਂ ਦੀ ਆਜ਼ਾਦੀ 'ਤੇ ਵੱਖ-ਵੱਖ ਤਰ੍ਹਾਂ ਦੀਆਂ ਪਾਬੰਦੀਆਂ ਲਾਉਣ 'ਚ ਕਾਮਯਾਬ ਹੋ ਰਹੇ ਹਨ। ਇਸ ਮਾਮਲੇ 'ਚ ਕੀਤੀ ਗਈ ਡੂੰਘੀ ਘੋਖ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਹ ਮਨਘੜਤ ਪ੍ਰਚਾਰ ਤੋਂ ਇਲਾਵਾ ਕੁਝ ਵੀ ਨਹੀਂ ਹੈ। ਹਾਦਿਆ (ਧਰਮ ਬਦਲਣ ਤੋਂ ਪਹਿਲਾਂ ਸਾਬਕਾ ਅਖਿਲਾ ਅਸ਼ੋਕਨ) ਦੇ ਮਾਮਲੇ ਸਮੇਤ ਅਜਿਹੇ ਜ਼ਿਆਦਾਤਰ ਮਾਮਲੇ, ਜੋ ਅਦਾਲਤਾਂ ਤੱਕ ਪਹੁੰਚੇ, 'ਚ ਇਹ ਸਾਬਤ ਹੋਇਆ ਕਿ ਕੁੜੀਆਂ ਦੁਆਰਾ ਆਜ਼ਾਦੀ ਤੋਂ ਪਹਿਲਾਂ, ਆਪਣੀ ਮਰਜ਼ੀ ਨਾਲ ਫ਼ੈਸਲੇ ਲਏ ਗਏ ਸਨ।

'ਕੇਰਲਾ ਸਟੋਰੀ' ਫ਼ਿਲਮ ਨੇ ਇਸ ਦਿਸ਼ਾ 'ਚ ਪ੍ਰਚਾਰ ਨੂੰ ਅੱਗੇ ਵਧਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ।

ਮੁਸਲਮਾਨ 'ਲਵ-ਜਹਾਦ' ਅਤੇ ਧਰਮ ਬਦਲੀ ਜ਼ਰੀਏ ਆਪਣੀ ਆਬਾਦੀ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਇਹ ਦੋਸ਼ ਐਨੀ ਵਾਰ ਦੁਹਰਾਇਆ ਗਿਆ ਹੈ ਕਿ ਲੋਕ ਇਸ ਨੂੰ ਸੁਣਦਿਆਂ-ਸੁਣਦਿਆਂ ਅੱਕ ਗਏ ਹਨ। ਇਹ ਹਿੰਦੂ ਹੁਕਮਰਾਨਾਂ ਦੁਆਰਾ ਚਲਾਈ ਜਾ ਰਹੀ ਤਿੱਖੀ ਤੇ ਤੇਜ਼ ਮੁਹਿੰਮ ਦਾ ਹਿੱਸਾ ਹੈ, ਹੁਣ ਉਹ ਸੋਚੇ-ਸਮਝੇ ਢੰਗ ਨਾਲ ਟੀ.ਸੀ.ਐੱਸ. ਵਰਗੇ ਮਾਮਲੇ ਉਠਾ ਕੇ ਮੁਸਲਮਾਨ ਨੌਜਵਾਨਾਂ ਦੇ ਰੁਜ਼ਗਾਰ ਹਾਸਲ ਕਰਨ ਦੇ ਰਾਹ 'ਚ ਅੜਿੱਕੇ ਖੜ੍ਹੇ ਕਰ ਰਹੇ ਹਨ।

ਸਾਨੂੰ ਯਾਦ ਹੈ ਕਿ ਕੋਵਿਡ-19 ਮਹਾਂਮਾਰੀ ਦੌਰਾਨ 'ਕੋਰੋਨਾ ਜਹਾਦ' ਵਰਗੇ ਸ਼ਬਦ ਘੜੇ ਗਏ ਸਨ। ਉਸ ਸਮੇਂ ਇਹ ਸਾਜ਼ਿਸ਼ ਫੈਲਾਈ ਗਈ ਸੀ ਕਿ ਮੁਸਲਮਾਨ ਕੋਰੋਨਾ ਫੈਲਾ ਰਹੇ ਹਨ, ਇਸ ਲਈ ਫੇਰੀ ਲਾ ਕੇ ਸਾਮਾਨ ਵੇਚਣ ਵਾਲੇ ਮੁਸਲਮਾਨਾਂ ਨੂੰ ਕਲੋਨੀਆਂ 'ਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਸੀ। ਹੁਣ ਮੁਸਲਮਾਨ ਦੁਕਾਨਦਾਰਾਂ ਦਾ ਬਾਈਕਾਟ ਕਰਨ ਦਾ ਸੱਦਾ ਸ਼ਰ੍ਹੇਆਮ ਦਿੱਤਾ ਜਾ ਰਿਹਾ ਹੈ।

ਕਈ ਲੋਕ ਇਹ ਦਾਅਵਾ ਕਰ ਰਹੇ ਹਨ ਕਿ ਫ਼ਿਰਕੂ ਹਿੰਸਾ ਦੀਆਂ ਘਟਨਾਵਾਂ 'ਚ ਗਿਰਾਵਟ ਆ ਰਹੀ ਹੈ ਅਤੇ ਪਿਛਲੇ ਕੁਝ ਸਾਲਾਂ 'ਚ ਕੋਈ ਵੱਡਾ ਫਿਰਕੂ ਦੰਗਾ-ਫ਼ਸਾਦ ਨਹੀਂ ਹੋਇਆ। ਪਰ ਵੱਖ-ਵੱਖ ਖੇਤਰਾਂ 'ਚ ਹਿੰਸਾ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ ਵੱਡੀ ਗਿਣਤੀ 'ਚ ਵਾਪਰ ਰਹੀਆਂ ਹਨ ਜੋ ਹਿੰਸਾ ਦਾ ਹੀ ਇੱਕ ਹੋਰ ਰੂਪ ਹਨ। ਇਹ ਕਈ ਢੰਗਾਂ ਨਾਲ, ਕਈ ਰੂਪਾਂ 'ਚ ਹੋ ਰਿਹਾ ਹੈ ਅਤੇ ਘੱਟ ਗਿਣਤੀ ਭਾਈਚਾਰੇ ਖ਼ਿਲਾਫ਼ ਨਫ਼ਰਤ ਫ਼ੈਲਾਈ ਜਾ ਰਹੀ ਹੈ।

ਅਧਿਕਾਰੀਆਂ ਨੂੰ ਇਸ ਮਾਮਲੇ ਦੀ ਸੱਚੀ ਅਤੇ ਨਿਰਪੱਖ ਰਿਪੋਰਟ ਜਾਰੀ ਕਰਨੀ ਚਾਹੀਦੀ ਹੈ। ਟੀ.ਸੀ.ਐੱਸ. ਵਰਗੀਆਂ ਕੰਪਨੀਆਂ ਨੂੰ ਝੂਠੇ ਪ੍ਰਚਾਰ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ, ਝੂਠੇ ਦੋਸ਼ਾਂ ਤਹਿਤ ਫਸਾਏ ਗਏ ਆਪਣੇ ਬੇਦੋਸ਼ੇ ਮੁਲਾਜ਼ਮਾਂ ਦੀ ਨੌਕਰੀ ਬਹਾਲ ਕਰਨੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ 'ਚ ਮਦਦ ਕਰਨੀ ਚਾਹੀਦੀ ਹੈ।

# ਅਜੇ ਕਈ ਮੁਹਾਜ਼ਾਂ 'ਤੇ ਸਫ਼ਲ ਨਹੀਂ ਮਾਨ ਸਰਕਾਰ

ਪੰਜਾਬ ਵਿਚ ਸੱਤਾ ਚਲਾ ਰਹੀ ਆਮ ਆਦਮੀ ਪਾਰਟੀ ਸਰਕਾਰ 'ਤੇ ਵਿਰੋਧੀ ਧਿਰ ਦਾ ਇਹ ਇਲਜ਼ਾਮ ਕਿ ਇਸ ਸਰਕਾਰ ਨੇ ਭਾਰੀ ਮਾਤਰਾ ਵਿਚ ਕਰਜ਼ਾ ਲੈ ਕੇ ਪੰਜਾਬ ਦੇ ਬੱਚੇ-ਬੱਚੇ ਦੇ ਸਿਰ 'ਤੇ ਕਰਜ਼ੇ ਦੀ ਪੰਡ ਭਾਰੀ ਕਰ ਦਿੱਤੀ। ਇਕ ਰਿਪੋਰਟ ਅਨੁਸਾਰ ਅਪ੍ਰੈਲ, 2026 ਵਿਚ ਪੰਜਾਬ ਸਿਰ ਕਰਜ਼ੇ ਦੀ ਰਾਸ਼ੀ 4 ਲੱਖ ਕਰੋੜ ਨੂੰ ਪਾਰ ਕਰ ਚੁੱਕੀ ਸੀ ਅਤੇ ਇਹ ਰਾਸ਼ੀ ਪੰਜਾਬ ਦੇ ਜੀ.ਐਸ. ਡੀ.ਪੀ. ਭਾਵ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 47 ਫ਼ੀਸਦੀ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਬਣਦੀ ਹੈ ਤੇ ਇਹ ਦਰ ਪੂਰੇ ਮੁਲਕ ਦੇ ਸਾਰੇ ਰਾਜਾਂ ਵਿਚੋਂ ਸਭ ਤੋਂ ਵੱਧ ਹੈ। ਇਹ ਅੰਕੜਾ ਸੂਬੇ ਦੀ ਪੇਤਲੀ ਮਾਲੀ ਹਾਲਤ ਦਾ ਸਬੂਤ ਮੰਨਿਆ ਜਾ ਸਕਦਾ ਹੈ। ਸੂਬੇ ਦੇ ਵਿਕਾਸ ਕਾਰਜਾਂ ਲਈ ਜਾਂ ਲੋਕ ਭਲਾਈ ਯੋਜਨਾਵਾਂ ਹਿਤ ਕਰਜ਼ਾ ਲੈਣਾ ਕੋਈ ਮਾੜੀ ਗੱਲ ਨਹੀਂ ਪਰ ਉਸ ਕਰਜ਼ੇ ਨੂੰ ਵਾਪਿਸ ਮੋੜਨ ਲਈ ਵਿੱਤੀ ਸਾਧਨ ਨਾ ਜੁਟਾਉਣਾ ਅਤੇ ਆਪਣੀ ਆਮਦਨ ਨਾ ਵਧਾਉਣਾ ਜਾਂ ਖ਼ਰਚੇ ਨਾ ਘਟਾਉਣਾ ਵਾਕਿਆ ਹੀ ਬੁਰੀ ਗੱਲ ਹੈ।

ਉਧਰ, ਮੁੱਖ ਮੰਤਰੀ ਪੰਜਾਬ ਦੀ ਦਲੀਲ ਕਿ ਉਨ੍ਹਾਂ ਦੀ ਸਰਕਾਰ ਨੇ ਆਪਣੇ ਸੱਤਾ ਸੰਭਾਲਣ ਦੇ ਪਹਿਲੇ 14 ਮਹੀਨਿਆਂ ਦੇ ਅੰਦਰ 47,107 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਸੀ ਜਿਸਦਾ 57 ਫ਼ੀਸਦੀ ਹਿੱਸਾ ਕੇਵਲ ਪਿਛਲੀਆਂ ਸਰਕਾਰਾਂ ਦੁਆਰਾ ਚੁੱਕੇ ਗਏ ਕਰਜ਼ੇ ਦਾ ਵਿਆਜ ਲਾਹੁਣ ਵਿਚ ਖ਼ਰਚ ਹੋ ਗਏ ਸਨ ਤੇ ਇਸੇ ਤਰ੍ਹਾਂ ਦੀ ਸਥਿਤੀ ਅੱਜ ਵੀ ਜਾਰੀ ਹੈ। ਇਹ ਸੱਚ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਚ ਨਿਵੇਸ਼ ਲਈ ਵੱਖ-ਵੱਖ ਦੇਸ਼ਾਂ ਦੀਆਂ ਕੌਮੀ ਅਤੇ ਕੌਮਾਂਤਰੀ ਕੰਪਨੀਆਂ ਨਾਲ ਕਰਾਰ ਕੀਤੇ ਜਾ ਰਹੇ ਹਨ ਜੋ ਕਿ ਜੇਕਰ ਸਫ਼ਲ ਹੋ ਜਾਂਦੇ ਹਨ ਤਾਂ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਵਿੱਤੀ ਹਾਲਤ ਸੁਧਰਨ ਦੀ ਥੋੜ੍ਹੀ-ਬਹੁਤ ਸੰਭਾਵਨਾ ਮੰਨੀ ਜਾ ਸਕਦੀ ਹੈ, ਪਰ ਇਸ ਗੱਲ ਤੋਂ ਬਿਲਕੁਲ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੇਕਰ ਦੂਜੀਆਂ ਪਾਰਟੀਆਂ ਵਾਂਗ ਮਾਨ ਸਰਕਾਰ ਨੇ ਵੀ 'ਮੁਫ਼ਤ' ਵਾਲੀਆਂ ਸਹੂਲਤਾਂ ਨੂੰ ਤਰਕਸੰਗਤ ਨਾ ਕੀਤਾ ਤਾਂ ਕੋਈ ਸ਼ੱਕ ਨਹੀਂ ਕਿ ਪੰਜਾਬ ਦਾ ਵਿੱਤੀ ਸੰਕਟ ਹੋਰ ਗਹਿਰਾ ਹੋ ਸਕਦਾ ਹੈ।

ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਮਾਨ ਸਰਕਾਰ ਵੱਲੋਂ ਪੰਜਾਬ ਦੇ ਆਮ ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ ਜਾਂ ਬੱਸ ਸਫ਼ਰ ਦੀ ਸਹੂਲਤ ਦੇਣਾ ਜੇਕਰ ਬੁਰਾ ਨਹੀਂ ਤਾਂ ਹਾਲ ਦੀ ਘੜੀ ਵਿਚ ਜਾਂ ਸੂਬੇ ਦੀ ਵਰਤਮਾਨ ਵਿੱਤੀ ਹਾਲਤ ਅਨੁਸਾਰ ਇਹ ਕਦਮ ਜ਼ਿਆਦਾ ਚੰਗਾ ਵੀ ਨਹੀਂ। ਮਾਹਿਰਾਂ ਦਾ ਮੰਨਣਾ ਕਿ ਮਾਨ ਸਰਕਾਰ ਸਾਰੇ ਪੰਜਾਬ ਵਾਸੀਆਂ ਨੂੰ ਤਿੰਨ ਸੌ ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੇਣ ਦੀ ਥਾਂ ਜੇਕਰ ਬਿਜਲੀ ਦੀ ਪ੍ਰਤੀ ਯੂਨਿਟ ਕੀਮਤ ਨੂੰ ਅੱਧਾ ਕਰ ਦੇਵੇ ਤਾਂ ਲੋਕਾਂ ਨੂੰ ਸਸਤੀ ਬਿਜਲੀ ਵੀ ਮਿਲਦੀ ਰਹੇਗੀ, ਬਿਜਲੀ ਦੀ ਦੁਰਵਰਤੋਂ ਵੀ ਘਟੇਗੀ ਅਤੇ ਬਿਜਲੀ ਵਿਭਾਗ ਨੂੰ ਕੁਝ ਆਮਦਨ ਵੀ ਆਉਂਦੀ ਰਹੇਗੀ ਜੋ ਕਿ ਇਸ ਵਿਭਾਗ ਨੂੰ ਮੇਂਟੀਨੈਂਸ ਖ਼ਰਚੇ, ਤਨਖ਼ਾਹਾਂ ਅਤੇ ਹੋਰ ਖ਼ਰਚੇ ਕਰਨ ਵਿਚ ਮਦਦ ਕਰੇਗੀ। ਆਮਦਨ ਆਉਣ ਨਾਲ ਇਹ ਵਿਭਾਗ ਆਊਟਸੋਰਸਿੰਗ ਰਾਹੀਂ ਠੇਕਾ ਪ੍ਰਣਾਲੀ ਵਾਲੇ ਮੁਲਾਜ਼ਮਾਂ ਦੀ ਥਾਂ ਪੱਕੇ ਮੁਲਾਜ਼ਮਾਂ ਦਾ ਖ਼ਰਚਾ ਬਰਦਾਸ਼ਤ ਕਰਨ ਦੇ ਕਾਬਿਲ ਬਣ ਸਕੇਗਾ ਤੇ ਪੱਕੀ ਤੇ ਪੂਰੀ ਤਨਖ਼ਾਹ ਮਿਲਣ ਨਾਲ ਮੁਲਾਜ਼ਮ ਜਥੇਬੰਦੀਆਂ ਦੇ ਕਈ ਮਸਲੇ ਹੱਲ ਹੋ ਜਾਣਗੇ। ਇਹੋ ਕੰਮ ਮਹਿਲਾਵਾਂ ਲਈ ਮੁਫ਼ਤ ਬੱਸ ਸਫ਼ਰ ਸਬੰਧੀ ਵੀ ਕਰਨ ਦੀ ਲੋੜ ਹੈ। ਮਾਨ ਸਰਕਾਰ ਜੇਕਰ ਨਿਜੀ ਅਤੇ ਸਰਕਾਰੀ ਭਾਵ ਕਿ ਹਰ ਤਰ੍ਹਾਂ ਦੀ ਬੱਸ ਸਰਵਿਸ ਵਰਤਣ ਹਿਤ ਮਹਿਲਾਵਾਂ ਲਈ ਬੱਸ ਕਿਰਾਇਆ ਅੱਧਾ ਕਰ ਦੇਵੇ ਤਾਂ ਮਹਿਲਾਵਾਂ ਦਾ ਖ਼ਰਚਾ ਵੀ ਬਚਿਆ ਰਹੇਗਾ, ਸਰਕਾਰੀ ਬੱਸ ਸਰਵਿਸ 'ਤੇ ਬੋਝ ਵੀ ਘਟੇਗਾ ਅਤੇ ਨਿਜੀ ਬੱਸ ਸਰਵਿਸ ਵਾਲੇ ਵੀ ਇਸ ਯੋਜਨਾ ਨੂੰ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲੈਣਗੇ। ਆਮਦਨ ਆਉਣ ਨਾਲ ਟਰਾਂਸਪੋਰਟ ਵਿਭਾਗ ਦੀਆਂ ਬੱਸਾਂ ਅਤੇ ਮੁਲਾਜ਼ਮਾਂ ਦੀ ਹਾਲਤ ਵੀ ਸੁਧਰ ਸਕੇਗੀ। ਸੂਬੇ ਅੰਦਰ ਰਹਿੰਦੀ 18 ਸਾਲ ਤੋਂ ਵੱਧ ਉਮਰ ਦੀ ਆਮ ਵਰਗ ਦੀ ਹਰੇਕ ਮਹਿਲਾ ਨੂੰ ਪ੍ਰਤੀ ਮਹੀਨਾ ਇਕ ਹਜ਼ਾਰ ਅਤੇ ਦਲਿਤ ਮਹਿਲਾ ਨੂੰ ਪ੍ਰਤੀ ਮਹੀਨਾ ਪੰਦਰਾਂ ਸੌ ਰੁਪਏ ਪ੍ਰਦਾਨ ਕਰਨ ਵਾਲੀ ਯੋਜਨਾ ਮਹਿਲਾਵਾਂ ਨੂੰ ਤਾਂ ਸਸ਼ਕਤ ਕਰ ਦੇਵੇਗੀ ਪਰ ਜੇਕਰ ਵਿੱਤੀ ਖ਼ਰਚਿਆਂ ਨਾਲ ਬਰ ਮੇਚਣ ਲਈ ਆਮਦਨ ਵਧਾਉਣ ਹਿਤ ਇਸ ਸਰਕਾਰ ਨੇ ਕੋਈ ਠੋਸ ਅਤੇ ਸਾਰਥਕ ਕਦਮ ਨਾ ਚੁੱਕੇ ਤਾਂ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਵਿੱਤੀ ਹਾਲਤ ਹੋਰ ਵੀ ਗ਼ਰਕ ਜਾਵੇਗੀ। ਇਸੇ ਤਰ੍ਹਾਂ ਮੁਫ਼ਤ ਵਿਚ ਆਟਾ, ਦਾਲ, ਚਾਹ ਪੱਤੀ, ਖੰਡ ਅਤੇ ਘਿਓ ਦੇਣ ਸਬੰਧੀ ਯੋਜਨਾ ਵੀ ਸੂਬੇ ਦੀ ਵਿੱਤੀ ਹਾਲਤ ਨੂੰ ਹੋਰ ਡਾਵਾਂਡੋਲ ਕਰ ਸਕਦੀ।

ਮਾਨ ਸਰਕਾਰ ਪ੍ਰਤੀ ਪੰਜਾਬ ਦੇ ਸਮੂਹ ਸਰਕਾਰੀ ਮੁਲਾਜ਼ਮਾਂ ਦਾ ਇਕ ਵੱਡਾ ਇਲਜ਼ਾਮ ਕਿ ਸੱਤਾ ਵਿਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਸਮੂਹ ਮੁਲਾਜ਼ਮਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ ਅਤੇ ਪੁਰਾਣੀ ਪੈਨਸ਼ਨ ਯੋਜਨਾ ਬਹਾਲ ਕੀਤੀ ਜਾਵੇਗੀ ਪਰ ਹਕੀਕਤ ਇਹ ਹੈ ਕਿ ਇਸ ਸਰਕਾਰ ਦੇ ਸਵਾ ਚਾਰ ਸਾਲ ਪੂਰੇ ਹੋ ਚੁੱਕੇ ਹਨ ਪਰ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਇਸ ਸਰਕਾਰ ਨੇ ਆਪਣਾ ਇਹ ਵਾਅਦਾ ਅਜੇ ਤੱਕ ਵੀ ਪੂਰਾ ਨਹੀਂ ਕੀਤਾ ਹੈ ਜਿਸ ਕਰਕੇ ਮੁਲਾਜ਼ਮ ਜਥੇਬੰਦੀਆਂ ਵਿਚ ਰੋਸ ਤੇ ਉਹ ਸੜਕਾਂ 'ਤੇ ਹਨ। ਸਰਕਾਰ ਵੱਲੋਂ ਇਸ ਵਕਤ ਵੀ ਇਸ ਸਬੰਧ ਵਿਚ ਕੋਈ 'ਹਾਂ ਪੱਖੀ ਹੁੰਗਾਰਾ' ਨਾ ਭਰਨਾ ਮੁਲਾਜ਼ਮਾਂ ਵਿਚ ਨਿਰਾਸ਼ਾ ਪੈਦਾ ਕਰ ਰਿਹਾ।

ਕੇਂਦਰ ਸਰਕਾਰ ਦੇ ਕਰਮਚਾਰੀਆਂ ਅਤੇ ਪੰਜਾਬ ਨੂੰ ਛੱਡ ਕੇ ਬਾਕੀ ਰਾਜਾਂ ਦੇ ਕਰਮਚਾਰੀਆਂ

*(ਬਾਕੀ ਅਗਲੇ ਸਫੇ 'ਤੇ)*

# 'ਕਾਕਰੋਚਾਂ' ਤੋਂ ਪ੍ਰੇਸ਼ਾਨ ਹੈ 'ਸਭ ਤੋਂ ਵੱਡਾ ਲੋਕਤੰਤਰ'

ਬੂਟਾ ਸਿੰਘ ਮਹਿਮੂਦਪੁਰ

ਨਿਆਂ ਪ੍ਰਣਾਲੀ ਦੇ ਉੱਚਤਮ ਅਹੁਦਿਆਂ 'ਤੇ ਬਿਰਾਜਮਾਨ ਜੱਜਾਂ ਤੋਂ ਬਿਹਤਰੀਨ ਮਾਰਗ-ਦਰਸ਼ਕ ਭਾਸ਼ਾ ਦੀ ਤਵੱਕੋ ਕੀਤੀ ਜਾਂਦੀ ਹੈ ਪਰ ਕਦੇ ਨਾ ਕਦੇ ਉਨ੍ਹਾਂ ਦੇ ਅੰਦਰ ਛੁਪੇ ਜਮਾਤੀ, ਜਾਤੀ, ਪਿਤਰਸੱਤਾਵਾਦੀ, ਫਿਰਕੂ ਤੁਅੱਸਬ ਤੇ ਪੱਖਪਾਤ ਸਭਿਅਕ ਹੋਣ ਦਾ ਮੁਲੰਮਾ ਲਾਹ ਕੇ ਜੱਗ ਜ਼ਾਹਰ ਹੋ ਹੀ ਜਾਂਦੇ ਹਨ। ਭਾਰਤ ਦੇ ਮੌਜੂਦਾ ਚੀਫ ਜਸਟਿਸ ਸੂਰੀਆਕਾਂਤ ਵੱਲੋਂ ਰਾਜਨੀਤਕ ਆਗੂਆਂ ਵਾਲੀ ਭਾਸ਼ਾ ਦੀ ਵਰਤੋਂ ਇਸਦਾ ਸੰਕੇਤ ਹੈ ਕਿ ਸਰਵਉੱਚ ਅਦਾਲਤ ਵੀ ਹੁਣ ਨਿਰਪੱਖਤਾ ਦਾ ਮਖੌਟਾ ਲਾਹ ਕੇ, ਹੁਕਮਰਾਨ ਧਿਰ ਦੀ ਤਰਜ਼ 'ਤੇ ਨਫ਼ਰਤੀ ਟਿੱਪਣੀਆਂ ਕਰਨ 'ਚ ਪਿੱਛੇ ਨਹੀਂ ਰਹਿਣਾ ਚਾਹੁੰਦੀ।

ਚੀਫ ਜਸਟਿਸ ਦਾ ਬੇਰੁਜ਼ਗਾਰ ਨੌਜਵਾਨਾਂ ਨੂੰ 'ਕਾਕਰੋਚ' ਕਹਿਣਾ ਸਰਸਰੀ ਟਿੱਪਣੀ ਨਹੀਂ ਹੈ, ਇਹ ਮੁਲਕ ਦੇ ਕੁਲੀਨ ਵਰਗ ਦੀ ਸੋਚ ਵਿਚ ਆਰਥਕ ਤੌਰ 'ਤੇ ਹਾਸ਼ੀਏ 'ਤੇ ਧੱਕੇ ਅਤੇ ਤਰੱਕੀ ਦੇ ਮੌਕਿਆਂ ਤੋਂ ਵਾਂਝੇ ਹਿੱਸਿਆਂ ਪ੍ਰਤੀ ਡੂੰਘੀ ਜਮਾਤੀ ਨਫ਼ਰਤ ਦੀ ਨੁਮਾਇਸ਼ ਹੈ ਕਿ ਉਹ ਆਮ ਲੋਕਾਂ ਦੀ ਜਮਹੂਰੀ ਅਸਹਿਮਤੀ ਨੂੰ ਕਿਵੇਂ ਦੇਖਦੇ ਹਨ।

ਚੀਫ ਜਸਟਿਸ ਨੇ ਇਹ ਜ਼ਬਾਨੀਂ ਟਿੱਪਣੀ 15 ਮਈ ਨੂੰ ਤੀਸ ਹਜ਼ਾਰੀ ਦੇ ਕੁਝ ਵਕੀਲਾਂ ਦੀ ਵਕਾਲਤ ਦੀ ਡਿਗਰੀ ਨੂੰ ਜਾਅਲੀ ਦੱਸਦੇ ਹੋਏ ਕੀਤੀ। ਜਦੋਂ ਇਸ ਟਿੱਪਣੀ ਦਾ ਤਿੱਖਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਤਾਂ ਚੀਫ ਜਸਟਿਸ ਨੇ ਸਫ਼ਾਈ ਪੇਸ਼ ਕੀਤੀ ਕਿ ਮੀਡੀਆ ਦੇ ਇਕ ਹਿੱਸੇ ਨੇ ਉਸਦੀ ਟਿੱਪਣੀ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਹੈ। ਚੀਫ ਜਸਟਿਸ ਨੇ ਸਪਸ਼ਟੀਕਰਨ ਦਿੱਤਾ ਕਿ ਉਸ ਨੇ ਤਾਂ ਉਨ੍ਹਾਂ ਲੋਕਾਂ ਨੂੰ ਕਾਕਰੋਚ ਅਤੇ ਪਰਜੀਵੀ ਕਿਹਾ ਸੀ ਜੋ ਖ਼ਾਸ ਤੌਰ 'ਤੇ ਜਾਅਲੀ ਡਿਗਰੀਆਂ ਦੀ ਮਦਦ ਨਾਲ ਵਕਾਲਤ ਦੀ ਪ੍ਰੈਕਟਿਸ ਵਰਗੇ ਪੇਸ਼ਿਆਂ ਵਿਚ ਘੁਸ ਚੁੱਕੇ ਹਨ, ਨਾ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ; ਇਸੇ ਤਰ੍ਹਾਂ ਦੇ ਵਿਅਕਤੀ ਮੀਡੀਆ, ਸੋਸ਼ਲ ਮੀਡੀਆ ਅਤੇ ਹੋਰ ਉੱਤਮ ਪੇਸ਼ਿਆਂ ਵਿਚ ਘੁਸਪੈਠ ਕਰ ਚੁੱਕੇ ਹਨ ਅਤੇ ਇਸ ਲਈ ਉਹ ਪਰਜੀਵੀਆਂ ਵਰਗੇ ਹਨ; ਮੁਲਕ ਦੇ ਨੌਜਵਾਨ ਤਾਂ ਉਸ ਲਈ ਵਿਕਸਤ ਭਾਰਤ ਦੇ ਥੰਮ੍ਹ ਹਨ।

ਅੱਗੇ ਚਰਚਾ ਕਰਨ ਤੋਂ ਪਹਿਲਾਂ ਇਹ ਪੁੱਛਣਾ ਬਿਲਕੁਲ ਵਾਜਬ ਹੈ ਕਿ ਜੇਕਰ ਸਵਾਲ ਜਾਅਲੀ ਡਿਗਰੀ ਦਾ ਹੀ ਹੈ, ਫਿਰ ਤਾਂ ਮਿਸਟਰ ਮੋਦੀ ਦੀ ਡਿਗਰੀ ਵੀ ਬਹੁਤ ਚਰਚਾ ਵਿਚ ਰਹੀ ਹੈ, ਕੀ ਚੀਫ ਜਸਟਿਸ ਉਸਨੂੰ ਵੀ ਕਾਕਰੋਚ ਕਹਿਣਗੇ!

ਜਨਾਬ ਸੂਰੀਆਕਾਂਤ ਦੀ ਇਹ ਪਹਿਲੀ ਵਿਵਾਦਪੂਰਨ ਟਿੱਪਣੀ ਨਹੀਂ ਹੈ। ਉਹ ਅਜਿਹੀਆਂ ਟਿੱਪਣੀਆਂ ਕਾਰਨ ਪਹਿਲਾਂ ਵੀ ਚਰਚਾ ਦਾ ਕੇਂਦਰ ਬਣਦੇ ਰਹੇ ਹਨ। ਜਿਨ੍ਹਾਂ ਦਾ ਸੁਰ ਵੀ ਅਜਿਹਾ ਹੀ ਰਿਹਾ ਹੈ। ਮਿਸਾਲ ਲਈ, ਘਰੇਲੂ ਵਰਕਰਾਂ ਦੇ ਹੱਕਾਂ ਬਾਰੇ ਜਨ-ਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ 29 ਜਨਵਰੀ ਨੂੰ ਉਨ੍ਹਾਂ ਨੇ ਟਰੇਡ ਯੂਨੀਅਨਾਂ ਬਾਰੇ ਟਿੱਪਣੀ ਕੀਤੀ ਕਿ ਮੁਲਕ ਦਾ ਆਰਥਕ ਵਾਧਾ ਰੋਕਣ ਲਈ ਟਰੇਡ ਯੂਨੀਅਨਾਂ ਜ਼ੁੰਮੇਵਾਰ ਹਨ: 'ਉਨ੍ਹਾਂ ਦੇ ਕਾਰਨ ਕਿੰਨੀਆਂ ਸਨਅਤੀ ਇਕਾਈਆਂ ਬੰਦ ਹੋ ਗਈਆਂ?...ਮੁਲਕ ਦੀਆਂ ਸਾਰੀਆਂ ਰਵਾਇਤੀ ਸਨਅਤਾਂ ਪੂਰੇ ਦੇਸ਼ ਵਿਚ ਇਨ੍ਹਾਂ 'ਝੰਡਾ ਯੂਨੀਅਨਾਂ' ਦੇ ਕਾਰਨ ਬੰਦ ਹੋ ਗਈਆਂ।' ਉਨ੍ਹਾਂ ਨੇ ਇੱਥੋਂ ਤੱਕ ਕਿਹਾ ਕਿ ਘੱਟੋ-ਘੱਟ ਉਜ਼ਰਤਾਂ ਤੈਅ ਕਰਨ ਨਾਲ - ਖ਼ਾਸ ਕਰਕੇ ਘਰੇਲੂ ਕੰਮ ਵਰਗੇ ਖੇਤਰਾਂ ਵਿਚ - ਮਾਲਕ ਵਰਕਰਾਂ ਨੂੰ ਕੰਮ 'ਤੇ ਰੱਖਣ ਤੋਂ ਨਿਰਉਤਸ਼ਾਹਤ ਹੋ ਸਕਦੇ ਹਨ, ਇਸ ਨਾਲ ਰੁਜ਼ਗਾਰ ਪੈਦਾ ਹੋਣ 'ਚ ਰੁਕਾਵਟ ਪਵੇਗੀ। ਇਹ ਮਜ਼ਦੂਰਾਂ ਦੀ ਆਪਣੇ ਹਿਤਾਂ ਲਈ ਸਮੂਹਿਕ ਸੰਘਰਸ਼ ਦੇ ਹੱਕ ਦੇ ਖ਼ਿਲਾਫ਼ ਟਿੱਪਣੀ ਸੀ।

ਜਦੋਂ ਭਾਰਤੀ ਅਧਿਕਾਰੀਆਂ ਵੱਲੋਂ ਕੁਝ ਰੋਹਿੰਗਿਆ ਰਫਿਊਜ਼ੀਆਂ ਨੂੰ ਚੁੱਕ ਕੇ ਸਮੁੰਦਰ ਵਿਚ ਸੁੱਟ ਦੇਣ ਦੀਆਂ ਰਿਪੋਰਟਾਂ ਤੋਂ ਫ਼ਿਕਰਮੰਦ ਕਾਰਕੁਨਾਂ ਨੇ ਪਟੀਸ਼ਨ ਦਾਇਰ ਕਰਕੇ ਸਰਵਉੱਚ ਅਦਾਲਤ ਨੂੰ ਇਸਦਾ ਨੋਟਿਸ ਲੈਣ ਦੀ ਗੁਜ਼ਾਰਿਸ਼ ਕੀਤੀ ਤਾਂ ਜਸਟਿਸ ਸੂਰੀਆਕਾਂਤ ਨੇ ਇਸ ਨੂੰ 'ਖ਼ੂਬਸੂਰਤੀ ਨਾਲ ਘੜੀ ਕਹਾਣੀ' ਕਹਿ ਕੇ ਰੱਦ ਕਰ ਦਿੱਤਾ। 2 ਦਸੰਬਰ 2025 ਨੂੰ ਉਸਦੀ ਅਗਵਾਈ ਵਾਲੇ ਦੋ-ਮੈਂਬਰੀ ਬੈਂਚ ਨੇ ਰੋਹਿੰਗਿਆ ਵਿਅਕਤੀਆਂ ਦੇ ਲਾਪਤਾ ਹੋ ਜਾਣ ਬਾਰੇ ਹੈਬੀਅਸ ਕਾਰਪਸ ਪਟੀਸ਼ਨ ਦੀ ਸੁਣਵਾਈ ਕਰਦਿਆਂ ਭਾਰਤ ਵਿਚ ਰੋਹਿੰਗਿਆ ਵਿਅਕਤੀਆਂ ਦੀ ਮੌਜੂਦਗੀ ਬਾਰੇ ਹੀ ਸਵਾਲ ਖੜ੍ਹਾ ਕਰਦਿਆਂ ਕਿਹਾ: 'ਜੇ ਕੋਈ ਘੁਸਪੈਠੀਆ ਆਉਂਦਾ ਹੈ, ਤਾਂ ਕੀ ਅਸੀਂ ਉਸਦਾ ਲਾਲ ਗਲੀਚਾ ਵਿਛਾ ਕੇ ਸਵਾਗਤ ਕਰੀਏ ਅਤੇ ਕਹੀਏ ਕਿ ਅਸੀਂ ਤੁਹਾਨੂੰ ਸਾਰੀਆਂ ਸਹੂਲਤਾਂ ਦੇਣਾ ਚਾਹੁੰਦੇ ਹਾਂ?' ਚੀਫ ਜਸਟਿਸ ਨੇ ਟਿੱਪਣੀ ਕੀਤੀ, 'ਪਹਿਲਾਂ ਤੁਸੀਂ ਆਉਂਦੇ ਹੋ, ਤੁਸੀਂ ਗੈਰਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਦੇ ਹੋ। ਤੁਸੀਂ ਸੁਰੰਗ ਖੋਦ ਕੇ ਜਾਂ ਵਾੜ ਟੱਪ ਕੇ ਗੈਰਕਾਨੂੰਨੀ ਤੌਰ 'ਤੇ ਭਾਰਤ ਵਿਚ ਦਾਖ਼ਲ ਹੁੰਦੇ ਹੋ। ਫਿਰ ਤੁਸੀਂ ਕਹਿੰਦੇ ਹੋ ਕਿ ਹੁਣ ਜਦੋਂ ਮੈਂ ਅੰਦਰ ਆ ਗਿਆ ਹਾਂ, ਤਾਂ ਤੁਹਾਡੇ ਕਾਨੂੰਨ ਮੇਰੇ 'ਤੇ ਲਾਗੂ ਹੋਣੇ ਚਾਹੀਦੇ ਹਨ ਅਤੇ ਮੈਂ ਖਾਣੇ ਦਾ ਹੱਕਦਾਰ ਹਾਂ, ਮੈਂ ਰਹਿਣ ਲਈ ਰੈਣ-ਬਸੇਰੇ ਦਾ ਹੱਕਦਾਰ ਹਾਂ, ਮੇਰੇ ਬੱਚੇ ਸਿੱਖਿਆ ਦੇ ਹੱਕਦਾਰ ਹਨ। ਕੀ ਅਸੀਂ ਕਾਨੂੰਨ ਨੂੰ ਇਸ ਹੱਦ ਤੱਕ ਖਿੱਚਣਾ ਚਾਹੁੰਦੇ ਹਾਂ?' ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਅਜਿਹੇ ਵਿਅਕਤੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਭੇਜਣ ਵਿਚ ਕੋਈ ਸਪੱਸ਼ਟ ਸਮੱਸਿਆ ਨਹੀਂ ਹੈ। (ਇਸ ਤੋਂ ਪਹਿਲਾਂ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਵੀ ਇਕ ਤਾਮਿਲ ਰਫਿਊਜ਼ੀ ਨੂੰ ਹਿਰਾਸਤ ਵਿਚ ਲਏ ਜਾਣ ਦੇ ਕੇਸ ਵਿਚ ਦਖ਼ਲ ਦੇਣ ਤੋਂ ਇਨਕਾਰ ਕਰਦਿਆਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਇਹ ਕੋਈ ਧਰਮਸ਼ਾਲਾ ਨਹੀਂ ਹੈ ਕਿ ਅਸੀਂ ਸਾਰੇ ਬਦੇਸ਼ੀ ਨਾਗਰਿਕਾਂ ਨੂੰ ਪਨਾਹ ਦੇਈਏ।) ਬਿਪਤਾ ਦੀ ਹਾਲਤ ਵਿਚ ਆਪਣਾ ਵਤਨ ਛੱਡਣ ਲਈ ਮਜਬੂਰ ਹੋਏ ਲੋਕ ਜਿਵੇਂ ਭਗਵਾ ਹੁਕਮਰਾਨਾਂ ਲਈ 'ਸਿਉਂਕ' ਹਨ, ਉਸੇ ਤਰ੍ਹਾਂ ਇਨ੍ਹਾਂ ਜਸਟਿਸ ਸਾਹਿਬਾਨ ਦੀਆਂ ਨਜ਼ਰਾਂ ਵਿਚ ਉਹ ਗ਼ੈਰਕਾਨੂੰਨੀ ਘੁਸਪੈਠੀਏ ਹਨ!

11 ਮਈ ਨੂੰ ਵਾਤਾਵਰਣ ਕਾਰਕੁਨਾਂ ਵੱਲੋਂ ਵਾਤਾਵਰਣ ਬਾਰੇ ਉਠਾਏ ਸਰੋਕਾਰਾਂ ਬਾਰੇ ਉਸਨੇ ਕਿਹਾ ਕਿ ਇਨ੍ਹਾਂ ਦਾ ਕੰਮ ਹੀ ਹੈ ਅਦਾਲਤ ਵਿਚ ਆ ਕੇ ਦਲੀਲਾਂ ਦੇਣਾ। ਇਕ ਵੀ ਕੇਸ ਦੱਸ ਦਿਓ, ਜਿੱਥੇ ਇਨ੍ਹਾਂ ਕਥਿਤ ਵਾਤਾਵਰਣ ਕਾਰਕੁਨਾਂ ਨੇ ਹੋਏ ਵਿਕਾਸ ਦਾ ਸਵਾਗਤ ਕੀਤਾ ਹੋਵੇ। ਕਮੇਡੀਅਨ ਸਮਯ ਰੈਨਾ ਦੇ ਯੂਟਿਊਬ ਸ਼ੋ 'ਇੰਡੀਆਜ਼ ਗੌਟ ਲੇਟੈਂਟ' ਨਾਲ ਜੁੜੇ ਵਿਵਾਦ ਅਤੇ ਯੂਟਿਊਬਰ ਰਣਬੀਰ ਅਲਾਹਾਬਾਦੀਆ ਦੀ ਪਟੀਸ਼ਨ ਉੱਪਰ ਸੁਣਵਾਈ ਦੌਰਾਨ ਵੀ ਉਨ੍ਹਾਂ ਦੀਆਂ ਟਿੱਪਣੀਆਂ ਦੀ ਭਾਸ਼ਾ ਖ਼ਾਸ ਸੁਰ ਵਾਲੀ ਸੀ। ਜਿਵੇਂ, 'ਕੁਝ ਲੋਕ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ 'ਤੇ ਲੇਖ ਲਿਖ ਰਹੇ ਹਨ; ਸਾਨੂੰ ਉਨ੍ਹਾਂ ਨਾਲ ਨਜਿੱਠਣਾ ਚੰਗੀ ਤਰ੍ਹਾਂ ਆਉਂਦਾ ਹੈ', 'ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਕਰਤੱਵ ਵੀ ਜੁੜੇ ਹੁੰਦੇ ਹਨ' 'ਇਹ ਨੌਜਵਾਨ ਜ਼ਰੂਰਤ ਤੋਂ ਜ਼ਿਆਦਾ ਚਲਾਕ ਬਣ ਰਹੇ ਹਨ...ਉਨ੍ਹਾਂ ਨੂੰ ਸ਼ਾਇਦ ਇਸ ਅਦਾਲਤ ਦੇ ਅਧਿਕਾਰ-ਖੇਤਰ ਅਤੇ ਇੱਥੋਂ ਕੀ ਕੀਤਾ ਜਾ ਸਕਦਾ ਹੈ, ਇਸਦਾ ਅੰਦਾਜ਼ਾ ਨਹੀਂ ਹੈ।' ਅਜਿਹੀਆਂ ਹੋਰ ਮਿਸਾਲਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

ਚੀਫ ਜਸਟਿਸ ਨੇ ਉਪਰੋਕਤ ਟਿੱਪਣੀ ਉਨ੍ਹਾਂ ਹਾਲਾਤ ਵਿਚ ਕੀਤੀ ਹੈ ਜਦੋਂ ਭਾਰਤੀ ਸਮਾਜ ਵਿਚ ਪਹਿਲਾਂ ਹੀ ਡੂੰਘੀ ਫਿਰਕੂ ਪਾਲਾਬੰਦੀ ਹੋ ਚੁੱਕੀ ਹੈ। ਭਗਵਾ ਧਿਰ ਵੱਲੋਂ ਲਗਾਤਾਰ ਨਫ਼ਰਤੀ ਭਾਸ਼ਣਾਂ, ਨਫ਼ਰਤ ਫੈਲਾਊ ਮੁਹਿੰਮਾਂ ਰਾਹੀਂ ਨਫ਼ਰਤੀ ਭਾਸ਼ਾ




ਨੂੰ ਨਿਊ ਨਾਰਮਲ ਬਣਾ ਦਿੱਤਾ ਗਿਆ ਹੈ। 'ਇੰਡੀਆ ਹੇਟ ਲੈਬ' ਦੀ ਸਾਲਾਨਾ ਰਿਪੋਰਟ 2025 ਅਨੁਸਾਰ ਇਕ ਸਾਲ ਵਿਚ ਅਜਿਹੇ 141 ਨਫ਼ਰਤੀ ਭਾਸ਼ਣ ਦਿੱਤੇ ਗਏ। ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਅਤੇ ਅਸਹਿਮਤ ਆਵਾਜ਼ਾਂ ਨੂੰ ਪਹਿਲਾਂ ਹੀ 'ਦੇਸ਼ਧ੍ਰੋਹੀ', 'ਟੁਕੜੇ-ਟੁਕੜੇ ਗੈਂਗ', 'ਸ਼ਹਿਰੀ ਨਕਸਲੀ', 'ਘੁਸਪੈਠੀਏ' ਵਰਗੇ ਲੇਬਲਾਂ ਨਾਲ ਨਿਸ਼ਾਨਾ ਬਣਾਉਣ ਦਾ ਸਿਲਸਿਲਾ ਸਾਲਾਂ ਤੋਂ ਚੱਲ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨਾ ਸਿਰਫ਼ ਚੋਣ ਰੈਲੀਆਂ ਵਿਚ ਸਗੋਂ ਪਾਰਲੀਮੈਂਟ ਦੇ ਅੰਦਰ 'ਘੁਸਪੈਠੀਏ', 'ਸਿਉਂਕ', 'ਅੰਦੋਲਨਜੀਵੀ' ਵਰਗੇ ਸ਼ਬਦ ਵਰਤਦੇ ਦੇਖੇ ਜਾ ਸਕਦੇ ਹਨ। ਹੁਣ ਜੇ ਬੇਰੁਜ਼ਗਾਰ ਨੌਜਵਾਨਾਂ ਅਤੇ ਆਰ.ਟੀ.ਆਈ. ਕਾਰਕੁਨਾਂ ਨੂੰ ਵੀ 'ਪਰਜੀਵੀ' ਕਿਹਾ ਜਾਣ ਲੱਗਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਹਮਲੇ ਦਾ ਘੇਰਾ ਚੌੜਾ ਕੀਤਾ ਜਾ ਰਿਹਾ ਹੈ ਅਤੇ ਹਾਲਾਤ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਹੱਦ 'ਤੇ ਜਾ ਪਹੁੰਚੇ ਹਨ।

ਇਹ ਭਗਵਾ ਹਕੂਮਤ ਦੇ ਤਹਿਤ ਮੁਲਕ ਦੇ ਰਾਜ-ਢਾਂਚੇ ਅੰਦਰ ਡੂੰਘੀ ਘੁਸਪੈਠ ਕਰ ਚੁੱਕੀ ਨਫ਼ਰਤੀ ਵਿਚਾਰਧਾਰਾ ਦਾ ਪ੍ਰਗਟਾਵਾ ਵੀ ਹੈ। ਆਰ.ਐੱਸ.ਐੱਸ. ਦੀ ਵਿਚਾਰਧਾਰਾ ਅਧਿਕਾਰਾਂ ਦੀ ਬਜਾਏ 'ਕਰਤੱਵ' ਅਤੇ ਸਵਾਲਾਂ ਦੀ ਬਜਾਏ ਅੰਧ-ਭਗਤੀ ਉੱਪਰ ਜ਼ੋਰ ਦਿੰਦੀ ਹੈ। ਇਹ ਵਿਚਾਰਧਾਰਾ ਕੁਲੀਨ ਵਰਗ ਨੂੰ ਪੂਰੀ ਤਰ੍ਹਾਂ ਰਾਸ ਆਉਂਦੀ ਹੈ ਕਿ ਵਾਂਝੇ ਨੌਜਵਾਨ ਯਥਾਸਥਿਤੀ ਦੇ ਗ਼ੁਲਾਮ ਬਣੇ ਰਹਿਣ ਅਤੇ ਸੱਤਾ ਨੂੰ ਸਵਾਲ ਕਰਨ ਦਾ ਹੌਸਲਾ ਨਾ ਕਰਨ। ਇਸ ਬੇਹੱਦ ਖ਼ਤਰਨਾਕ ਟਿੱਪਣੀ ਵਿੱਚੋਂ ਸਿਸਟਮ ਉੱਪਰ ਸਵਾਲ ਕਰਨ ਵਾਲਿਆਂ ਪ੍ਰਤੀ ਹਾਕਮ ਜਮਾਤ ਅਤੇ ਕੁਲੀਨ ਵਰਗ ਦਾ ਜਮਾਤੀ ਨਜ਼ਰੀਆ ਝਲਕਦਾ ਹੈ। ਇਹ ਨਜ਼ਰੀਆ ਸੱਤਾ ਦੀ ਜੀ-ਹਜ਼ੂਰੀ ਨੂੰ ਦੇਸ਼ਭਗਤੀ ਅਤੇ ਸਵਾਲ ਪੁੱਛਣ ਨੂੰ ਦੇਸ਼ਧ੍ਰੋਹ ਮੰਨਦਾ ਹੈ। ਦਿਮਾਗ ਬੰਦ ਕਰਕੇ ਸੱਤਾ ਦੇ ਜੀ-ਹਜ਼ੂਰੀਏ ਬਣੇ ਰਹਿਣ ਦੀ ਸੂਰਤ 'ਚ ਨੌਜਵਾਨੀ ਤੋਂ ਨਾ ਹਕੂਮਤ ਨੂੰ ਕੋਈ ਸਮੱਸਿਆ ਹੈ ਅਤੇ ਨਾ ਕੁਲੀਨ-ਵਰਗੀ ਮਾਨਸਿਕਤਾ ਵਾਲੇ ਕਥਿਤ ਸੱਭਿਅਕ ਲਾਣੇ ਨੂੰ। ਪਰ ਜੇਕਰ ਉਹ ਸਰਕਾਰਾਂ ਦੀ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਂਦੇ ਹਨ, ਜੇਕਰ ਉਹ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਜਾਂ ਮਨੁੱਖੀ ਜ਼ਿੰਦਗੀ ਦੇ ਹਾਲਾਤਾਂ ਨੂੰ ਬਿਹਤਰ ਬਣਾਉਣ ਦਾ ਸੁਪਨਾ ਦੇਖਦੇ ਹਨ ਤਾਂ ਹੁਕਮਰਾਨਾਂ ਨੂੰ ਚੁੱਭਣੇ ਸ਼ੁਰੂ ਹੋ ਜਾਂਦੇ ਹਨ। ਚੀਫ ਜਸਟਿਸ ਦੀ ਟਿੱਪਣੀ ਵਿਚ ਇਹ ਕੁਲੀਨ-ਵਰਗੀ ਔਖ ਖ਼ਾਸ ਤੌਰ 'ਤੇ ਜ਼ਾਹਰ ਹੋਈ ਹੈ ਕਿ ਮੀਡੀਆ, ਸੋਸ਼ਲ ਮੀਡੀਆ, ਸੂਚਨਾ ਅਧਿਕਾਰ ਕਾਰਕੁਨ ਸੱਤਾ ਨੂੰ ਸਵਾਲ ਕਿਉਂ ਕਰਦੇ ਹਨ। ਉਹ ਰਾਜ-ਪ੍ਰਬੰਧ ਦੇ ਅਦਾਰਿਆਂ ਤੋਂ ਜਵਾਬਦੇਹੀ ਦੀ ਮੰਗ ਕਿਉਂ ਕਰਦੇ ਹਨ। ਉਹ ਹਕੂਮਤ ਪੱਖੀ ਸਰਕਾਰੀ ਤੇ ਗ਼ੈਰਸਰਕਾਰੀ ਪ੍ਰਚਾਰ-ਤੰਤਰ ਦੇ ਬਿਰਤਾਂਤਾਂ ਨੂੰ ਅੱਖਾਂ ਮੀਟ ਕੇ ਆਖ਼ਰੀ ਸੱਚ ਕਿਉਂ ਨਹੀਂ ਮੰਨਦੇ।

ਲੋਕਤੰਤਰ ਵਿਚ ਸਵਾਲ ਪੁੱਛਣਾ ਅਪਰਾਧ ਨਹੀਂ ਮੰਨਿਆ ਜਾਂਦਾ, ਭਾਰਤ ਦੇ ਸੰਵਿਧਾਨ ਵਿਚ ਆਰਟੀਕਲ 19 ਦੇ ਤਹਿਤ ਪ੍ਰਗਟਾਵੇ ਦੀ ਆਜ਼ਾਦੀ ਸਮੇਤ ਬੁਨਿਆਦੀ ਨਾਗਰਿਕ ਆਜ਼ਾਦੀਆਂ ਦੀ ਜ਼ਾਮਨੀ ਦਿੱਤੀ ਗਈ ਹੈ। ਚੀਫ ਜਸਟਿਸ ਵੱਲੋਂ ਪ੍ਰਗਟਾਵੇ ਦੀ ਆਜ਼ਾਦੀ ਦੇ ਇਸ ਸੰਵਿਧਾਨਕ ਹੱਕ ਦਾ ਇਸਤੇਮਾਲ ਕਰਨ ਵਾਲਿਆਂ ਨੂੰ 'ਪਰਜੀਵੀ' ਕਹਿਣਾ ਇਸ ਸੰਵਿਧਾਨਕ ਗਾਰੰਟੀ ਤੋਂ ਪਿੱਛੇ ਹਟਣ ਦੇ ਰੁਝਾਨ ਦਾ ਸੰਕੇਤ ਹੈ। ਨੌਜਵਾਨਾਂ ਵੱਲੋਂ ਮੀਡੀਆ, ਸੋਸ਼ਲ ਮੀਡੀਆ ਜਾਂ ਆਰ.ਟੀ.ਆਈ. ਨੂੰ ਹਕੂਮਤ ਤੋਂ ਜਵਾਬ ਮੰਗਣ ਲਈ ਵਰਤਣਾ ਭਲਾ ਸਿਸਟਮ ਨੂੰ ਗਵਾਰਾ ਕਿਵੇਂ ਹੋ ਸਕਦਾ ਹੈ। 'ਸਿਸਟਮ' ਚਾਹੁੰਦਾ ਹੈ ਕਿ ਨੌਜਵਾਨ 'ਵਿਕਸਿਤ ਭਾਰਤ', 'ਵਿਕਾਸ' ਦੇ ਹਕੂਮਤੀ ਬਿਰਤਾਂਤ ਨੂੰ ਅੱਖਾਂ ਮੀਟ ਕੇ ਮੰਨ ਲੈਣ।

ਭਾਰਤ ਦੀ 65% ਵਸੋਂ ਦੀ ਉਮਰ 35 ਸਾਲ ਤੋਂ ਘੱਟ ਹੈ। ਚੀਫ ਜਸਟਿਸ ਵੱਲੋਂ ਕੀਤੀ ਇਹ ਟਿੱਪਣੀ ਮਹਿਜ਼ ਮੁਲਕ ਦੀ ਨੌਜਵਾਨੀ ਦਾ ਹੀ ਅਪਮਾਨ ਨਹੀਂ ਹੈ, ਇਹ ਜ਼ਮੀਨੀਂ ਪੱਧਰ 'ਤੇ ਕੰਮ ਕਰਦੇ ਪੱਤਰਕਾਰਾਂ ਅਤੇ ਆਰ.ਟੀ.ਆਈ. ਕਾਰਕੁਨਾਂ ਦੀ ਖਣਨ, ਉਸਾਰੀ ਆਦਿ ਵਰਗੇ ਖੇਤਰਾਂ ਵਿਚ ਵਿਆਪਕ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ, ਅਤੇ ਪ੍ਰਸ਼ਾਸਨ ਨੂੰ ਇਨ੍ਹਾਂ ਮਾਮਲਿਆਂ ਵਿਚ ਐਕਸ਼ਨ ਲੈਣ ਲਈ ਮਜਬੂਰ ਕਰਨ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨੂੰ ਵੀ ਰੱਦ ਕਰਦੀ ਹੈ। ਵਿਆਪਕ ਭ੍ਰਿਸ਼ਟਾਚਾਰ ਦੇ ਆਲਮ ਵਿਚ ਫਰੀਲਾਂਸ ਪੱਤਰਕਾਰ ਅਤੇ ਆਰ.ਟੀ.ਆਈ. ਕਾਰਕੁਨ ਆਪਣੀਆਂ ਜਾਨਾਂ ਨੂੰ ਜੋਖ਼ਮ ਵਿਚ ਪਾ ਕੇ ਕੰਮ ਕਰਦੇ ਹਨ। ਲੋਕ ਹਿਤਾਂ ਅਤੇ ਵਾਤਾਵਰਣ ਦੇ ਸਰੋਕਾਰਾਂ ਵੱਲ ਧਿਆਨ ਦਿਵਾਉਣ ਅਤੇ ਭ੍ਰਿਸ਼ਟਾਚਾਰ ਵਿਰੁੱਧ ਆਵਾਜ਼ ਉਠਾਉਣ ਦਾ ਮੁੱਲ ਸੈਂਕੜੇ ਪੱਤਰਕਾਰਾਂ ਅਤੇ ਕਾਰਕੁਨਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣਾ ਪਿਆ ਹੈ। ਇਹ ਟਿੱਪਣੀ ਉਨ੍ਹਾਂ ਦੇ ਕੰਮ ਪ੍ਰਤੀ ਨਫ਼ਰਤ ਪੈਦਾ ਕਰਕੇ ਉਸਨੂੰ ਹੋਰ ਵੀ ਜੋਖ਼ਮ ਭਰਿਆ ਬਣਾਉਣ ਵਾਲੀ ਹੈ।

ਲਿਹਾਜ਼ਾ, ਸਵਾਲ ਇਹ ਨਹੀਂ ਹੈ ਕਿ ਚੀਫ ਜਸਟਿਸ ਨੇ ਟਿੱਪਣੀ ਲਈ ਸਹੀ ਸ਼ਬਦ ਚੁਣੇ ਜਾਂ ਨਹੀਂ। ਦਰਅਸਲ, ਅਦਾਲਤੀ ਪ੍ਰਣਾਲੀ ਦੇ ਰਵੱਈਏ ਵਿਚ ਆ ਰਹੀ ਵੱਡੀ ਤਬਦੀਲੀ ਨੂੰ ਸਮਝਣਾ ਜ਼ਰੂਰੀ ਹੈ। ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਹਿੰਦੂਤਵ ਦੇ ਪੈਰੋਕਾਰਾਂ ਨੇ ਪੂਰੇ ਰਾਜ-ਢਾਂਚੇ ਵਿਚ ਡੂੰਘੀ ਘੁਸਪੈਠ ਕਰ ਲਈ ਹੈ ਅਤੇ ਨਾਮਨਿਹਾਦ ਨਿਰਪੱਖ ਮੰਨੀ ਜਾਂਦੀ ਅਦਾਲਤੀ ਪ੍ਰਣਾਲੀ ਵਿਚ ਬੈਠੇ ਜੱਜ ਸਾਹਿਬਾਨ ਵੀ ਭਗਵਾ ਸੁਰ 'ਚ ਟਿੱਪਣੀਆਂ ਕਰਦੇ ਦੇਖੇ ਜਾ ਸਕਦੇ ਹਨ। ਹਿੰਦੂਤਵਵਾਦੀਆਂ ਦਾ ਪ੍ਰੇਰਨਾ ਸਰੋਤ ਜਰਮਨੀ ਦੀ ਨਾਜ਼ੀਵਾਦੀ ਹਿਟਲਰਸ਼ਾਹੀ ਅਤੇ ਇਟਲੀ ਵਿਚ ਮੁਸੋਲਿਨੀ ਦਾ ਫਾਸ਼ੀਵਾਦ ਰਿਹਾ ਹੈ। ਇਨ੍ਹਾਂ ਰਾਜਾਂ ਨੇ ਸਮਾਜ ਦੇ ਖ਼ਾਸ ਹਿੱਸਿਆਂ ਤੋਂ ਜਿਊਣ ਦਾ ਹੱਕ ਖੋਹ ਕੇ ਪਰਜੀਵੀ ਕਰਾਰ ਦਿੱਤਾ, ਜਿਨ੍ਹਾਂ ਤੋਂ ਮੁਕਤ ਹੋ ਕੇ ਹੀ ਸਮਾਜ ਦੇ ਤਰੱਕੀ ਕਰਨ ਦੀ ਤਸਵੀਰ ਪੇਸ਼ ਕੀਤੀ ਗਈ। ਇਹ ਨਜ਼ਰੀਆ ਖ਼ਾਸ ਹਿੱਸਿਆਂ ਵਿਰੁੱਧ ਹਿੰਸਾ ਨੂੰ ਸਮਾਜ ਦੀ 'ਸਫ਼ਾਈ' ਜਾਂ 'ਇਲਾਜ' ਵਜੋਂ ਜਾਇਜ਼ ਠਹਿਰਾਉਂਦਾ ਹੈ ਅਤੇ ਉਨ੍ਹਾਂ ਦੇ ਕਤਲੇਆਮ/ਨਸਲਕੁਸ਼ੀ ਦੇ ਹੱਕ ਵਿਚ ਲੋਕ-ਰਾਇ ਬਣਾਉਂਦਾ ਹੈ। ਖ਼ਾਸ ਹਿੱਸਿਆਂ ਉੱਪਰ ਅਜਿਹੇ ਠੱਪੇ ਲਗਾ ਕੇ ਕੀਤੇ ਕਤਲੇਆਮ ਇਤਿਹਾਸ ਵਿਚ ਕਾਲੇ ਪੰਨਿਆਂ ਵਜੋਂ ਦਰਜ ਹਨ। ਜਰਮਨੀ ਦੇ ਨਾਜ਼ੀਵਾਦੀ ਰਾਜ ਵਿਚ ਯਹੂਦੀਆਂ ਨੂੰ 'ਚੂਹੇ' ਅਤੇ 'ਪਰਜੀਵੀ' ਕਹਿਣਾ ਆਮ ਰਾਜਨੀਤਕ ਭਾਸ਼ਾ ਬਣ ਗਿਆ ਸੀ। 1990ਵਿਆਂ 'ਚ ਰਵਾਂਡਾ ਵਿਚ ਤੁਤਸੀ ਲੋਕਾਂ ਨੂੰ 'ਕਾਕਰੋਚ' ਕਹਿ ਕੇ ਮਨੁੱਖਤਾ ਤੋਂ ਵਾਂਝਾ ਕੀਤਾ ਗਿਆ ਅਤੇ ਘੱਟੋਘੱਟ 8-10 ਲੱਖ ਲੋਕ ਮਾਰ ਦਿੱਤੇ ਗਏ।

ਭਾਰਤ ਵਿਚ ਭਗਵਾ ਧਿਰ ਵੱਲੋਂ 'ਲਵ-ਜਿਹਾਦ', 'ਕਰੋਨਾ-ਜਹਾਦ' ਆਦਿ ਬਿਰਤਾਂਤਾਂ ਰਾਹੀਂ ਮੁਸਲਮਾਨ ਘੱਟਗਿਣਤੀ ਵਿਰੁੱਧ ਸਿਲਸਿਲੇਵਾਰ ਤਰੀਕੇ ਨਾਲ ਫਿਰਕੂ ਨਫ਼ਰਤ ਫੈਲਾਈ ਗਈ ਹੈ ਜਿਸ ਵਿਚ ਹੁਣ ਨਾਸਿਕ (ਮਹਾਰਾਸ਼ਟਰ) ਦੀ ਇਕ ਘਟਨਾ ਰਾਹੀਂ 'ਕਾਰਪੋਰੇਟ-ਜਹਾਦ' ਦਾ ਨਵਾਂ ਮੋਰਚਾ ਖੋਲ੍ਹਿਆ ਗਿਆ ਹੈ। ਕਹਾਣੀ ਇਹ ਘੜੀ ਗਈ ਹੈ ਕਿ ਇੱਥੇ ਟਾਟਾ ਕੰਸਲਟੈਂਸੀ ਸਰਵਿਸ ਵਿਚ ਨੌਕਰੀ ਕਰ ਰਹੇ ਮੁਸਲਮਾਨ ਪ੍ਰੋਫੈਸ਼ਨਲ ਜਬਰੀ ਧਰਮ-ਬਦਲੀ ਦੀ ਯੋਜਨਾ ਤਹਿਤ ਕੰਮ ਕਰ ਰਹੇ ਸਨ। ਇਸਦਾ ਮਨੋਰਥ ਆਈ.ਟੀ. ਕੰਪਨੀਆਂ ਵਿਚ ਉੱਚ ਵਿਦਿਆ ਹਾਸਲ ਕਰਨ ਵਾਲੇ ਮੁਸਲਮਾਨ ਨੌਜਵਾਨਾਂ ਨੂੰ ਨੌਕਰੀਆਂ 'ਤੇ ਨਾ ਰੱਖਣ ਦਾ ਮਾਹੌਲ ਬਣਾਉਣਾ ਹੈ। ਚੀਫ ਜਸਟਿਸ ਦੀ ਟਿੱਪਣੀ ਉਨ੍ਹਾਂ ਹਿੱਸਿਆਂ ਨੂੰ ਸ਼ਾਮਲ ਕਰਕੇ ਨਫ਼ਰਤ ਦਾ ਨਿਸ਼ਾਨਾ ਬਣਾਏ ਜਾਣ ਦਾ ਦਾਇਰਾ ਵਧਾਉਂਦੀ ਹੈ ਜਿਨ੍ਹਾਂ ਨੂੰ ਇਹ 'ਸਿਸਟਮ' ਉੱਚ ਪੜ੍ਹਾਈ ਕਰਨ ਅਤੇ ਡਿਗਰੀਆਂ ਲੈਣ ਦੇ ਮੌਕੇ ਦੇਣ 'ਚ ਅਸਫ਼ਲ ਰਿਹਾ।

ਜੇਕਰ ਨੌਜਵਾਨ ਬੇਰੁਜ਼ਗਾਰ ਹਨ ਤਾਂ ਇਸ ਲਈ ਜ਼ੁੰਮੇਵਾਰ ਇਹ 'ਸਿਸਟਮ' ਹੀ ਹੈ। ਹਾਕਮ ਜਮਾਤ ਦੀਆਂ ਨੀਤੀਆਂ ਕਾਰਨ ਨੌਜਵਾਨੀ ਪਹਿਲਾਂ ਹੀ ਸਿੱਖਿਆ ਦੇ ਵਪਾਰੀਕਰਨ ਕਾਰਨ ਸਿੱਖਿਆ ਜ਼ਿਆਦਾਤਰ ਲੋਕਾਂ ਦੀ ਪਹੁੰਚ ਤੋਂ ਦੂਰ ਹੋਣ, ਘੋਰ ਬੇਰੁਜ਼ਗਾਰੀ, ਠੇਕੇਦਾਰੀ ਸਿਸਟਮ ਰਾਹੀਂ ਅਸਹਿ ਲੁੱਟ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਮਸਲਿਆਂ ਨੂੰ ਹੱਲ ਕਰਨ 'ਚ ਰਾਜ ਪ੍ਰਬੰਧ ਦੀ ਨਾਕਾਮੀ ਉੱਪਰ ਸਵਾਲ ਉਠਾਉਣਾ ਨੌਜਵਾਨਾਂ ਦਾ ਅਧਿਕਾਰ ਹੈ। ਚੀਫ ਜਸਟਿਸ ਦੀ ਟਿੱਪਣੀ ਬੇਰੁਜ਼ਗਾਰੀ ਨੂੰ ਢਾਂਚਾਗਤ ਨਾਕਾਮੀ ਦੀ ਥਾਂ ਵਿਅਕਤੀਗਤ ਅਸਫ਼ਲਤਾ ਵਜੋਂ ਪੇਸ਼ ਕਰਦੀ ਹੈ ਅਤੇ ਇਹ ਮਾਣ-ਸਨਮਾਨ ਵਾਲੇ ਰੁਜ਼ਗਾਰ ਤੋਂ ਵਾਂਝੇ ਨੌਜਵਾਨਾਂ ਨੂੰ ਸਿਸਟਮ ਦੇ ਪੀੜਤਾਂ ਦੀ ਬਜਾਏ 'ਸਮੱਸਿਆ ਪੈਦਾ ਕਰਨ ਵਾਲੇ ਬੇਰੁਜ਼ਗਾਰਾਂ' ਵਜੋਂ ਪੇਸ਼ ਕਰਨ ਦੀ ਲੀਹ ਪਾਉਂਦੀ ਹੈ। ਜਦੋਂ ਸਵਾਲ ਪੁੱਛਣ ਨੂੰ ਸਿਸਟਮ ਉੱਪਰ ਹਮਲਾ ਕਰਨ ਵਾਲਾ ਪਰਜੀਵੀ ਕਰਾਰ ਦੇ ਦਿੱਤਾ ਜਾਵੇ ਤਾਂ ਸਵਾਲ ਕਰਨ ਵਾਲਾ ਹਰ ਨਾਗਰਿਕ ਸ਼ੱਕ ਦੇ ਘੇਰੇ ਵਿਚ ਆ ਜਾਂਦਾ ਹੈ।

ਇਨ੍ਹਾਂ ਸਾਰੀਆਂ ਟਿੱਪਣੀਆਂ ਵਿਚ ਸਾਂਝੀ ਤੰਦ ਇਹ ਹੈ ਕਿ ਇਨ੍ਹਾਂ ਦਾ ਸੁਰ ਹੁਕਮਰਾਨ ਧਿਰ ਵੱਲੋਂ ਚਲਾਏ ਜਾ ਰਹੇ ਬਿਰਤਾਂਤਾਂ ਨਾਲ ਮਿਲਦਾ-ਜੁਲਦਾ ਹੈ। ਜਦੋਂ ਮੁਲਕ ਦੀ ਨਿਆਂਪ੍ਰਣਾਲੀ ਦੇ ਸਿਖਰਲੇ ਅਹੁਦੇ 'ਤੇ ਬੈਠੇ 'ਸੱਭਿਅਕ' ਦਿਮਾਗ ਸਮਾਜ ਦੇ ਖ਼ਾਸ ਹਿੱਸਿਆਂ ਦੀ ਤੁਲਨਾ ਕਾਕਰੋਚਾਂ ਨਾਲ ਕਰਨ ਲੱਗ ਜਾਣ, ਤਾਂ ਇਹ ਸਿਰਫ਼ ਉਨ੍ਹਾਂ ਦੀ ਨਿੱਜੀ ਰਾਇ ਨਹੀਂ ਰਹਿੰਦੀ; ਇਹ ਰਾਜ ਦੀ ਨੈਤਿਕ ਭਾਸ਼ਾ ਬਣ ਜਾਂਦੀ ਹੈ।

ਬੁੱਧੀਮਾਨ ਲੋਕਾਂ ਅਤੇ ਸੰਵੇਦਨਸ਼ੀਲ ਨੌਜਵਾਨਾਂ ਨੇ ਇਸ ਟਿੱਪਣੀ ਦਾ ਗੰਭੀਰ ਨੋਟਿਸ ਲੈ ਕੇ ਬਿਲਕੁਲ ਸਹੀ ਫ਼ੈਸਲਾ ਲਿਆ ਹੈ। 'ਮੈਂ ਵੀ ਕਾਕਰੋਚ' ਆਵਾਜ਼ ਦਾ ਦਬਾਅ ਹੀ ਹੈ ਜਿਸ ਕਾਰਨ ਚੀਫ ਜਸਟਿਸ ਨੂੰ ਸਪਸ਼ਟੀਕਰਨ ਦੇਣ ਲਈ ਮਜਬੂਰ ਹੋਣਾ ਪਿਆ ਹੈ।

---

*(ਪਿਛਲੇ ਸਫੇ ਦਾ ਬਾਕੀ)*



ਨੂੰ ਮਿਲਣ ਵਾਲੇ ਮਹਿੰਗਾਈ ਭੱਤੇ ਦੀ ਦਰ 58 ਫ਼ੀਸਦੀ ਜਾਂ ਇਸ ਤੋਂ ਵੱਧ ਹੋ ਚੁੱਕੀ ਪਰ ਪੰਜਾਬ ਦੇ ਮੁਲਾਜ਼ਮਾਂ ਨੂੰ ਅਜੇ ਤੱਕ 42 ਫੀਸਦੀ ਮਹਿੰਗਾਈ ਭੱਤਾ ਮਿਲ ਰਿਹਾ ਤੇ ਬਕਾਇਆ ਮਹਿੰਗਾਈ ਭੱਤਾ ਅਦਾ ਕਰਨ ਲਈ ਉਚ ਅਦਾਲਤਾਂ ਵੱਲੋਂ ਪੰਜਾਬ ਸਰਕਾਰ ਨੂੰ ਸਖਤ ਹੁਕਮ ਜਾਰੀ ਕੀਤੇ ਜਾ ਰਹੇ ਹਨ ਪਰ ਸਰਕਾਰ ਇਸ ਅਦਾਇਗੀ ਖ਼ਾਤਰ ਸਰਕਾਰੀ ਖ਼ਜ਼ਾਨੇ 'ਤੇ 14 ਹਜ਼ਾਰ ਕਰੋੜ ਰੁਪਏ ਦਾ ਵਾਧੂ 'ਬੋਝ' ਦੱਸ ਕੇ ਲਗਾਤਾਰ ਟਾਲਾ ਵੱਟ ਰਹੀ ਹੈ, ਜੋ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਆਪਣੇ ਸਮੂਹ ਆਈ.ਏ.ਐਸ. ਅਤੇ ਆਈ.ਪੀ.ਐਸ. ਅਧਿਕਾਰੀਆਂ ਨੂੰ 'ਮਹਿੰਗਾਈ ਭੱਤਾ' ਨਿਰੰਤਰ ਅਦਾ ਕਰਨ ਪਰ ਪੰਜਾਬ ਦੇ ਬਾਕੀ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮਹਿੰਗਾਈ ਭੱਤਾ ਨਾ ਦੇਣ ਰੂਪੀ ਦੋਹਰਾ ਮਾਪਦੰਡ ਵੀ ਸਰਕਾਰ ਦੀ ਅਦਾਲਤਾਂ ਦੇ ਅੰਦਰ ਅਤੇ ਬਾਹਰ ਭਾਰੀ ਕਿਰਕਿਰੀ ਕਰਵਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਜੇਕਰ ਮਾਨ ਸਰਕਾਰ ਇਸ ਮੁੱਦੇ ਦੇ ਹੱਲ ਲਈ ਕੋਈ ਕਾਰਗਰ ਕਦਮ ਨਹੀਂ ਚੁੱਕਦੀ ਤਾਂ ਮੁਲਾਜ਼ਮ ਵਰਗ ਦੇ ਭਾਰੀ ਰੋਹ ਦਾ ਸਾਹਮਣਾ ਇਸ ਸਰਕਾਰ ਨੂੰ ਕਰਨਾ ਪੈ ਸਕਦਾ ਹੈ ਤੇ ਇਹ ਆਲੋਚਨਾ ਆਮ ਆਦਮੀ ਪਾਰਟੀ ਦੀ ਜਿੱਤ ਨੂੰ ਜ਼ਰੂਰ ਪ੍ਰਭਾਵਿਤ ਕਰ ਸਕਦੀ ਹੈ।

ਆਮ ਆਦਮੀ ਪਾਰਟੀ ਸਰਕਾਰ 'ਤੇ ਇਹ ਵੀ ਇਲਜ਼ਾਮ ਕਿ ਇਸ ਪਾਰਟੀ ਦੇ ਆਗੂਆਂ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਇਹ ਬਿਆਨ ਦਿੱਤੇ ਸਨ ਕਿ ਜੇਕਰ ਉਹ ਸੱਤਾ ਵਿਚ ਆਉਣਗੇ ਤਾਂ ਉਹ ਸਿਆਸੀ ਆਗੂਆਂ ਦਾ 'ਵੀ.ਆਈ.ਪੀ. ਕਲਚਰ' ਖ਼ਤਮ ਕਰ ਦੇਣਗੇ ਪਰ ਹਕੀਕਤ ਤਾਂ ਇਹ ਰਹੀ ਕਿ ਇਸ ਪਾਰਟੀ ਦੇ ਸਮੂਹ ਜਿੱਤੇ ਅਤੇ ਹਾਰੇ ਵਿਧਾਇਕਾਂ, ਮੰਤਰੀਆਂ, ਚੇਅਰਮੈਨਾਂ ਅਤੇ ਸਰਪੰਚਾਂ ਆਦਿ ਨੇ ਆਪਣੇ ਕਾਰਜਕਾਲ ਦੌਰਾਨ ਪਹਿਲਾਂ ਤੋਂ ਵੀ ਵੱਧ ਵੀ.ਆਈ.ਪੀ. ਕਲਚਰ ਦਾ ਵਿਖਾਵਾ ਕੀਤਾ। ਹਰੇਕ ਜਿੱਤਿਆ ਜਾਂ ਹਾਰਿਆ ਵਿਧਾਇਕ ਆਪਣੇ ਨਾਲ ਸੁਰੱਖਿਆ ਅਧਿਕਾਰੀਆਂ ਜਾਂ ਪੰਜਾਬ ਪੁਲਿਸ ਦੇ ਕਰਮਚਾਰੀਆਂ ਦੀ ਫ਼ੌਜ ਚੁੱਕੀ ਫਿਰਦਾ ਹੈ ਜੋ ਕਿ ਕੀਤੇ ਗਏ ਵਾਅਦਿਆਂ ਅਤੇ ਦਾਅਵਿਆਂ ਤੋਂ ਬਿਲਕੁਲ ਉਲਟ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਨ ਸਰਕਾਰ ਨੇ ਪੰਜਾਬ ਅੰਦਰ ਨਸ਼ਿਆਂ ਦੇ ਕਾਰੋਬਾਰ ਨੂੰ ਨੱਥ ਪਾਉਣ ਲਈ ਬੜੇ ਹੀ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਤੇ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਅਤੇ ਨਸ਼ਾ ਤਸਕਰ ਕਾਬੂ ਕੀਤੇ ਹਨ ਪਰ ਇਹ ਗੱਲ ਵੀ ਓਨੀ ਹੀ ਸੱਚ ਹੈ ਕਿ ਪੰਜਾਬ ਅਜੇ ਤੱਕ ਵੀ 'ਨਸ਼ਾ ਮੁਕਤ' ਨਹੀਂ ਹੋ ਸਕਿਆ। ਸਿੱਧੂ ਮੂਸੇਵਾਲਾ ਸਣੇ ਹੋਰ ਨਾਮੀ ਹਸਤੀਆਂ ਦੇ ਕਾਤਿਲਾਂ ਨੂੰ ਅਜੇ ਤੱਕ ਸਜ਼ਾ ਨਹੀਂ ਮਿਲ ਸਕੀ ਤੇ ਪੰਜਾਬ ਵਿਚੋਂ ਗੈਂਗਸਟਰਵਾਦ ਅਤੇ ਫ਼ਿਰੌਤੀਬਾਜ਼ੀ ਵੀ ਮੁੱਕ ਨਹੀਂ ਸਕੀ। ਪੰਜਾਬ ਵਿਚ ਆਏ ਦਿਨ ਗੋਲੀਬਾਰੀ ਦੀਆਂ ਘਟਨਾਵਾਂ ਵਾਪਰਨ ਜਾਂ ਪੁਲਿਸ ਥਾਣਿਆਂ 'ਤੇ ਹਮਲਾ ਕੀਤੇ ਜਾਣ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤੇ ਜਾਣਾ ਬਾਦਸਤੂਰ ਜਾਰੀ ਹੈ ਤੇ ਅਪਰਾਧੀਆਂ ਅੰਦਰ ਖ਼ਾਕੀ ਦਾ ਖ਼ੌਫ਼ ਨਜ਼ਰ ਨਹੀਂ ਆਉਂਦਾ। ਇਸ ਤੋਂ ਇਲਾਵਾ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਗ਼ੈਰ ਵਿਦਿਅਕ ਡਿਊਟੀਆਂ ਦਾ ਕੰਮ ਵੀ ਖ਼ਤਮ ਨਹੀਂ ਹੋ ਸਕਿਆ ਤੇ ਵੋਕੇਸ਼ਨਲ ਅਧਿਆਪਕ, ਕੰਪਿਊਟਰ ਅਧਿਆਪਕ, ਮਨਿਸਟ੍ਰੀਅਲ ਕਾਮੇ, ਟਰਾਂਸਪੋਰਟ ਅਤੇ ਬਿਜਲੀ ਵਿਭਾਗ ਦੇ ਕੱਚੇ ਕਰਮਚਾਰੀ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਲਈ ਸੰਘਰਸ਼ਸ਼ੀਲ ਹਨ ਪਰ ਉਨ੍ਹਾਂ ਦੀਆਂ ਮੰਗਾਂ ਨੂੰ ਅਜੇ ਤੱਕ ਬੂਰ ਨਹੀਂ ਪਿਆ।

# ਕਿਰਤ ਤੇ ਸਰਮਾਏ ਦਾ ਟਕਰਾਅ: ਅਤੀਤ ਤੋਂ ਵਰਤਮਾਨ ਤੱਕ

**ਭਾਰਤ ਵਿਚ ਮਈ 1974 ਦੀ ਰੇਲਵੇ ਹੜਤਾਲ ਤੇ ਬਰਤਾਨੀਆ ਵਿਚ ਮਈ 1926 ਦੀ ਜਨਰਲ ਸਟ੍ਰਾਈਕ ਵੱਖੋ-ਵੱਖਰੇ ਦੇਸ਼ਾਂ ਤੇ ਸਮਿਆਂ ਦੀਆਂ ਘਟਨਾਵਾਂ ਹੋਣ ਦੇ ਬਾਵਜੂਦ ਇੱਕ ਬੁਨਿਆਦੀ ਸਾਂਝ ਰੱਖਦੀਆਂ ਸਨ; ਉਹ ਸੀ ਘੱਟ ਉਜਰਤਾਂ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ। ਉੱਤਰੀ ਤੇ ਪੱਛਮੀ ਭਾਰਤ ਵਿਚ ਹਾਲ ਹੀ ਦੌਰਾਨ ਉੱਠੀ ਉਦਯੋਗਿਕ ਹੜਤਾਲਾਂ ਦੀ ਲਹਿਰ ਵੀ ਇਨ੍ਹਾਂ ਮੁੱਦਿਆਂ 'ਤੇ ਹੀ ਕੇਂਦਰਿਤ ਹੈ।**

ਪੰਜ ਮਈ (1818) ਕਿਰਤੀ ਜਮਾਤ ਦੇ ਮਹਾਨ ਸਿਧਾਂਤਕਾਰ ਕਾਰਲ ਮਾਰਕਸ ਦਾ ਜਨਮ ਦਿਨ ਹੁੰਦਾ ਹੈ। ਇਸ ਤੋਂ ਪਹਿਲਾਂ 4 ਮਈ ਨੂੰ ਬਰਤਾਨੀਆ ਦੀ ਇਤਿਹਾਸਕ 'ਜਨਰਲ ਸਟ੍ਰਾਈਕ' (ਦੇਸ਼-ਵਿਆਪੀ ਹੜਤਾਲ) ਦੀ ਸ਼ਤਾਬਦੀ ਸੀ। ਸਾਲ 1926 ਵਿਚ ਇਸ ਦਿਨ ਲੱਖਾਂ ਕਾਮਿਆਂ ਨੇ ਕੋਲਾ ਖਾਣ ਮਜ਼ਦੂਰਾਂ ਦੇ ਹੱਕ ਵਿਚ ਲਗਾਤਾਰ ਨੌਂ ਦਿਨਾਂ ਲਈ ਕੰਮਕਾਜ ਠੱਪ ਕਰ ਦਿੱਤਾ ਸੀ। ਇਹ ਖਾਣ ਮਜ਼ਦੂਰ ਰੁਜ਼ਗਾਰ ਅਤੇ ਤਨਖ਼ਾਹਾਂ ਦੇ ਵਿਵਾਦ

**ਪ੍ਰੀਤਮ ਸਿੰਘ, ਬਿੱਲ ਮੈਕੀਥ**

ਕਾਰਨ ਮਾਲਕਾਂ ਵੱਲੋਂ ਕੀਤੇ ਗਏ 'ਲੌਕ-ਆਊਟ' ਵਿਰੁੱਧ ਸੰਘਰਸ਼ ਕਰ ਰਹੇ ਸਨ। ਉਸ ਦੌਰ ਵਿਚ ਕੋਲਾ ਉਦਯੋਗ ਬਰਤਾਨਵੀ ਆਰਥਿਕਤਾ ਦੀ ਅਜਿਹੀ ਅਹਿਮ ਕੜੀ ਸੀ, ਜਿਸ ਨੂੰ ਰਾਸ਼ਟਰ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਸੀ। ਸੰਨ 1926 ਵਿਚ ਬਰਤਾਨੀਆ ਦੀ ਲਗਪਗ 4.3 ਕਰੋੜ ਦੀ ਕੁੱਲ ਆਬਾਦੀ ਵਿਚੋਂ 10 ਲੱਖ ਤੋਂ ਵੱਧ ਮਰਦ ਕੋਲਾ ਖਾਣਾਂ ਵਿਚ ਕੰਮ ਕਰਦੇ ਸਨ। ਕੰਮ ਦੀਆਂ ਹਾਲਤਾਂ ਬੇਹੱਦ ਖ਼ਤਰਨਾਕ ਸਨ; ਹਰ ਸਾਲ ਲਗਪਗ ਇੱਕ ਹਜ਼ਾਰ ਮਜ਼ਦੂਰ ਇਨ੍ਹਾਂ ਖਾਣਾਂ ਵਿਚ ਆਪਣੀ ਜਾਨ ਗੁਆ ਦਿੰਦੇ ਸਨ। ਇਸ ਦੇ ਬਾਵਜੂਦ ਤਨਖ਼ਾਹਾਂ ਬਹੁਤ ਘੱਟ ਸਨ ਅਤੇ ਕੰਮ ਦੇ ਘੰਟੇ ਬਹੁਤ ਜ਼ਿਆਦਾ।

ਪਹਿਲੀ ਆਲਮੀ ਜੰਗ ਤੋਂ ਬਾਅਦ ਬਰਤਾਨੀਆ ਕੋਲਾ ਬਰਾਮਦ ਕਰਨ ਵਾਲੇ ਮੁੱਖ ਦੇਸ਼ ਵਜੋਂ ਆਪਣਾ ਰੁਤਬਾ ਗੁਆ ਚੁੱਕਾ ਸੀ। ਕੋਲਾ ਖਾਣਾਂ ਦੇ ਮਾਲਕਾਂ ਨੇ ਬਰਾਮਦ ਵਿਚ ਹੋਏ ਇਸ ਘਾਟੇ ਦੀ ਪੂਰਤੀ ਮਜ਼ਦੂਰਾਂ ਤੋਂ ਕਰਨ ਦੀ ਕੋਸ਼ਿਸ਼ ਕਰਦਿਆਂ ਤਨਖ਼ਾਹਾਂ ਵਿਚ 13 ਫ਼ੀਸਦੀ ਕਟੌਤੀ, ਰਾਸ਼ਟਰੀ ਪੱਧਰ 'ਤੇ ਗੱਲਬਾਤ ਦੇ ਖ਼ਾਤਮੇ ਅਤੇ ਕੰਮ ਦੇ ਘੰਟੇ ਵਧਾਉਣ ਦੀ ਤਜਵੀਜ਼ ਰੱਖੀ। ਇਸ ਦੇ ਵਿਰੋਧ ਵਿਚ 'ਟਰੇਡ ਯੂਨੀਅਨ ਕਾਂਗਰਸ' (ਟੀ.ਯੂ.ਸੀ.) ਨੇ ਮਜ਼ਦੂਰਾਂ ਦਾ ਸਾਥ ਦੇਣ ਦਾ ਅਹਿਦ ਲਿਆ ਅਤੇ 3 ਮਈ ਦੀ ਅੱਧੀ ਰਾਤ ਤੋਂ ਦੇਸ਼-ਵਿਆਪੀ ਹੜਤਾਲ ਦਾ ਐਲਾਨ ਕਰ ਦਿੱਤਾ। ਅਗਲੇ ਦਿਨ ਟਰਾਂਸਪੋਰਟ, ਲੋਹਾ ਤੇ ਸਟੀਲ, ਉਸਾਰੀ, ਬਿਜਲੀ-ਗੈਸ ਅਤੇ ਛਾਪੇਖਾਨਾ (ਪ੍ਰਿੰਟਿੰਗ) ਖੇਤਰ ਦੇ 15 ਲੱਖ ਕਾਮੇ ਹੜਤਾਲ 'ਤੇ ਚਲੇ ਗਏ। ਇੱਕ ਹਫ਼ਤੇ ਬਾਅਦ ਸ਼ਿਪਯਾਰਡ ਵਰਕਰ ਅਤੇ ਇੰਜੀਨੀਅਰ ਵੀ ਇਸ ਵਿਚ ਸ਼ਾਮਲ ਹੋ ਗਏ। ਮਾਲਕਾਂ ਦੀਆਂ ਮਾਰੂ ਨੀਤੀਆਂ ਵਿਰੁੱਧ ਉਸ ਸਮੇਂ ਇੱਕੋ ਨਾਅਰਾ ਗੂੰਜਿਆ ਸੀ: 'ਤਨਖ਼ਾਹ ਵਿਚੋਂ ਇੱਕ ਧੇਲਾ ਨਹੀਂ ਘਟਾਉਣ ਦਿਆਂਗੇ, ਦਿਨ ਦਾ ਇੱਕ ਮਿੰਟ ਨਹੀਂ ਵਧਾਵਾਂਗੇ।' ਮਜ਼ਦੂਰਾਂ ਦੇ ਇਸ ਅੰਦੋਲਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦੇਸ਼ ਭਰ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ 'ਕੌਂਸਲ ਔਫ ਐਕਸ਼ਨ' ਅਤੇ ਹੜਤਾਲ ਕਮੇਟੀਆਂ ਦਾ ਗਠਨ ਕੀਤਾ ਗਿਆ।

ਭਾਵੇਂ ਵਿਕਸਿਤ ਉਦਯੋਗਿਕ ਪੂੰਜੀਵਾਦੀ ਅਰਥਚਾਰਿਆਂ ਵਿਚ ਪਿਛਲੇ ਸੌ ਸਾਲਾਂ ਤੋਂ ਵੱਖ-ਵੱਖ ਖੇਤਰਾਂ ਵਿਚ ਟੁੱਟਵੀਆਂ ਹੜਤਾਲਾਂ ਹੁੰਦੀਆਂ ਰਹੀਆਂ ਸਨ, ਪਰ 1926 ਦੀ ਜਨਰਲ ਸਟ੍ਰਾਈਕ ਕਈ ਉਦਯੋਗਾਂ ਦੇ ਕਾਮਿਆਂ ਦੀ ਇੱਕੋ ਸਮੇਂ ਕੀਤੀ ਗਈ ਸਾਂਝੀ ਕਾਰਵਾਈ ਵਜੋਂ ਇੱਕ ਨਵੇਂ ਰੂਪ ਵਿਚ ਉੱਭਰੀ। ਇਸ ਹੜਤਾਲ ਨੇ ਵਿਸ਼ਵ ਪੱਧਰ 'ਤੇ ਲੋਕਾਂ ਦਾ ਧਿਆਨ ਖਿੱਚਿਆ। ਸੰਨ 1917 ਵਿਚ ਸੋਵੀਅਤ ਯੂਨੀਅਨ 'ਚ ਮਜ਼ਦੂਰਾਂ ਅਤੇ ਕਿਸਾਨਾਂ ਦੁਆਰਾ ਸੱਤਾ ਆਪਣੇ ਹੱਥ ਲਏ ਜਾਣ ਤੋਂ ਬਾਅਦ ਇਨਕਲਾਬ ਦੇ ਮੋਹਰੀ ਆਗੂਆਂ ਵਿਚੋਂ ਇੱਕ-ਲਿਓਨ ਟ੍ਰਾਟਸਕੀ (ਜਿਸ ਦਾ ਰੁਤਬਾ ਲੈਨਿਨ ਤੋਂ ਬਾਅਦ ਦੂਜੇ ਨੰਬਰ 'ਤੇ ਸੀ) ਨੇ ਦਲੀਲ ਦਿੱਤੀ ਸੀ ਕਿ ਸੋਵੀਅਤ ਯੂਨੀਅਨ ਵਿਚ ਸਮਾਜਵਾਦੀ ਇਨਕਲਾਬ ਦੀ ਸਫਲਤਾ ਲਈ ਯੂਰਪ ਵਿਚ ਹੋਰ ਸਫਲ ਇਨਕਲਾਬਾਂ ਦਾ ਹੋਣਾ ਲਾਜ਼ਮੀ ਹੈ। ਉਸ ਨੂੰ ਡਰ ਸੀ ਕਿ ਜੇਕਰ ਸੋਵੀਅਤ ਇਨਕਲਾਬ ਸਿਰਫ਼ ਇੱਕ ਦੇਸ਼ ਤੱਕ ਸੀਮਤ ਰਿਹਾ ਤਾਂ ਇਹ ਆਪਣੇ ਮਾਰਗ ਤੋਂ ਭਟਕ ਜਾਵੇਗਾ।

ਇਸੇ ਕਰਕੇ ਉਸ ਨੇ ਉਸ ਸਮੇਂ ਦੀ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਸਾਮਰਾਜੀ ਤਾਕਤ ਬਰਤਾਨੀਆ ਵਿਚ ਹੋਈ ਇਸ ਜਨਰਲ ਸਟ੍ਰਾਈਕ ਦਾ ਉਤਸ਼ਾਹ ਨਾਲ ਸਵਾਗਤ ਕੀਤਾ ਅਤੇ ਇਸ ਨੂੰ ਸਮਾਜਵਾਦੀ ਇਨਕਲਾਬ ਦੇ ਆਗਾਜ਼ ਵਜੋਂ ਦੇਖਿਆ, ਪਰ ਅੰਤ ਵਿਚ ਨਿਰਾਸ਼ਾ ਹੀ ਹੱਥ ਲੱਗੀ। ਟਰੇਡ ਯੂਨੀਅਨਾਂ ਦੀ ਉੱਚ ਲੀਡਰਸ਼ਿਪ ਮਜ਼ਦੂਰ ਜਮਾਤ ਦੀ ਇਸ ਸਰਗਰਮੀ ਅਤੇ ਸੰਵਿਧਾਨਕ ਮਰਿਆਦਾਵਾਂ ਦੇ ਟੁੱਟਣ ਤੋਂ ਭੈਅਭੀਤ ਹੋ ਗਈ। ਨਤੀਜੇ ਵਜੋਂ, ਇਸ ਲੀਡਰਸ਼ਿਪ ਨੇ ਜੁਝਾਰੂ ਮਜ਼ਦੂਰ ਜਮਾਤ ਨਾਲ ਧ੍ਰੋਹ ਕਮਾਇਆ ਅਤੇ ਉਜਰਤਾਂ ਜਾਂ ਕੰਮ ਦੀਆਂ ਹਾਲਤਾਂ ਬਾਰੇ ਕੋਈ ਵੀ ਰਿਆਇਤ ਲਏ ਬਿਨਾਂ ਹੀ ਮਾਲਕਾਂ ਅਤੇ ਸਰਕਾਰ ਨਾਲ ਸਮਝੌਤਾ ਕਰ ਲਿਆ।

ਟਰੇਡ ਯੂਨੀਅਨਾਂ ਦੀ ਲੀਡਰਸ਼ਿਪ ਵੱਲੋਂ ਕੀਤੀ ਗਈ ਇਸ 'ਗੱਦਾਰੀ' ਨੂੰ ਜੇਕਰ ਸੌੜੀ ਅਤੇ ਅਲਪਕਾਲੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ



ਤਾਂ ਇਸ ਨੂੰ ਹੜਤਾਲ ਦੀ ਅਸਫਲਤਾ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਪਰ ਅਜਿਹੀਆਂ ਵਿਸ਼ਾਲ ਜਨਤਕ ਸਰਗਰਮੀਆਂ ਨੂੰ 'ਅਸਫਲ' ਕਹਿਣਾ ਇਤਿਹਾਸਕ ਭੁੱਲ ਹੋਵੇਗੀ। ਅਜਿਹੀਆਂ ਇਨਕਲਾਬੀ ਕਾਰਵਾਈਆਂ ਬਹੁ-ਪੱਖੀ ਰਾਜਨੀਤਿਕ-ਆਰਥਿਕ ਤਬਦੀਲੀਆਂ ਲਿਆਉਣ ਵਿਚ ਸਫਲ ਹੁੰਦੀਆਂ ਹਨ ਅਤੇ ਵਿਸ਼ਵ ਪੱਧਰ 'ਤੇ ਲੋਕਾਂ ਦੀ ਚੇਤਨਾ 'ਤੇ ਅਮਿੱਟ ਛਾਪ ਛੱਡਦੀਆਂ ਹਨ, ਜਿਸ ਦਾ ਅਸਰ ਲੰਮੇ ਸਮੇਂ ਤੱਕ ਰਹਿੰਦਾ ਹੈ। ਭਾਰਤ ਵਿਚ ਆਜ਼ਾਦੀ ਸੰਗਰਾਮ ਦਾ ਸਭ ਤੋਂ ਪ੍ਰਚੰਡ ਅੰਤਰਰਾਸ਼ਟਰਵਾਦੀ ਆਗੂ ਅਤੇ ਨੌਜਵਾਨ ਇਨਕਲਾਬੀ ਭਗਤ ਸਿੰਘ (1907-1931) ਇਸ ਜਨਰਲ ਸਟ੍ਰਾਈਕ ਤੋਂ ਬੇਹੱਦ ਪ੍ਰਭਾਵਿਤ ਹੋਇਆ ਸੀ। ਇਸੇ ਪ੍ਰਭਾਵ ਸਦਕਾ ਉਹ ਭਾਰਤ ਨੂੰ ਬਰਤਾਨਵੀ ਬਸਤੀਵਾਦੀ ਰਾਜ ਤੋਂ ਮੁਕਤ ਕਰਵਾਉਣ ਲਈ ਸਮਾਜਵਾਦੀ ਦ੍ਰਿਸ਼ਟੀਕੋਣ ਵੱਲ ਨਿਰਣਾਇਕ ਰੂਪ ਵਿਚ ਵਧਿਆ। ਉਸ ਨੇ 'ਹਿੰਦੋਸਤਾਨ ਰਿਪਬਲਿਕਨ ਆਰਮੀ' ਦਾ ਨਾਂ ਬਦਲ ਕੇ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਰੱਖਣ ਵਿਚ ਅਹਿਮ ਭੂਮਿਕਾ ਨਿਭਾਈ। ਭਗਤ ਸਿੰਘ ਦਾ ਮੰਨਣਾ ਸੀ ਕਿ ਅਜਿਹੀਆਂ ਹੜਤਾਲਾਂ ਬਰਤਾਨਵੀ ਸਾਮਰਾਜ ਦੀ ਆਰਥਿਕ ਅਤੇ ਰਾਜਨੀਤਿਕ ਤਾਕਤ ਦੀਆਂ ਜੜ੍ਹਾਂ ਹਿਲਾਉਣ ਦੀ ਸਮਰੱਥਾ ਰੱਖਦੀਆਂ ਹਨ।

ਜਦੋਂ 1929-1939 ਦੌਰਾਨ ਬਰਤਾਨੀਆ ਅਤੇ ਹੋਰ ਉੱਨਤ ਪੂੰਜੀਵਾਦੀ ਦੇਸ਼ਾਂ ਵਿਚ 'ਮਹਾਂਮੰਦੀ' ਆਈ ਤਾਂ ਪ੍ਰਸਿੱਧ ਅਰਥ ਸ਼ਾਸਤਰੀ ਜੌਹਨ ਮੇਨਾਰਡ ਕੀਨਜ਼ (1883-1946) ਨੇ ਆਰਥਿਕ ਸਿਧਾਂਤਾਂ ਅਤੇ ਨੀਤੀਆਂ ਵਿਚ ਹਲਚਲ ਪੈਦਾ ਕਰ ਦਿੱਤੀ। ਉਸ ਨੇ ਦਲੀਲ ਦਿੱਤੀ ਕਿ ਮਜ਼ਦੂਰ ਜਮਾਤ ਦੀਆਂ ਘੱਟ ਉਜਰਤਾਂ ਕਾਰਨ ਉਨ੍ਹਾਂ ਦੀ ਖਰੀਦ ਸ਼ਕਤੀ ਘਟ ਗਈ ਹੈ, ਜੋ ਕਿ 'ਕੁੱਲ ਮੰਗ' ਵਿਚ ਕਮੀ ਦਾ ਮੁੱਖ ਕਾਰਨ ਹੈ ਅਤੇ ਇਹੀ ਮੰਦੀ ਪੈਦਾ ਕਰਨ ਲਈ ਜ਼ਿੰਮੇਵਾਰ ਹੈ। ਕੀਨਜ਼ ਦਾ ਇਹ ਤਰਕ ਜਨਰਲ ਸਟ੍ਰਾਈਕ ਦੌਰਾਨ ਮਜ਼ਦੂਰ ਜਮਾਤ ਦੀਆਂ ਮੰਗਾਂ ਦੀ ਇੱਕ ਵੱਡੀ ਜਿੱਤ ਅਤੇ ਪੁਸ਼ਟੀ ਸੀ। ਦੂਜੀ ਆਲਮੀ ਜੰਗ ਤੋਂ ਬਾਅਦ ਜਿਸ 'ਕਲਿਆਣਕਾਰੀ ਰਾਜ' ਦਾ ਸੰਕਲਪ ਉੱਭਰਿਆ, ਉਹ ਇਸੇ ਆਰਥਿਕ ਉਥਲ-ਪੁਥਲ ਅਤੇ ਸਮਾਜਿਕ ਬੇਚੈਨੀ ਵਿਚੋਂ ਨਿਕਲਿਆ ਸੀ। 1920 ਅਤੇ 1930 ਦੇ ਦਹਾਕਿਆਂ ਦੌਰਾਨ ਫਰਾਂਸ, ਜਰਮਨੀ, ਆਸਟਰੀਆ, ਇਟਲੀ ਅਤੇ ਹੰਗਰੀ ਵਰਗੇ ਦੇਸ਼ਾਂ ਵਿਚ ਵੀ ਉਦਯੋਗਿਕ ਅਤੇ ਕਈ ਥਾਵਾਂ 'ਤੇ ਖੇਤੀਬਾੜੀ ਖੇਤਰਾਂ ਵਿਚ ਵਿਸ਼ਾਲ ਜਨਤਕ ਸਰਗਰਮੀਆਂ ਦੇਖਣ ਨੂੰ ਮਿਲੀਆਂ ਸਨ।

ਭਾਰਤ ਵਿਚ 1926 ਦੀ 'ਜਨਰਲ ਸਟ੍ਰਾਈਕ' ਦੇ ਸਭ ਤੋਂ ਨੇੜੇ ਦੀ ਘਟਨਾ ਮਈ 1974 ਦੀ ਰੇਲਵੇ ਹੜਤਾਲ ਸੀ, ਜਿਸ ਵਿਚ 20 ਲੱਖ ਰੇਲ ਮੁਲਾਜ਼ਮਾਂ ਨੇ ਹਿੱਸਾ ਲਿਆ ਸੀ। ਇਤਿਹਾਸਕਾਰ ਪ੍ਰੇਰਨਾ ਅਗਰਵਾਲ ਨੇ ਆਪਣੇ ਖੋਜ ਪੱਤਰ ਵਿਚ ਇਸ ਰੇਲਵੇ ਹੜਤਾਲ ਅਤੇ ਭਾਰਤੀ ਸਿਆਸੀ ਅਰਥਚਾਰੇ 'ਤੇ ਪਏ ਇਸ ਦੇ ਪ੍ਰਭਾਵਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਹੈ। 1947 ਤੋਂ ਬਾਅਦ ਭਾਰਤ ਵਿਚ 'ਨਹਿਰੂਵਾਦੀ ਸਟੇਟ ਕੈਪੀਟਲਿਜ਼ਮ' (ਸਰਕਾਰੀ ਪੂੰਜੀਵਾਦ) ਦੇ ਮਾਡਲ ਵਿਚ 'ਕੀਨਜ਼ੀਅਨ ਕਲਿਆਣਕਾਰੀ ਰਾਜ' ਦੀਆਂ ਕਈ ਵਿਸ਼ੇਸ਼ਤਾਵਾਂ ਮੌਜੂਦ ਸਨ, ਖ਼ਾਸ ਕਰਕੇ ਮਜ਼ਦੂਰ ਪੱਖੀ ਕਾਨੂੰਨਾਂ ਦੇ ਰੂਪ ਵਿਚ।

ਜਦੋਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ ਤਾਂ ਉਸ ਨੇ ਆਪਣੇ ਪਹਿਲੇ 'ਪ੍ਰਗਤੀਸ਼ੀਲ ਪੜਾਅ' ਦੌਰਾਨ ਮਜ਼ਦੂਰ ਪੱਖੀ ਅਤੇ ਸਮਾਜਿਕ ਕਲਿਆਣ ਦੀਆਂ ਨੀਤੀਆਂ ਨੂੰ ਹੋਰ ਮਜ਼ਬੂਤ ਕਰਕੇ ਕਾਂਗਰਸ ਪਾਰਟੀ ਵਿਚ ਆਪਣੇ ਸੱਜੇ-ਪੱਖੀ ਵਿਰੋਧੀਆਂ ਨੂੰ ਪਛਾੜ ਦਿੱਤਾ। ਫਿਰ ਜਦੋਂ ਇੰਦਰਾ ਗਾਂਧੀ ਨੇ ਆਪਣੇ ਵਿਰੋਧੀਆਂ ਨੂੰ ਹਰਾ ਕੇ ਸੱਤਾ 'ਤੇ ਪੂਰੀ ਤਰ੍ਹਾਂ ਪਕੜ ਬਣਾ ਲਈ ਤਾਂ ਭਾਰਤ ਦੇ ਉੱਚ ਪੂੰਜੀਪਤੀ ਵਰਗ ਨੂੰ ਖ਼ੁਸ਼ ਕਰਨ ਦਾ ਰਾਹ ਅਖ਼ਤਿਆਰ ਕਰ ਲਿਆ। ਇਹ ਪੂੰਜੀਪਤੀ ਵਰਗ ਪਹਿਲਾਂ ਦੀਆਂ ਮਜ਼ਦੂਰ ਪੱਖੀ ਨੀਤੀਆਂ ਤੋਂ ਨਾਖ਼ੁਸ਼ ਸੀ। ਇਸ ਬਦਲੇ ਹੋਏ ਰੁਖ਼ ਦਾ ਸਭ ਤੋਂ ਭਿਆਨਕ ਰੂਪ ਹੜਤਾਲੀ ਰੇਲ ਕਰਮਚਾਰੀਆਂ 'ਤੇ ਕੀਤੇ ਗਏ ਜਬਰ ਦੌਰਾਨ ਦੇਖਣ ਨੂੰ ਮਿਲਿਆ। ਅਗਰਵਾਲ ਅਨੁਸਾਰ, ਇਸ ਦੌਰਾਨ 50,000 ਗ੍ਰਿਫ਼ਤਾਰੀਆਂ ਹੋਈਆਂ, 10,000 ਮੁਲਾਜ਼ਮਾਂ ਨੂੰ ਨੌਕਰੀਓਂ ਕੱਢ ਦਿੱਤਾ ਗਿਆ ਅਤੇ 30,000 ਪਰਿਵਾਰਾਂ ਤੋਂ ਰੇਲਵੇ ਕਾਲੋਨੀਆਂ ਵਿਚਲੀ ਰਿਹਾਇਸ਼ ਜਬਰੀ ਖਾਲੀ ਕਰਵਾ ਲਈ ਗਈ। ਪ੍ਰੇਰਨਾ ਅਗਰਵਾਲ ਬਿਲਕੁਲ ਸਹੀ ਸਿੱਟਾ ਕੱਢਦੀ ਹੈ ਕਿ ਰੇਲਵੇ ਹੜਤਾਲ ਨੂੰ ਬੇਰਹਿਮੀ ਨਾਲ ਕੁਚਲਣਾ ਸੰਨ 1975 ਦੀ 'ਐਮਰਜੈਂਸੀ' ਦਾ ਮੁੱਢ ਬੰਨ੍ਹਣ ਵਰਗਾ ਸੀ।

ਭਾਰਤ ਵਿਚ ਮਈ 1974 ਦੀ ਰੇਲਵੇ ਹੜਤਾਲ ਅਤੇ ਬਰਤਾਨੀਆ ਵਿਚ ਮਈ 1926 ਦੀ ਜਨਰਲ ਸਟ੍ਰਾਈਕ ਵੱਖੋ-ਵੱਖਰੇ ਦੇਸ਼ਾਂ ਅਤੇ ਸਮਿਆਂ ਦੀਆਂ ਘਟਨਾਵਾਂ ਹੋਣ ਦੇ ਬਾਵਜੂਦ ਇੱਕ ਬੁਨਿਆਦੀ ਸਾਂਝ ਰੱਖਦੀਆਂ ਸਨ; ਉਹ ਸੀ ਘੱਟ ਉਜਰਤਾਂ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ। ਉੱਤਰੀ ਅਤੇ ਪੱਛਮੀ ਭਾਰਤ ਵਿਚ ਹਾਲ ਹੀ ਦੌਰਾਨ ਉੱਠੀ ਉਦਯੋਗਿਕ ਹੜਤਾਲਾਂ ਦੀ ਲਹਿਰ ਵੀ ਘੱਟ ਉਜਰਤਾਂ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ ਵਰਗੇ ਮੁੱਦਿਆਂ 'ਤੇ ਕੇਂਦਰਿਤ ਹੈ, ਜੋ ਇੱਕ ਅਹਿਮ ਸੰਕੇਤ ਦਿੰਦੀ ਹੈ। ਇਹ ਦਰਸਾਉਂਦੀ ਹੈ ਕਿ ਭਾਵੇਂ 1926 ਅਤੇ 1974 ਵਾਂਗ ਕਈ ਮੌਕਿਆਂ 'ਤੇ ਕਿਰਤੀ ਜਮਾਤ ਨੂੰ ਪੂੰਜੀ ਦੀ ਤਾਕਤ ਹੱਥੋਂ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਸਰਮਾਏਦਾਰੀ ਪ੍ਰਬੰਧ ਵਿਚ ਕਿਰਤ ਅਤੇ ਸਰਮਾਏ ਦਾ ਮੂਲ ਟਕਰਾਅ ਹਮੇਸ਼ਾ ਬਰਕਰਾਰ ਰਹਿੰਦਾ ਹੈ। ਅੱਜ ਇਹ ਟਕਰਾਅ ਹੋਰ ਵੀ ਗੁੰਝਲਦਾਰ ਹੋ ਗਿਆ ਹੈ ਕਿਉਂਕਿ ਇਸ ਵਿਚ ਹੁਣ 'ਸਰਮਾਏ ਅਤੇ ਕੁਦਰਤ' ਦੀ ਉਹ ਵਿਰੋਧਤਾ ਵੀ ਆ ਕੇ ਜੁੜ ਗਈ ਹੈ ਜੋ ਨਵੇਂ ਵਾਤਾਵਰਣਕ ਸੰਕਟ ਦੇ ਰੂਪ ਵਿਚ ਸਾਡੀ ਧਰਤੀ ਲਈ ਵੱਡਾ ਖ਼ਤਰਾ ਬਣ ਕੇ ਉੱਭਰੀ ਹੈ।

***ਪ੍ਰੋਫੈਸਰ ਐਮੇਰੀਟਸ, ਆਕਸਫੋਰਡ ਬਰੁੱਕਸ ਬਿਜ਼ਨਸ ਸਕੂਲ।**
****ਕਾਰਜਕਾਰੀ ਮੈਂਬਰ, ਆਕਸਫੋਰਡ ਟਰੇਡ ਯੂਨੀਅਨ ਕੌਂਸਲ।**

# ਐਮ ਐਮ ਸੀ

**ਤਰਸੇਮ ਸਿੰਘ ਜੰਡਿਆਲਾ**
**ਫੋਨ: 98728-30235**

ਛੁੱਟੀ ਹੋਣ ਤੋਂ ਪੰਦਰਾਂ ਕੁ ਮਿੰਟ ਪਹਿਲਾਂ ਸੀਨੀਅਰ ਮੈਨੇਜਰ ਨੇ ਸਟਾਫ ਮੀਟਿੰਗ ਸੱਦ ਲਈ। ਹੁਣੇ-ਹੁਣੇ ਜੁਆਇਨ ਕੀਤੇ ਅਫ਼ਸਰ ਦੀ ਸਟਾਫ ਨਾਲ ਜਾਣ-ਪਛਾਣ ਕਰਵਾਉਣੀ ਸੀ। ਦੱਸਿਆ ਗਿਆ ਕਿ ਉਨ੍ਹਾਂ ਦਾ ਅਹੁਦਾ ਮੈਨੇਜਰ ਹੈ ਅਤੇ ਗਿਆਰਾਂ ਮਹੀਨੇ ਬਾਦ ਉਨ੍ਹਾਂ ਨੇ ਸੇਵਾ-ਮੁਕਤ ਹੋ ਜਾਣਾ ਹੈ। ਨਵੇਂ ਆਏ ਮੈਨੇਜਰ ਸਾਹਿਬ ਨੇ ਸਵੈ-ਜਾਣਕਾਰੀ ਦਿੰਦਿਆਂ ਕਿਹਾ 'ਨਾਂ ਤਾਂ ਮੇਰਾ ਮਦਨ ਮੋਹਨ ਚਾਵਲਾ ਆ ਪਰ ਸਾਰੇ ਮੈਨੂੰ ਐਮ ਐਮ ਸੀ ਕਹਿ ਕੇ ਬੁਲਾਂਦੇ ਨੇ। ਮੈਂ ਜਰਾ ਵੱਖਰੀ ਕਿਸਮ ਦਾ ਬੰਦਾ ਆਂ। ਥੋੜਾ ਬੋਲਣਾ, ਵਧੀਆ ਖਾਣਾ-ਪੀਣਾ, ਸਹਿਜੇ-ਤੁਰਨਾ ਅਤੇ ਨਿੱਠ ਕੇ ਕੰਮ ਕਰਨਾ ਮੇਰੀ ਆਦਤ ਹੈ। ਅਨੁਸ਼ਾਸ਼ਨਹੀਣਤਾ ਮੈਨੂੰ ਪਸੰਦ ਨਹੀਂ।'

ਅਗਲੇ ਦਿਨ ਆਉਂਦਿਆਂ ਹੀ ਚਾਵਲਾ ਜੀ ਨੇ ਬੈਗ ਵਿਚੋਂ ਟਿਫਨ ਕੱਢ ਕੇ ਸੇਵਾਦਾਰ ਨੂੰ ਹੌਟਕੇਸ ਵਿਚ ਰੱਖਣ ਲਈ ਦਿੱਤਾ ਤਾਂ ਉਹ ਹਾਲ ਵਿਚ ਸਾਰੇ ਕਰਮਚਾਰੀਆਂ ਨੂੰ ਦਿਖਾ ਕੇ ਮੁਸਕਰਾਉਂਦਾ ਹੋਇਆ ਲੰਘ ਗਿਆ। ਦੁਪਹਿਰ ਦਾ ਖਾਣਾ ਸਾਰੇ ਕਰਮਚਾਰੀ ਇੱਕੋ ਟੇਬਲ 'ਤੇ ਬੈਠ ਕੇ ਖਾਂਦੇ ਸਨ। ਖਾਣ ਬੈਠੇ ਤਾਂ ਦੇਖਿਆ ਕਿ ਸਾਰਿਆਂ ਦੇ ਟਿਫਨ ਚਾਵਲਾ ਜੀ ਦੇ ਟਿਫਨ ਪਿੱਛੇ ਲੁਕੇ ਹੋਏ ਸਨ। ਇੰਜ ਲੱਗਾ ਜਿਵੇਂ ਚਾਵਲਾ ਜੀ ਚਾਰ ਖਾਨਿਆਂ ਵਾਲੇ ਡੂਢ ਫੁੱਟ ਉੱਚੇ ਟਿਫਨ ਵਿਚ ਸਾਰੀ ਬਰਾਂਚ ਲਈ ਖਾਣਾ ਲੈ ਕੇ ਆਏ ਹੋਣ, ਪਰ ਉਹ ਤਾਂ ਸਿਰਫ ਉਨ੍ਹਾਂ ਜੋਗਾ ਹੀ ਸੀ।

ਪਿੰਡ ਦੀ ਬ੍ਰਾਂਚ ਸੀ, ਨੇੜੇ-ਤੇੜੇ ਕੋਈ ਚਾਹ-ਪਾਣੀ ਦੀ ਦੁਕਾਨ ਨਹੀਂ ਸੀ। ਦੋ ਕੁ ਸੌ ਗਜ਼ ਦੂਰ ਬੱਸ-ਸਟਾਪ ਦੇ ਸਾਹਮਣੇ ਇੱਕ ਹਲਵਾਈ ਦੀ ਦੁਕਾਨ ਤੋਂ ਮਿੱਥੇ ਸਮੇਂ ਤੇ ਦਿਨ ਵਿਚ ਦੋ ਵਾਰੀ ਚਾਹ ਆ ਜਾਂਦੀ। ਪੇਂਡੂ ਬਰਾਂਚਾਂ ਵਿਚ ਉਨੀਂ ਦਿਨੀਂ ਵੀਰਵਾਰ ਨੂੰ ਗ੍ਰਾਹਕ-ਸੇਵਾ ਬੰਦ ਸੀ, ਬੈਂਕ ਦੇ ਪੈਂਡਿੰਗ ਕੰਮ ਮੁਕਾਏ ਜਾਂਦੇ ਸਨ। ਵੀਰਵਾਰ ਵਾਲੇ ਦਿਨ ਚਾਵਲਾ ਜੀ ਕਹਿੰਦੇ 'ਬਈ ਮੁੰਡਿਓ, ਬਾਕੀ ਦਿਨ ਤਾਂ ਖਾਲੀ ਚਾਹ ਨਾਲ ਢਿੱਡ ਫੂਕਦੇ ਓ, ਵੀਰਵਾਰ ਨੂੰ ਚਾਹ ਨਾਲ ਪਕੌੜੇ-ਛਕੌੜੇ ਮੰਗਵਾ ਲਿਆ ਕਰੋ।' ਸਾਰਿਆਂ ਨੇ ਮੁਸਕਰਾ ਕੇ ਹਾਮੀ ਭਰੀ ਤਾਂ ਚਾਵਲਾ ਜੀ ਨੇ ਸੇਵਾਦਾਰ ਰਾਹੀਂ ਪਕੌੜਿਆਂ ਦਾ ਆਰਡਰ ਭੇਜ ਦਿੱਤਾ। ਸਿਲਸਿਲਾ ਚਲਦਾ ਰਿਹਾ, ਹਰ ਵੀਰਵਾਰ ਚਾਹ ਨਾਲ ਕੁੱਝ ਨਾ ਕੁੱਝ ਖਾਣ ਨੂੰ ਜ਼ਰੂਰ ਮੰਗਵਾਉਂਦੇ। ਜੂਨ ਮਹੀਨੇ ਦੇ ਇੱਕ ਵੀਰਵਾਰ ਮੁੰਡਾ ਸਵੇਰ ਦੀ ਚਾਹ ਦੇਣ ਆਇਆ ਤਾਂ ਚਾਵਲਾ ਜੀ ਨੇ ਦੁਪਹਿਰ ਦੀ ਚਾਹ ਨਾਲ ਪਾਲਕ ਦੇ ਪਕੌੜੇ ਲਿਆਉਣ ਦਾ ਹੁਕਮ ਚਾੜ੍ਹ ਦਿੱਤਾ। ਹਲਵਾਈ ਨੇ ਬਥੇਰਾ ਕਿਹਾ ਕਿ ਏਨੀ ਗਰਮੀ ਵਿਚ ਪਾਲਕ ਨਹੀਂ ਮਿਲਣੀ ਪਰ ਚਾਵਲਾ ਜੀ ਕਹਿੰਦੇ 'ਜਿੱਥੋਂ ਮਰਜੀ ਲਿਆ, ਅਸੀਂ ਤਾਂ ਅੱਜ ਪਾਲਕ ਦੇ ਪਕੌੜੇ ਹੀ ਖਾਵਾਂਗੇ।' ਦੁਪਹਿਰੋਂ ਬਾਅਦ ਮੁੰਡਾ ਚਾਹ ਨਾਲ ਪਕੌੜੇ ਲੈ ਕੇ ਆਇਆ ਤਾਂ ਚਾਵਲਾ ਜੀ ਖਿੜ ਗਏ। ਇਮਲੀ ਦੀ ਖੱਟੀ-ਮੱਠੀ ਚਟਣੀ ਨਾਲ ਚਾਵਲਾ ਜੀ ਨੇ ਕਰਾਰੇ ਪਕੌੜੇ ਚਟਕਾਰੇ ਲੈ ਲੈ ਕੇ ਖਾਧੇ। ਬਾਕੀਆਂ ਨੇ ਇੱਕ-ਇੱਕ ਦੋ-ਦੋ ਖਾ ਲਏ ਪਰ ਅਜੀਬ ਜਿਹੇ ਸੁਆਦ ਬਾਰੇ ਖੁਸਰ-ਫੁਸਰ ਹੋਣ ਲੱਗ ਪਈ।

ਦੂਸਰੇ ਦਿਨ ਹਲਵਾਈ ਸਵੇਰੇ ਚਾਹ ਲੈ ਕੇ ਆਇਆ ਤਾਂ ਮੈਂ ਪੁੱਛ ਲਿਆ 'ਤੂੰ ਤਾਂ ਕੱਲ੍ਹ ਕਹਿੰਦਾ ਸੀ ਪਾਲਕ ਨਹੀਂ ਮਿਲਣੀ, ਫੇਰ ਪਾਲਕ ਦੇ ਪਕੌੜੇ ਕਿੱਥੋਂ ਲੈ ਆਇਆ?' ਉਹ ਮੁਸਕਰਾਈ ਜਾਵੇ, ਬੋਲੇ ਕੁੱਝ ਨਾ। ਮੇਰੇ ਵਾਰ-ਵਾਰ ਪੁੱਛਣ 'ਤੇ ਉਹ ਮੇਰੇ ਕੰਨ ਵਿਚ ਕਹਿੰਦਾ 'ਏਨੀ ਗਰਮੀ ਵਿਚ ਏਸ ਛੋਟੇ ਜਿਹੇ ਪਿੰਡ ਵਿਚੋਂ ਪਾਲਕ ਕਿੱਥੋਂ ਮਿਲਣੀ ਸੀ, ਮੈਂ ਤਾਂ ਚਾਵਲਾ ਜੀ ਦੀ ਜ਼ਿਦ ਪੁਗਾਉਣ ਲਈ ਰਲਦਾ-ਮਿਲਦਾ ਕੁੱਝ ਪਾ ਕੇ 'ਪਾਲਕ ਦੇ ਪਕੌੜੇ' ਬਣਾ ਦਿੱਤੇ। ਮੇਰੇ 'ਕੁੱਝ ਪਾ ਕੇ' ਬਾਰੇ ਪੁੱਛਣ 'ਤੇ ਉਹ ਕਹਿੰਦਾ 'ਕੱਲ੍ਹ ਸਵੇਰੇ ਜਦੋਂ ਮੈਂ ਚਾਹ ਦੇ ਕੇ ਵਾਪਸ ਗਿਆ ਤਾਂ ਮੇਰੀ ਦੁਕਾਨ ਦੇ ਬਾਹਰ ਇੱਕ ਅਣਜਾਣ ਬੰਦਾ ਬੈਠਾ ਸੀ। ਮੈਂ ਆਪਣੇ ਮੁੰਡੇ ਨਾਲ ਪਾਲਕ ਬਾਰੇ ਗੱਲ ਕਰ ਰਿਹਾ ਸੀ ਤਾਂ ਉਸ ਬੰਦੇ ਨੇ ਸਾਹਮਣੇ ਤੂਤ ਦੇ ਦਰੱਖਤ ਵਲ ਇਸ਼ਾਰਾ ਕੀਤਾ। ਤੂਤ ਦੇ ਨਰਮ ਪੱਤੇ ਦੇਖ ਕੇ ਮੈਂ ਜੁਗਤ ਲੜਾਈ। ਮੈਂ ਟਾਹਣੀਆਂ ਨਾਲੋਂ ਪੱਤੇ ਭਰੂਅ ਲਏ 'ਤੇ ਕੁੜੱਤਣ ਹਟਾਉਣ ਲਈ ਚੰਗੀ ਤਰ੍ਹਾਂ ਉਬਾਲ ਕੇ ਚਾਵਲਾ ਜੀ ਲਈ 'ਪਾਲਕ ਦੇ ਕਰਾਰੇ ਪਕੌੜੇ' ਬਣਾ ਦਿੱਤੇ।'

ਦੁਪਹਿਰ ਦਾ ਖਾਣਾ ਖਾਣ ਤੋਂ ਬਾਦ ਬਰਾਂਚ ਦੇ ਮੁਲਾਜਮ ਬਾਹਰ ਲੱਤਾਂ ਸਿੱਧੀਆਂ ਕਰਨ ਜਰੂਰ ਜਾਂਦੇ ਸਨ, ਸਿਰਫ ਸਕਿਉਰਟੀ ਗਾਰਡ ਅਤੇ ਸੀਨੀਅਰ ਮੈਨੇਜਰ ਹੀ ਅੰਦਰ ਰਹਿ ਜਾਂਦੇ। ਇੱਕ ਦਿਨ ਸੀਨੀਅਰ ਮੈਨੇਜਰ ਛੁੱਟੀ 'ਤੇ ਸੀ। ਲੰਚ ਵੇਲੇ ਬੈਂਕ ਦੇ ਸਰਕਲ ਦਫਤਰ 'ਤੋਂ ਫੋਨ ਆਇਆ ਤਾਂ ਗਾਰਡ ਨੇ ਚੁੱਕਿਆ। ਫੋਨ ਕਰਨ ਵਾਲੇ ਨੇ ਸੁਨੇਹਾ ਦੇ ਦਿੱਤਾ ਕਿ ਅੱਜ ਹੀ ਐਮ ਐਮ ਸੀ ਭੇਜੋ। ਚਾਵਲਾ ਜੀ ਆਏ ਤਾਂ ਗਾਰਡ ਨੇ ਦੱਸਿਆ ਕਿ ਤੁਹਾਨੂੰ ਹੁਣੇ ਸਰਕਲ ਦਫਤਰ ਬੁਲਾਇਆ ਹੈ। ਚਾਵਲਾ ਜੀ ਉਸੇ ਵੇਲੇ ਚਲੇ ਗਏ। ਸਰਕਲ ਦਫਤਰ ਜਾ ਕੇ ਪਤਾ ਲੱਗਾ ਕਿ ਉਨ੍ਹਾਂ ਤਾਂ ਐਮ ਐਮ ਸੀ ਸਟੇਟਮੈਂਟ ਭਾਵ 'ਮੈਨੇਜਰ ਮੰਥਲੀ ਸਰਟੀਫੀਕੇਟ' ਭੇਜਣ ਲਈ ਕਿਹਾ ਸੀ। ਗਾਰਡ ਨੇ ਐਮ ਐਮ ਸੀ ਭਾਵ ਮਦਨ ਮੋਹਨ ਚਾਵਲਾ ਨੂੰ ਭੇਜ ਦਿੱਤਾ।

ਦੀਵਾਲੀ ਤੋਂ ਕੁੱਝ ਦਿਨ ਪਹਿਲਾਂ ਚਾਵਲਾ ਜੀ ਨੇ ਇੱਕ ਕਿਸਾਨ ਦਾ ਮੱਝਾਂ ਲਈ ਕਰਜਾ ਪਾਸ ਕੀਤਾ। ਕਿਸਾਨ ਨੂੰ ਕਹਿੰਦੇ 'ਚੈਕ ਤੈਨੂੰ ਫੇਰ ਦਿਆਂਗਾ, ਪਹਿਲਾਂ ਮੈਨੂੰ ਸਰੋਂ ਦਾ ਸਾਗ ਲਿਆ ਕੇ ਦੇ।' ਉਨ੍ਹੀਂ ਦਿਨੀਂ ਬਰਸੀਮ ਅਜੇ ਫੁੱਟਿਆ ਹੀ ਸੀ, ਵਿਚ ਕਿਤੇ-ਕਿਤੇ ਸਰੋਂ ਦੇ ਪੱਤੇ ਵੀ ਦਿਸਦੇ ਸਨ। ਕਿਸਾਨ ਨੇ ਦੂਸਰੇ ਦਿਨ ਸਾਗ ਰਿੰਨ੍ਹ ਕੇ ਬਾਲਟਾ ਭਰ ਕੇ ਲਿਆ ਦਿੱਤਾ। ਅਗਲੇ ਦਿਨ ਚਾਵਲਾ ਜੀ 'ਸਾਗ' ਦੀਆਂ ਸਿਫਤਾਂ ਕਰਨੋ ਨਾ ਹਟਣ। ਪਿੱਛੋਂ ਪਤਾ ਲੱਗਾ ਕਿ ਕਿਸਾਨ ਥੋੜ੍ਹੇ ਜਿਹੇ ਸਰ੍ਹੋਂ ਦੇ ਪੱਤਿਆਂ ਵਿਚ ਨਰਮ-ਨਰਮ ਬਰਸੀਮ ਰਿੰਨ੍ਹ ਕੇ ਦੇ ਗਿਆ ਸੀ।

ਪਹਿਲੇ ਦਿਨ ਜਾਣ-ਪਛਾਣ ਵੇਲੇ ਚਾਵਲਾ ਜੀ ਦੇ ਕਹੇ ਵਚਨ ਇੱਕ-ਇੱਕ ਕਰਕੇ ਪ੍ਰਤੱਖ ਹੋਈ ਜਾ ਰਹੇ ਸਨ। ਸਹਿਜੇ ਤੁਰਨਾ ਤਾਂ ਉਨ੍ਹਾਂ ਦੀ ਮਜਬੂਰੀ ਸੀ ਕਿਉਂ ਕਿ ਉਨ੍ਹਾਂ ਦੀ ਇੱਕ ਲੱਤ ਛੋਟੀ ਸੀ। ਨਿੱਠ ਕੇ ਕੰਮ ਤਾਂ ਨਹੀਂ, ਨਿੱਠ ਕੇ ਸੌਂਦੇ ਜ਼ਰੂਰ ਸਨ। ਸਰਦੀਆਂ ਦੇ ਦਿਨਾਂ ਵਿਚ ਸਵੇਰੇ ਆਉਣ ਸਾਰ ਦੋ ਡਿਸਪ੍ਰੀਨ ਦੀਆਂ ਗੋਲੀਆਂ ਪਾਣੀ ਵਿਚ ਘੋਲ ਕੇ ਪੀਂਦੇ ਅਤੇ ਬੈਂਕ ਦੇ ਪਿਛਵਾੜੇ ਧੁੱਪ ਵਿਚ ਰੱਖੇ ਬੈਂਚ ਉੱਪਰ ਸੌਂ ਜਾਂਦੇ। ਸੇਵਾਦਾਰ ਦਸਖਤ ਕਰਵਾਉਣ ਲਈ ਡਾਕੂਮੈਂਟ ਲੈ ਕੇ ਆਉਂਦਾ ਅਤੇ ਘੁਰਾੜਿਆਂ ਦੇ ਸ਼ੋਰ ਵਿਚ ਉਨ੍ਹਾਂ ਦੇ ਸਿਰਹਾਣੇ ਰੱਖ ਕੇ ਪਰਤ ਜਾਂਦਾ। ਕੁੰਭਕਰਨੀ ਨੀਂਦ ਟੁੱਟਣ 'ਤੇ ਬੈਂਕ ਹਾਲ ਵਿਚ ਆਉਂਦਿਆਂ ਹੀ ਕੁੰਭਕਰਨੀ ਗਰਜ ਨਾਲ ਸਾਰਾ ਹਾਲ ਗੂੰਜ ਉੱਠਦਾ।

ਸੀਨੀਅਰ ਮੈਨੇਜਰ ਵਰਮਾ ਜੀ ਰਿਟਾਇਰਮੈਂਟ ਦੇ ਨੇੜੇ ਸਨ। ਉਨ੍ਹਾਂ ਸਾਨੂੰ ਕਹਿਣਾ 'ਸਾਰੀਆਂ ਬਰਾਂਚਾਂ ਵਿਚ ਐਹੋ ਜਿਹੇ ਭਗਤ ਬੰਦੇ ਨਹੀਂ ਹੁੰਦੇ। ਅਸੀਂ ਕਰਮਾਂ ਵਾਲੇ ਆਂ ਜਿਹੜੇ ਐਹੋ ਜਿਹੇ ਨਮੂਨੇ ਦੇ ਨਿੱਤ ਦਰਸ਼ਣ ਕਰਦੇ ਆਂ।'

ਨਿਰਵਿਘਨ ਪ੍ਰਕਾਸ਼ਨ ਦੇ 27ਵੇਂ ਸਾਲ 'ਚ (ਪਹਿਲੀ ਜਨਵਰੀ 2000-2026)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ, ਅਯੋਧਿਆ ਸਲਵਾਨ ਅਤੇ ਸ. ਰਾਜਿੰਦਰ ਸਿੰਘ ਬੈਂਸ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 27ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 20 ਜੂਨ, 2026 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਚੀਫ ਗੈਸਟ




ਦਰਸ਼ਨ ਸਿੰਘ ਧਾਲੀਵਾਲ

### ਗੈਸਟ ਆਫ ਆਨਰ



ਅਮਰਜੀਤ ਢੀਂਡਸਾ



ਜੱਸੀ ਸਹੋਤਾ



ਗੁਰਬਖਸ਼ ਰਾਹੀ

ਯਾਦ ਸਲਾਮਤ ਰਹੇ...



ਸ. ਅਮੋਲਕ ਸਿੰਘ ਜੰਮੂ


### ਗੈਸਟ ਆਫ ਆਨਰ



ਡਾ. ਭੁਪਿੰਦਰ ਸਿੰਘ ਸੈਣੀ



ਮਨਜੀਤ ਨਾਗਰਾ



ਜਸਮੀਰ ਸਿੰਘ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਅਮਰੀਕ ਸਿੰਘ (ਅਮਰ ਕਾਰਪੈਟ) | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਆਗਿਆਪਾਲ ਸਿੰਘ ਬਾਠ | ਪਰਮਵੀਰ ਸਿੰਘ ਬੈਂਸ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਮਨਮਿੰਦਰ ਸਿੰਘ ਹੀਰ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

# PUNJAB TIMES NIGHT 2026

## ਵਿਸ਼ੇਸ਼ ਮਹਿਮਾਨ



ਗੁਰਭੇਜ ਸਿੰਘ | ਮੇਜਰ ਕੁਲਾਰ | ਡਾ. ਗੁਰਬਖਸ਼ ਸਿੰਘ ਭੰਡਾਲ | ਡਾ. ਆਤਮਜੀਤ ਸਿੰਘ | ਰਵਿੰਦਰ ਸਹਿਰਾਅ | ਪ੍ਰੋ. ਸੁਹਿੰਦਰ ਬੀਰ | ਮੈਡੀ ਸਿੰਘ


## ਸਾਡੇ ਸਪਾਂਸਰ



ਭਾਈ ਮਹਿੰਦਰ ਸਿੰਘ | ਗੁਰਚਰਨ ਸਿੰਘ ਝੱਜ | ਜਗਜੀਤ ਢੀਂਡਸਾ | ਨਿੱਕ ਗਾਖਲ | ਮੱਖਣ ਬੈਂਸ | ਰਜਿੰਦਰ ਟਾਂਡਾ | ਗੁਰਚਰਨ ਮਾਨ | ਸੈਮ ਚਾਹਲ | ਡਾ. ਦਲਬੀਰ ਪੰਨੂ | ਹਰਵਿੰਦਰ ਵਾਲੀਆ | ਜਗਪਾਲ ਗਰੇਵਾਲ | ਰਛਪਾਲ ਸਹੋਤਾ | ਬਲਬੀਰ ਗਰੇਵਾਲ



ਅਜੈਬ ਲੱਖਣ | ਸੰਤੋਖ ਸਿੰਘ ਡੀ ਸੀ | ਡਾ. ਸਰਬਜੀਤ ਭੰਡਾਲ | ਡਾ. ਵਿਕਰਮ ਗਿੱਲ | ਤਰਲੋਚਨ ਸਿੰਘ ਮੁਲਤਾਨੀ | ਹਰਵਿੰਦਰ ਬਿੱਲਾ | ਜੈਰਾਮ ਸਿੰਘ ਕਾਹਲੋਂ | ਸਤਿੰਦਰ ਸਿੰਘ | ਸਤਨਾਮ ਸਿੰਘ ਗਿੱਲ | ਸਤਨਾਮ ਸਿੰਘ ਔਲਖ | ਮੱਖਣ ਸਿੰਘ ਕਲੇਰ | ਓਂਕਾਰ ਸਿੰਘ ਢਿੱਲੋਂ | ਗੁਰਮੇਲ ਕੰਗ | ਠਾਕਰ ਬਸਾਤੀ



ਜੱਸੀ ਸਿੰਘ | ਪ੍ਰਦੀਪ ਕਾਹਲੋਂ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਲੱਕੀ ਸਹੋਤਾ | ਡਾ. ਹਰਜਿੰਦਰ ਖਹਿਰਾ | ਰਜਿੰਦਰ ਦਿਆਲ | ਪਿੰਦੀ ਛੀਨਾ | ਓਂਕਾਰ ਸਹੋਤਾ | ਹਰਦੀਪ ਗਿੱਲ | ਪ੍ਰਦੀਪ ਸਲਵਾਨ | ਸਵਰਨ ਸੇਖੋਂ | ਸੁਖਪਾਲ ਗਿੱਲ | ਗੁਰਮੁਖ ਸਿੰਘ ਭੁੱਲਰ | ਗੁਰਲੀਨ ਕੌਰ



ਬਿਕਰਮ ਸੋਹੀ | ਨਵਤੇਜ ਸੋਹੀ | ਪਰਵਿੰਦਰ ਸਿੰਘ ਨਨੂਆ | ਵਿੱਕ ਸਿੰਘ | ਜਸਬੀਰ ਪਲੀਆ | ਸੁਰਿੰਦਰ ਪਲੀਆ | ਭਿੰਦਰ ਪੰਮਾ | ਦਰਸ਼ਨ ਪੰਮਾ | ਅੰਮ੍ਰਿਤਪਾਲ ਮਾਂਗਟ | ਜਿਗਰਦੀਪ ਸਿੰਘ ਢਿੱਲੋਂ | ਹਰਜਿੰਦਰ ਜਿੰਦੀ | ਜਰਨੈਲ ਸਿੰਘ ਮਿਆਣੀ | ਪਰਮਿੰਦਰ ਗੋਲਡੀ



ਸੁਖੀ ਨਰਵਾਲ | ਰਾਜਵੀਰ ਬੋਪਾਰਾਏ | ਕੁਲਦੀਪ ਗਿੱਲ | ਮੁਖਤਿਆਰ ਖਹਿਰਾ | ਅਜੇ ਗਰੋਵਰ | ਰਾਜ ਬੈਂਸ | ਰੁਬਲ ਸੋਹੀ | ਰਾਣਾ ਸਿੰਘ ਵਿਰਕ | ਜਸਪਾਲ ਘੋਤੜਾ | ਧਰਮਿੰਦਰ ਖਟੜਾ | ਯਾਦਵਿੰਦਰ ਖਟੜਾ | ਲਖਵੀਰ ਜੌਹਲ | ਕਰਮਜੀਤ ਸਿੰਘ | ਅਵਤਾਰ ਭੌਰਾ | ਪਾਲਾ ਸ਼ੇਰਮਾਰ



ਨਰਿੰਦਰ ਸਿੰਘ ਸਰਾਂ | ਜਸਬੀਰ ਸੁਗਾ | ਇੰਦਰ ਹੁੰਜਨ | ਦਵਿੰਦਰ ਸਿੰਘ ਰੰਗੀ | ਸੁਰਿੰਦਰ ਕੌਰ ਸੰਘਾ | ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਜਗਦੀਸ਼ ਸਿੰਘ ਸੰਧੂ | ਜਸਬੀਰ ਸਿੰਘ | ਕੁਲਬੀਰ ਸਿੰਘ | ਰੌਨੀ ਕੁਲਾਰ | ਬਲਬੀਰ ਬੈਦਵਾਨ | ਅਮਰੀਕ ਸਿੰਘ



ਰਵਿੰਦਰ ਰਵੀ | ਰਣਬੀਰ ਧਾਲੀਵਾਲ | ਇੰਦਰਮੋਹਨ ਛਾਬੜਾ | ਗੁਰਮੁਖ ਸਿੰਘ | ਸਤਵਿੰਦਰ ਸੱਤਾ | ਕੁਲਦੀਪ ਸਿੰਘ ਲੰਗ | ਬਿਕਰਮਜੀਤ ਸਿੰਘ ਸੇਖੋਂ | ਹਰਕੇਵਲ ਲਾਲੀ | ਹਰਮਨ ਬਿੰਦ | ਰਾਣਾ ਸੇਖੋਂ | ਮਿੱਢਾ ਮਾਹਲਪੁਰੀਆ | ਅਮਰਦੇਵ ਬਦੇਸ਼ਾ | ਅੱਛਰ ਸਿੰਘ | ਸੰਤੋਖ ਸਿੰਘ ਭਟਨੂਰਾ | ਕਰਮਜੀਤ ਸਿੰਘ

**ਪੰਜਾਬ ਟਾਈਮਜ਼ ਦੀ 27ਵੀਂ ਵਰ੍ਹੇਗੰਢ ਮੌਕੇ 20 ਜੂਨ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸਾਹਿਤਕਾਰ, ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

ਸਹਿਯੋਗੀ ਸੰਸਥਾਵਾਂ: ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਇਤਿਹਾਸ ਦੇ ਧੜਕਦੇ ਅੱਖਰਾਂ ਦਾ ਸਾਧਕ — ਡਾ. ਹਰਜਿੰਦਰ ਸਿੰਘ ਦਿਲਗੀਰ



**ਡਾ. ਅਮਰਜੀਤ ਟਾਂਡਾ**
ਫੋਨ+61 412913021

ਸਾਹਿਤ ਦੇ ਅਸਮਾਨ 'ਚ ਕੁਝ ਤਾਰੇ ਸਿਰਫ਼ ਚਮਕਦੇ ਨਹੀਂ, ਦਿਸ਼ਾ ਵੀ ਦਿੰਦੇ ਹਨ। ਉਨ੍ਹਾਂ ਦੀ ਰੌਸ਼ਨੀ ਸਿਰਫ਼ ਅੱਖਾਂ ਨੂੰ ਨਹੀਂ, ਮਨ ਨੂੰ ਵੀ ਰੌਸ਼ਨ ਕਰਦੀ ਹੈ। ਡਾ. ਹਰਜਿੰਦਰ ਸਿੰਘ ਦਿਲਗੀਰ ਅਜਿਹਾ ਹੀ ਇੱਕ ਨਾਮ ਹੈ—ਇੱਕ ਸੋਚ, ਇੱਕ ਸੰਕਲਪ, ਇੱਕ ਅਡਿੱਗ ਧਾਰਾ—ਜੋ ਇਤਿਹਾਸ ਨੂੰ ਸਿਰਫ਼ ਲਿਖਦਾ ਨਹੀਂ, ਉਸਨੂੰ ਜਗਾਉਂਦਾ ਵੀ ਹੈ।

ਉਨ੍ਹਾਂ ਦੀ ਕਲਮ ਕਿਸੇ ਆਮ ਲੇਖਕ ਦੀ ਕਲਮ ਨਹੀਂ, ਇਹ ਇੱਕ ਸਿਪਾਹੀ ਦੀ ਤਲਵਾਰ ਵਰਗੀ ਹੈ—ਤਿੱਖੀ, ਸੱਚੀ ਤੇ ਬੇਖ਼ੌਫ਼। ਜਿਵੇਂ ਸਵੇਰ ਦੀ ਪਹਿਲੀ ਕਿਰਣ ਹਨੇਰੇ ਨੂੰ ਚੀਰ ਕੇ ਰਾਹ ਬਣਾਉਂਦੀ ਹੈ, ਓਸੇ ਤਰ੍ਹਾਂ ਦਿਲਗੀਰ ਸਾਹਿਬ ਦੀ ਲਿਖਤ ਝੂਠ ਦੇ ਪੜਦੇ ਹਟਾ ਕੇ ਸੱਚ ਦੀ ਅਵਾਜ਼ ਬਣਦੀ ਹੈ। ਉਨ੍ਹਾਂ ਦੇ ਅੱਖਰ ਕਾਗਜ਼ 'ਤੇ ਨਹੀਂ, ਸਮੇਂ ਦੀ ਛਾਤੀ 'ਤੇ ਲਿਖੇ ਲੱਗਦੇ ਹਨ।

ਡਾ. ਦਿਲਗੀਰ ਦੀ ਵਿਦਵਤਾ ਇੱਕ ਸਮੁੰਦਰ ਵਰਗੀ ਹੈ—ਗਹਿਰੀ, ਅਥਾਹ ਅਤੇ ਅਨੰਤ। ਉਨ੍ਹਾਂ ਦੀਆਂ ਰਚਨਾਵਾਂ ਵਿਚ ਸਿਰਫ਼ ਜਾਣਕਾਰੀ ਨਹੀਂ, ਇਕ ਰੂਹਾਨੀ ਖੋਜ ਵਸਦੀ ਹੈ। ਉਹ ਇਤਿਹਾਸ ਨੂੰ ਕਿਤਾਬਾਂ ਦੇ ਸਫ਼ਿਆਂ 'ਚ ਕੈਦ ਨਹੀਂ ਕਰਦੇ, ਸਗੋਂ ਉਸਨੂੰ ਜੀਉਂਦਾ ਕਰਕੇ ਪਾਠਕ ਦੇ ਸਾਹਮਣੇ ਖੜ੍ਹਾ ਕਰ ਦਿੰਦੇ ਹਨ—ਜਿਵੇਂ ਬੀਤੇ ਕਾਲ ਦੀਆਂ ਪਰਛਾਈਆਂ ਅੱਜ ਦੇ ਸਮੇਂ ਨਾਲ ਗੱਲਾਂ ਕਰ ਰਹੀਆਂ ਹੋਣ।

ਉਨ੍ਹਾਂ ਦੀਆਂ ਪ੍ਰਮੁੱਖ ਕਿਤਾਬਾਂ—ਜਿਵੇਂ ਸਿੱਖ ਇਤਿਹਾਸ ਦੀ ਵਿਸ਼ਾਲ ਵਿਵੇਚਨਾ, ਸਿੱਖ ਰਾਜਨੀਤੀ ਦੇ ਪਰਤ ਦਰ ਪਰਤ ਸੱਚ, ਅਤੇ ਹੋਰ ਬੇਅੰਤ ਲਿਖਤਾਂ—ਇਕ ਵਿਦਵਾਨ ਦੀ ਮਿਹਨਤ ਨਹੀਂ, ਇੱਕ ਸੰਤ-ਸਿਪਾਹੀ ਦੀ ਤਪੱਸਿਆ ਦਿਸਦੀਆਂ ਹਨ। ਹਰ ਕਿਤਾਬ ਇਕ ਅਜਿਹਾ ਦਰਵਾਜ਼ਾ ਹੈ ਜੋ ਪਾਠਕ ਨੂੰ ਅੰਦਰ ਵੜ ਕੇ ਸੋਚਣ, ਸਮਝਣ ਅਤੇ ਖੋਜ ਕਰਨ ਲਈ ਮਜਬੂਰ ਕਰਦਾ ਹੈ। ਦਿਲਗੀਰ ਸਾਹਿਬ ਦੀ ਲਿਖਤ ਵਿਚ ਇੱਕ ਅਨੋਖੀ ਖੂਬਸੂਰਤੀ ਹੈ—ਇਹ ਕਦੇ ਸਮਝੌਤਾ ਨਹੀਂ ਕਰਦੀ। ਉਹ ਸੱਚ ਨੂੰ ਫੁੱਲਾਂ 'ਚ ਨਹੀਂ ਲਪੇਟਦੇ, ਸਗੋਂ ਉਸਨੂੰ ਉਸਦੀ ਅਸਲ ਸ਼ਕਲ ਵਿਚ ਪੇਸ਼ ਕਰਦੇ ਹਨ। ਜਿਵੇਂ ਬਿਜਲੀ ਦੀ ਕੌਂਧ, ਅਚਾਨਕ ਚਮਕ, ਇਕ ਪਲ ਵਿਚ ਆਕਾਸ਼ ਨੂੰ ਚਮਕਾ ਦਿੰਦੀ ਹੈ, ਓਸੇ ਤਰ੍ਹਾਂ ਉਨ੍ਹਾਂ ਦੇ ਸ਼ਬਦ ਅਕਸਰ ਪਾਠਕ ਦੇ ਮਨ ਨੂੰ ਝੰਜੋੜ ਦੇਂਦੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਵੀ ਉਨ੍ਹਾਂ ਦੀ



ਲਿਖਤ ਵਾਂਗ ਹੀ ਦ੍ਰਿੜ੍ਹ ਹੈ—ਨਾ ਝੁਕਣ ਵਾਲੀ, ਨਾ ਡਰਣ ਵਾਲੀ। ਉਹ ਇੱਕ ਅਜਿਹਾ ਦਰਖ਼ਤ ਹਨ, ਜੋ ਹਨ੍ਹੇਰੀਆਂ ਵਿਚ ਵੀ ਸਿੱਧਾ ਖੜ੍ਹਾ ਰਹਿੰਦਾ ਹੈ, ਜਿਸ ਦੀਆਂ ਜੜ੍ਹਾਂ ਸੱਚ ਦੀ ਮਿੱਟੀ ਵਿਚ ਡੂੰਘੀਆਂ ਧੱਸੀਆਂ ਹੋਈਆਂ ਹਨ।

ਡਾ. ਦਿਲਗੀਰ ਦਾ ਸਭ ਤੋਂ ਵੱਡਾ ਯੋਗਦਾਨ ਇਹ ਨਹੀਂ ਕਿ ਉਨ੍ਹਾਂ ਨੇ ਕਿੰਨੀਆਂ ਕਿਤਾਬਾਂ ਲਿਖੀਆਂ, ਸਗੋਂ ਇਹ ਹੈ ਕਿ ਉਨ੍ਹਾਂ ਨੇ ਸੋਚਣ ਦਾ ਇੱਕ ਨਵਾਂ ਢੰਗ ਦਿੱਤਾ। ਉਨ੍ਹਾਂ ਨੇ ਪਾਠਕ ਨੂੰ ਸਿਖਾਇਆ ਕਿ ਇਤਿਹਾਸ ਨੂੰ ਸਿਰਫ਼ ਪੜ੍ਹਨਾ ਨਹੀਂ, ਸਮਝਣਾ ਵੀ ਲਾਜ਼ਮੀ ਹੈ; ਅਤੇ ਸੱਚ ਨੂੰ ਸਿਰਫ਼ ਸੁਣਨਾ ਨਹੀਂ, ਪਰਖਣਾ ਵੀ ਜ਼ਰੂਰੀ ਹੈ। ਅੱਜ ਦੇ ਸਮੇਂ ਵਿਚ, ਜਦੋਂ ਸੱਚ ਅਕਸਰ ਧੁੰਦ ਵਿਚ ਲੁਕ ਜਾਂਦਾ ਹੈ, ਡਾ. ਹਰਜਿੰਦਰ ਸਿੰਘ ਦਿਲਗੀਰ ਇੱਕ ਚਿਰਾਗ਼ ਵਾਂਗ ਹਨ—ਜੋ ਰਾਹ ਵੀ ਦਿਖਾਉਂਦਾ ਹੈ ਤੇ ਹੌਸਲਾ ਵੀ ਦਿੰਦਾ ਹੈ। ਉਨ੍ਹਾਂ ਦੀ ਲਿਖਤ ਇਕ ਅਵਾਜ਼ ਹੈ—ਜੋ ਖਾਮੋਸ਼ੀਆਂ ਵਿਚ ਵੀ ਗੂੰਜਦੀ ਹੈ, ਇਕ ਦਰਿਆ ਹੈ—ਜੋ ਰੁਕਦਾ ਨਹੀਂ, ਇਕ ਅੱਗ ਹੈ—ਜੋ ਬੁਝਦੀ ਨਹੀਂ।ਅੰਤ ਵਿਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਡਾ. ਦਿਲਗੀਰ ਸਿਰਫ਼ ਇੱਕ ਲੇਖਕ ਨਹੀਂ, ਇਕ ਵਿਚਾਰ-ਯੁੱਗ ਹਨ। ਉਨ੍ਹਾਂ ਦੀ ਕਲਮ ਨੇ ਜੋ ਦੀਵੇ ਜਗਾਏ ਹਨ, ਉਹ ਸਦੀਆਂ ਤੱਕ ਰੌਸ਼ਨੀ ਦਿੰਦੇ ਰਹਿਣਗੇ ਕਿਉਂਕਿ ਇਹ ਰੌਸ਼ਨੀ ਸਿਰਫ਼ ਅੱਖਾਂ ਲਈ ਨਹੀਂ, ਆਤਮਾ ਲਈ ਹੈ।

# ਅੰਤਰ-ਜਾਤਿ ਤੇ ਅੰਤਰ-ਰਾਜ ਰਿਸ਼ਤਿਆਂ ਦੇ ਮੇਲ-ਮਿਲਾਪ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਇਨ੍ਹਾਂ ਦਿਨਾਂ ਵਿਚ ਸਰਹੰਦ ਨੇੜੇ ਪੈਂਦੇ ਇੰਡੋ-ਅਮਰੀਕਨ ਡਾਈਨਰ ਸਥਾਨ ਉੱਤੇ ਇਕ ਅਜਿਹੇ ਵਿਆਹ ਵਿਚ ਸਿਰਕਤ ਕਰਨ ਦਾ ਸਬੱਬ ਬਣਿਆ ਜਿਸ ਵਿਚ ਮੇਰਾ ਨਿਪਾਲੀ ਡਰਾਈਵਰ ਕੇਸ਼ਵ ਬਹਾਦਰ ਹੀ ਨਹੀਂ ਮੇਰਾ ਝਾਰਖੰਡੀ ਮੁਹਾਫ਼ਿਜ਼ ਗਿਰਧਾਰੀ ਲਾਲ ਤੇ ਹੋਰ ਕਈ ਰਾਜਾਂ ਤੇ ਜਾਤੀਆਂ ਦੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ। ਵਿਆਂਦੜ ਕੁੜੀ ਦੇ ਮਾਪੇ ਤਾਂ ਖੱਬੇ-ਪੱਖੀ ਸੋਚ ਨੂੰ ਪਰਨਾਏ ਹੋਏ ਹਨ, ਪਿਤਾ ਗੁਲਜ਼ਾਰ ਸਿੰਘ ਦਾ ਪਿਛੋਕੜ ਮੁਸਲਮਾਨੀਹੈਹੈ। ਉਸ ਦਾ ਦਾਦਾ ਟਹਿਲ ਸਿੰਘ ਮੁਗ਼ਲ ਬਾਦਸ਼ਾਹਾਂ ਦੀ ਚੜ੍ਹਤ ਸਮੇਂ ਮੁਸਲਮਾਨ ਹੋ ਗਿਆ ਸੀ। ਟਹਿਲ ਸਿੰਘ ਦੇ ਦਾਦਾ-ਪੜਦਾਦਾ ਫਤਿਹਗੜ੍ਹ ਸਾਹਿਬ (ਸਰਹੰਦ) ਦੇ ਵਸਨੀਕ ਸਨ। ਗੁਲਜ਼ਾਰ ਸਿੰਘ ਖੁਦ ਪਗੜੀਧਾਰੀ ਹੈ। ਉਸਦੀ ਸ਼ਾਦੀ ਰਾਜਪੁਰਾਂ ਦੀ ਕੋਠੀ ਵਿਚ ਰਹਿ ਕੇ ਪਲੀ ਰਾਜ ਰਾਣੀ ਨਾਲ ਹੋਈ ਹੈ। ਉਨ੍ਹਾਂ ਦੀ ਇੱਕ ਧੀ ਦਾ ਨਾਂ ਨਗ਼ਮਾ ਸਿੰਘ ਹੈ, ਜੋ ਮੇਰੀ ਪਾਠਕ ਹੋਣ ਦੇ ਨਾਤੇ ਮੈਨੂੰ ਮਿਲੀ ਸੀ। ਅੱਜ ਦੇ ਦਿਨ ਉਹ ਮੈਨੂੰ ਤੇ ਮੇਰੀ ਪਤਨੀ ਨੂੰ ਆਪਣੇ ਮਾਪਿਆਂ ਸਮਾਨ ਸਮਝਦੀ ਹੈ ਤੇ ਆਪਣੇ ਆਪ ਨੂੰ ਸਾਡੀ ਧੀ ਕਹਿੰਦੀ ਹੈ। ਉਂਝ ਉਸਦੇ ਪਾਪਾ ਦਾ ਨਾਂ ਵੀ ਗੁਲਜ਼ਾਰ ਸਿੰਘ ਹੈ, ਜੋ ਮੇਰੇ ਨਾਲੋਂ ਸਾਫ ਤੇ ਚੰਗੀ ਪੱਗ ਬੰਨ੍ਹਦਾ ਹੈ।

ਸਰਹੰਦ ਨੇੜਲਾ ਉਪ੍ਰੋਕਤ ਮੇਲ-ਮਿਲਾਪ ਗੁਲਜ਼ਾਰ ਸਿੰਘ ਦੀ ਦੂਜੀ ਧੀ ਮਮਤਾ ਦੀ ਸ਼ਾਦੀ ਕਾਰਨ ਬਣਿਆ। ਮਮਤਾ ਨੇ ਚਿਰਾਗ ਨਾਮੀ ਜੀਵਨ ਸਾਥੀ ਖੁਦ ਚੁਣਿਆ ਹੈ। ਉਹ ਦੋਵੇਂ ਗੋਬਿੰਦਗੜ੍ਹ ਪੜ੍ਹਦੇ ਸਨ। ਮਮਤਾ ਕੰਪਿਊਟਰ ਦੀ ਸਿਖਲਾਈ ਲੈਂਦੀ ਸੀ ਤੇ ਚਿਰਾਗ਼ ਉਥੋਂ ਦੇ ਦੇਸ਼ ਭਗਤ ਕਾਲਜ ਵਿਚ ਵਕਾਲਤ ਪੜ੍ਹਦਾ ਸੀ। ਹੋਇਆ ਇਹ ਕਿ ਦੋਵੇਂ ਇੱਕ ਹੀ ਬੱਸ ਵਿਚ ਸਫ਼ਰ ਕਰਦੇ ਸਨ, ਜਿਹੜੀ ਚੰਡੀਗੜ੍ਹ ਤੋਂ ਜ਼ੀਕਰਪੁਰ ਤੇ ਰਾਜਪੁਰਾ ਰਾਹੀਂ ਗੋਬਿੰਦਗੜ੍ਹ ਜਾਂਦੀ ਸੀ। ਮਮਤਾ ਉਸ ਵਿਚ ਜ਼ੀਰਕਪੁਰ ਤੋਂ ਚੜ੍ਹਦੀ ਸੀ ਤੇ ਚਿਰਾਗ ਰਾਜਪੁਰਾ ਤੋਂ। ਮੰਜ਼ਿਲ ਦੋਹਾਂ ਦੀ ਇੱਕ ਹੀ ਸੀ। ਆਉਣਾ-ਜਾਣਾ ਸਾਂਝਾ। ਮਮਤਾ ਦਾ ਪਿਤਾ ਜ਼ੀਰਕਪੁਰ ਕੰਮ ਕਰਦਾ ਸੀ ਤੇ ਚਿਰਾਗ ਦੇ ਦਾਦਕੇ ਰਾਜਪੁਰਾ ਨੇੜਲੇ ਪਿੰਡ ਗੰਦੋ ਮਾਜਰਾ ਵਿਚ ਖੇਤੀ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਗੁਲਜ਼ਾਰ ਸਿੰਘ ਦੇ ਸਭ ਤੋਂ ਵੱਡੇ ਭਰਾ ਦਾ ਨਾਂ ਨਜ਼ੀਰ ਸ਼ਾਹ ਸੀ ਤੇ ਉਸ ਤੋਂ ਛੋਟੇ ਦਾ ਦਰਬਾਰਾ ਜਿਸ ਨੂੰ ਭੀਰਾ ਕਹਿੰਦੇ ਸਨ। ਭੀਰਾ ਫਕੀਰ ਹੋ ਗਿਆ ਸੀ ਤੇ ਖੁਦ ਮਨੀਮਾਜਰਾ ਨੇੜੇ ਦਾਸੀਆਂ ਨਾਂ ਦੇ ਪਿੰਡ ਵਿਚ ਰਹਿੰਦਾ ਸੀ। ਸਭ ਤੋਂ ਛੋਟੇ ਭਰਾ ਦਾ ਨਾਂ ਦਿਲਦਾਰ ਮੁਹੰਮਦ ਹੈ ਤੇ ਭੈਣਾਂ ਦੇ ਨਾਂ ਦਲਬੀਰ ਤੇ ਕੁਰਸ਼ੈਦਾ। ਭੈਣਾਂ ਆਪੋ-ਆਪਣੇ ਘਰੀਂ ਸੁਖੀ ਵਸਦੀਆਂ ਹਨ। ਫਕੀਰੀ ਵੇਸ ਵਾਲੇ ਭਰਾ ਦਾ ਕਿਸੇ ਅੰਗ ਸਾਕ ਨਾਲ ਵਾਸਤਾ ਨਹੀਂ। ਬਾਕੀ ਮੈਂਬਰ ਵੀ ਉਸਨੂੰ ਕਦੀ ਕਦਾਈਂ ਮਿਲਦੇ ਹਨ। ਦਿਲਦਾਰ ਮੁਹੰਮਦ ਛੱਤ ਬਨੂੜ ਵਿਚ ਸਬਜ਼ੀ ਦੀ ਦੁਕਾਨ ਕਰਦਾ ਹੈ। ਉਸਦੀ ਹਮਸਫ਼ਰ ਵੀ ਮੁਸਲਮਾਨ ਹੈ ਪਰ ਨਾਂ ਹਿੰਦੂ ਸਿੱਖਾਂ ਵਾਲਾ ਹੈ, ਅਮਰਜੀਤ।

ਜਿਥੋਂ ਤੱਕ ਚਿਰਾਗ ਦਾ ਸਬੰਧ ਹੈ, ਉਸਦੇ ਦਾਦਕੇ ਰਾਜਪੁਰਾ ਦੇ ਖੱਤਰੀ ਹਨ ਤੇ ਮਾਂ ਦਾ ਨਾਂ ਰਿਪਲਾ ਮੈਨਰੋ ਹੈ ਤੇ ਪਿਤਾ ਸਵਰਗਵਾਸੀ ਸੰਜੀਵ ਕੁਮਾਰ। ਉਹ ਕੁਰੂਕਸ਼ੇਤਰ ਦੇ ਸਹਿਗਲ ਪਰਿਵਾਰ ਵਿਚੋਂ ਹਨ। ਚਿਰਾਗ ਦੀ ਭੈਣ ਨਵਾਂਸ਼ਹਿਰ ਦੇ ਚੌਜਰ ਪਰਿਵਾਰ ਦੀ ਨੂੰਹ ਬਣ ਚੁੱਕੀ ਹੈ। ਗੋਬਿੰਦਗੜ੍ਹ ਦਾ ਪੜ੍ਹਿਆ ਚਿਰਾਗ ਰਾਜਪੁਰਾ ਤੋਂ ਬਿਨਾ ਡੇਰਾ ਬਸੀ ਵੀ ਵਕਾਲਤ ਕਰਦਾ ਹੈ। ਭਾਵੇਂ ਇਸ ਇਕੱਠ ਵਿਚ ਕੁਲ ਵਿਅਕਤੀ 50-60 ਹੀ ਸਨ ਪਰ ਇਨ੍ਹਾਂ ਵਿਚੋਂ ਅੱਧੇ ਦੂਰਗਾਮੀ ਤੇ ਵਖ ਵਖ ਜਾਤੀਆਂ ਦੇ ਸਨ। ਮੈਂ ਏਸ ਤਰ੍ਹਾਂ ਦਾ ਰੰਗ ਰੰਗੀਲਾ ਮੇਲ ਤੇ ਇਕੱਠ ਆਪਣੀ 92 ਸਾਲ ਦੀ ਉਮਰ ਤੱਕ ਪਹਿਲਾਂ ਕਦੀ ਨਹੀਂ ਸੀ ਤਕਿਆ। ਜਾਂਦੇ-ਜਾਂਦੇ ਇਹ ਵੀ ਦੱਸ ਦਿਆਂ ਕਿ ਨਗ਼ਮਾ ਦੀ ਸਹੇਲੀ ਮੇਨਕਾ ਸ਼ਰਮਾ ਹਿਮਾਚਲ ਦੇ ਉਸ ਖੇਤਰ ਤੋਂ ਆਈ ਸੀ ਤੇ ਉਸਦੀ ਮਾਂ ਦੀ ਇੱਕ ਸਹੇਲੀ ਸੁਸ਼ੀਲਾ ਸਿਨਹਾ ਬਿਹਾਰ ਤੋਂ। ਇਹ ਵੀ ਦੱਸ ਦਿਆਂ ਕਿ ਇਸ ਇਕੱਠ ਵਿਚ ਪਾਵੇਲ ਨਾਂ ਦਾ ਨੌਜਵਾਨ ਵੀ ਸੀ ਜਿਹੜਾ ਗੁਲਜ਼ਾਰ ਸਿੰਘ ਦਾ ਬੇਟਾ ਹੈ। ਉਸਦੇ ਪਿਤਾ ਨੇ ਆਪਣੀ ਧਾਰਨਾ ਅਨੁਸਾਰ ਉਸਦਾ ਇਹ ਵਾਲਾ ਨਾਂ ਰੂਸੀ ਮਰਯਾਦਾ ਅਨੁਸਾਰ ਰੱਖਿਆ ਹੈ।

**ਅੰਤਿਕਾ**
(ਅੱਖੀਆਂ/ਹਰਬੰਸ ਕੌਰ ਗਿੱਲ)

ਉਲਫਤ ਵਿਚ ਲਬਰੇਜ਼ ਸੁਨੇਹੇ,
ਬਿਨ ਬੋਲੇ ਪਹਿਚਾਵਣ ਅੱਖੀਆਂ।
ਚੁੱਪ ਰਹਿ ਕੇ ਕਿੰਨਾ ਕੁਲ ਬੋਲਣ,
ਰਾਜ਼ ਬੜੇ ਸਮਝਾਵਣ ਅੱਖੀਆਂ।
ਧਰਤੀ ਅੰਬਰ ਹਿੱਲਣ ਲਗਦੇ,
ਬਣ-ਠਣ ਕੇ ਜਦ ਆਵਣ ਅੱਖੀਆਂ।
ਲਹਿਰ ਜਾਵਣ ਧੁਰ ਦਿਲ ਦੇ ਅੰਦਰ,
ਬਿਨ ਸਾਜ਼ਾਂ ਦੇ ਗਾਵਣ ਅੱਖੀਆਂ।
ਤੂੰ ਇਨ੍ਹਾਂ ਨੂੰ ਸਾਂਭ ਕੇ ਰੱਖੀਂ,
ਪਿੱਛੋਂ ਨਾ ਪਛਤਾਵਣ ਅੱਖੀਆਂ।

# ਕਾਵਿ-ਕਿਆਰੀ

## ਬਿਰਹੁੰ ਦੇ ਡੰਗ

ਧੁੱਪਾਂ ਵੀ ਉਦਾਸ ਨੇ,
ਛਾਵਾਂ ਵੀ ਉਦਾਸ ਨੇ,
ਤੇਰੇ ਬਿਨਾਂ ਸੱਜਣਾ ਵੇ,
ਰਾਹਵਾਂ ਵੀ ਉਦਾਸ ਨੇ।

ਸਾਉਣ ਮਹੀਨੇ ਮੀਂਹ ਵਰ੍ਹੇਂਦਾ,
ਸੀਨੇ ਲੱਗਦੀ ਅੱਗ ਵੇ,
ਮੇਰੇ ਨੈਣੀਂ ਹੰਝੂ ਵਰ੍ਹਦੇ ,
ਖੁਸ਼ੀਆਂ ਮਾਣੇ ਜੱਗ ਵੇ,
ਸੁੰਨੜੀ ਸੇਜ ਅਧੂਰੀਆਂ ਸੱਧਰਾਂ,
ਚਾਹਵਾਂ ਵੀ ਉਦਾਸ ਨੇ।
ਧੁੱਪਾਂ ਵੀ ਉਦਾਸ ਨੇ,
ਛਾਵਾਂ ਵੀ ਉਦਾਸ ਨੇ,
ਤੇਰੇ ਬਿਨਾਂ ਸੱਜਣਾ ਵੇ,
ਰਾਹਵਾਂ ਵੀ ਉਦਾਸ ਨੇ।

ਬਾਹਰ ਵੀ ਮੈਨੂੰ ਪੱਤਝੜ ਜਾਪੇ,
ਬਾਗੀਂ ਫੁੱਲ ਕੁਮਲਾਏ,
ਬਿਰਹੋਂ ਖਾ ਗਿਆ ਤਨ ਮਨ ਮੇਰਾ,
ਪਰ ਮੁੜ ਨੇ ਪਰਦੇਸੀ ਆਏ,
ਜਰਦੀ ਕਿੰਝ ਵਿਛੋੜਾ ਜਿੰਦੜੀ,
ਸਾਹਵਾਂ ਵੀ ਉਦਾਸ ਨੇ।

ਧੁੱਪਾਂ ਵੀ ਉਦਾਸ ਨੇ,
ਛਾਵਾਂ ਵੀ ਉਦਾਸ ਨੇ,
ਤੇਰੇ ਬਿਨਾਂ ਸੱਜਣਾ ਵੇ,
ਰਾਹਵਾਂ ਵੀ ਉਦਾਸ ਨੇ।

ਨ੍ਹੇਰਿਆਂ ਜਹੀ ਮੇਰੀ ਰਾਤ ਚਾਨਣੀ,
ਦਿਨੇ ਨਾ ਪੋਂਹਦੀ ਧੁੱਪ ਵੇ,
ਨੈਣ ਉਨੀਂਦਰੇ ਤਾਰੇ ਗਿਣਦੇ,
ਮਾਰ ਗਈ ਤੇਰੀ ਚੁੱਪ ਵੇ,
ਕਿੰਝ ਦੱਸਾਂ ਕੀ ਬੀਤੇ ਦਿਲ 'ਤੇ,
ਬਾਹਵਾਂ ਵੀ ਉਦਾਸ ਨੇ।

ਧੁੱਪਾਂ ਵੀ ਉਦਾਸ ਨੇ,
ਛਾਵਾਂ ਵੀ ਉਦਾਸ ਨੇ,
ਤੇਰੇ ਬਿਨਾਂ ਸੱਜਣਾ ਵੇ,
ਰਾਹਵਾਂ ਵੀ ਉਦਾਸ ਨੇ।

ਔਸੀਆਂ ਪਾਵਾਂ ਚੂਰੀਆਂ ਕੁੱਟਾਂ,
ਆਏ ਬਨੇਰੇ ਕਾਂ ਨਾ,
ਆਪ ਉਡਾਰੀ ਲਾਈ 'ਨੂਰਪੁਰੀ',
ਦੱਸ ਕੇ ਗਿਆ ਥਾਂ ਨਾ ,
ਜਿੱਥੇ ਕੀਤੇ ਬੈਠ ਚੋਚਲੇ,
ਥਾਵਾਂ ਵੀ ਉਦਾਸ ਨੇ।

ਧੁੱਪਾਂ ਵੀ ਉਦਾਸ ਨੇ,
ਛਾਵਾਂ ਵੀ ਉਦਾਸ ਨੇ,
ਤੇਰੇ ਬਿਨਾਂ ਸੱਜਣਾ ਵੇ,
ਰਾਹਵਾਂ ਵੀ ਉਦਾਸ ਨੇ।

*-ਸੇਵਾ ਸਿੰਘ 'ਨੂਰਪੁਰੀ'*

---

## ਲੋਕ ਤੱਥ ਗੀਤ

ਕੋਈ ਰਾਜ ਨੀ ਦਿੰਦਾ, ਹੱਥਾਂ ਅੱਡਿਆਂ 'ਤੇ
ਬਾਡਰ ਸੇਫ ਨੀ ਰਹਿੰਦੇ, ਸੌਂ ਕੇ ਗੱਦਿਆਂ 'ਤੇ
ਕਦੇ ਛਤੀਰ ਨੀ ਖੜ੍ਹਦੇ, ਥੰਮ੍ਹਾਂ ਕੱਚਿਆਂ 'ਤੇ
ਕਦੇ ਤਾਜ ਨੀ ਟਿਕਦੇ, ਝੁਕਿਆਂ ਮੱਥਿਆਂ 'ਤੇ।

ਵਾਹਲਾ ਨੀਵੇਂ ਹੋਈਏ, ਲੋਕੀਂ ਦੱਬ ਲੈਂਦੇ
ਵਾਹਲੇ ਮਿੱਠੇ ਹੋਈਏ, ਲੋਕੀਂ ਚੱਬ ਲੈਂਦੇ
ਕਾਬੂ ਸੱਪ ਨੇ ਆਉਂਦੇ, ਧੌਣੋਂ ਨੱਪਿਆਂ 'ਤੇ
ਕਦੇ ਤਾਜ ਨੀ ਟਿਕਦੇ, ਝੁਕਿਆਂ ਮੱਥਿਆਂ 'ਤੇ।

ਦੁਨੀਆ ਕਰੇ ਸਲਾਮਾਂ, ਉੱਤੇ ਚੜ੍ਹਿਆਂ ਨੂੰ
ਸਦਾ ਫਰੂਟ ਨੇ ਲਗਦੇ, ਰੁੱਖਾਂ ਹਰਿਆਂ ਨੂੰ
ਡੂਨੇ ਈ ਬਣਦੇ ਹੁੰਦੇ, ਸੁੱਕੇ ਪੱਤਿਆਂ ਦੇ
ਕਦੇ ਤਾਜ ਨੀ ਟਿਕਦੇ, ਝੁਕਿਆਂ ਮੱਥਿਆਂ 'ਤੇ।

ਖਾ-ਖਾ ਠੋਕਰਾਂ ਬੰਦਾ, ਤੁਰਨਾ ਸਿੱਖਦਾ ਏ
ਵਿਚ ਅਸਮਾਨਾਂ ਪੰਛੀ, ਉਡਣਾ ਸਿੱਖਦਾ ਏ
ਮੱਛੀ ਵਾਪਸ ਮੁੜਦੀ, ਪੱਥਰ ਚੱਟਿਆਂ 'ਤੇ
ਕਦੇ ਤਾਜ ਨੀ ਟਿਕਦੇ, ਝੁਕਿਆਂ ਮੱਥਿਆਂ 'ਤੇ।

ਇਹ ਚੁੱਭਣੋਂ ਨੀ ਹਟਦਾ, ਸ਼ੀਸ਼ਾ ਟੁੱਟ ਜਾਂਦਾ
ਆਦਤ ਨਹੀਓਂ ਜਾਂਦੀ, ਬੰਦਾ ਮੁੱਕ ਜਾਂਦਾ
ਰੱਸੀ ਵਲ ਨਹੀਂ ਛੱਡਦੀ, ਵਿਚੋਂ ਕੱਟਿਆਂ 'ਤੇ
ਕਦੇ ਤਾਜ ਨੀ ਟਿਕਦੇ, ਝੁਕਿਆਂ ਮੱਥਿਆਂ 'ਤੇ।

fake ਯਰਾਨੇ ਰਹਿ 'ਗੇ, ਅੱਜ-ਕੱਲ ਯਾਰਾਂ ਦੇ
ਹਰ ਕੋਈ ਬੰਦਾ ਬੈਠਾ, ਅੱਜ-ਕੱਲ ਮਾਰਾਂ 'ਤੇ
ਟਕੇ ਟਕੇ ਨੂੰ ਪੈਂਦੇ, ਮੁੱਲ ਪਿਆਰਾਂ ਦੇ
ਹਰ ਸ਼ਹਿ ਵਿਕਦੀ ਵੇਖੀ, ਵਿਚ ਬਜ਼ਾਰਾਂ ਦੇ
ਡਾਣਸੀਵਾਲੀਆ ਵਿਕਦੀ, ਦੁਨੀਆ ਟਕਿਆਂ 'ਤੇ
ਕਿਹਨੂੰ ਯਾਰ ਬਣਾਈਏ, ਮੂੰਹ ਜਿਹੇ ਵੱਟਿਆਂ 'ਤੇ।

ਘਰ ਨਹੀਂ ਵੱਸਦੇ ਹੁੰਦੇ, ਨਾਰਾਂ ਪੱਟਿਆਂ ਦੇ
ਕਿੱਲ ਠੋਕ ਕੇ ਲਾਈਏ, ਯਾਰੋ ਫੱਟਿਆਂ 'ਤੇ
ਡੂਨੇ ਈ ਬਣਦੇ ਹੁੰਦੇ, ਸੁੱਕੇ ਪੱਤਿਆਂ ਦੇ
ਕਦੇ ਤਾਜ ਨਹੀਂ ਟਿਕਦੇ, ਝੁਕਿਆਂ ਮੱਥਿਆਂ 'ਤੇ
ਜੁਰਅਤਾਂ ਨਾਲ ਹੀ ਤਾਜ ਨੇ ਟਿਕਦੇ, ਮੱਥਿਆਂ 'ਤੇ
ਵੈਰੀ ਸੁੱਤ ਨੇ ਰਹਿੰਦੇ, ਠੋਕ ਕੇ ਰੱਖਿਆਂ 'ਤੇ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778 863 2472*

---

## ਰਸਾਤਲ ਵੱਲ

ਅੰਬਰ ਛੋਂਹਦੇ ਸੀ ਕਦੇ ਸੱਚੇ ਪਾਤਸ਼ਾਹ ਤੇਰੇ ਨਿਸ਼ਾਨ।
ਪੈਰੀਂ ਹਾਂ ਰੁਲਦੇ ਵੇਖਦਾ ਅੱਜ ਪਾਤਸ਼ਾਹ ਤੇਰੇ ਨਿਸ਼ਾਨ।

ਇੱਜਤਾਂ ਸਨ ਬਚਾਂਵਦੇ ਅਬਲਾਵਾਂ ਪਰਾਏ ਦੀਨ 'ਚੋਂ
ਆਪ ਹੀ ਪੱਤ ਗੁਆ ਰਹੇ ਅੱਜ ਪਾਤਸ਼ਾਹ ਤੇਰੇ ਨਿਸ਼ਾਨ।

ਪੁਰਜਾ ਪੁਰਜਾ ਕੱਟ ਮਰੇ ਚਰਖੜੀਆਂ ਤੇ ਚੜ੍ਹ ਗਏ,
ਖੇਰੂੰ ਖੇਰੂੰ ਹੋ ਗਏ ਨੇ ਅੱਜ ਪਾਤਸ਼ਾਹ ਤੇਰੇ ਨਿਸ਼ਾਨ।
ਵਾਹ-ਵਾਹ! ਜਿਨ੍ਹਾਂ ਆਖਿਆ ਪਾਇਆ ਜੜੀਂ ਤੇਲ ਵੀ,
ਉਨ੍ਹਾਂ ਦੇ ਰੰਗ 'ਚ ਰੰਗ ਗਏ ਅੱਜ ਪਾਤਸ਼ਾਹ ਤੇਰੇ ਨਿਸ਼ਾਨ।

ਚੇਤੇ ਕਰਵਾ ਉਨ੍ਹਾਂ ਥੱਕ ਗਏ ਕੌਲਾਂ ਨੂੰ ਜੋ ਭੁੱਲ ਗਏ,
ਕੱਲ੍ਹ ਨੂੰ 'ਵਾਜਾਂ ਮਾਰਦੇ ਨੇ ਅੱਜ ਪਾਤਸ਼ਾਹ ਤੇਰੇ ਨਿਸ਼ਾਨ।


ਘਰ ਸੀ ਤੇਰਾ ਲੁੱਟ ਗਿਆ ਬਰਬਾਦ ਤਖਤ ਹੋ ਗਿਆ,
ਲੜ ਮਰੇ ਕੁਝ ਦੇਖਦੇ ਰਹੇ ਸਨ ਪਾਤਸ਼ਾਹ ਤੇਰੇ ਨਿਸ਼ਾਨ।

ਕੱਲ੍ਹ ਜਿਨ੍ਹਾਂ ਦਾ ਵੇਖ ਕੇ 'ਨਾਕਾਮ' ਮੈਂ ਹੈਰਾਨ ਹਾਂ ,
ਬਦਨਾਮ ਜੱਗ ਵਿੱਚ ਹੋ ਰਹੇ ਅੱਜ ਪਾਤਸ਼ਾਹ ਤੇਰੇ ਨਿਸ਼ਾਨ।

*-ਗੁਰਬਖਸ਼ ਸਿੰਘ 'ਨਾਕਾਮ'*
*+1 864 318 5500*

# ਪੇਪਰ ਲੀਕ ਹੋਣ ਕਾਰਨ ਰੱਦ ਹੋਈ 'ਨੀਟ' ਦੀ ਪ੍ਰੀਖਿਆ ਲਈ ਕੇਂਦਰ ਸਰਕਾਰ ਅਤੇ ਮੁਨਾਫਾ ਅਧਾਰਿਤ ਸਿਹਤ ਢਾਂਚਾ ਜ਼ਿੰਮੇਵਾਰ

ਕੌਮੀ ਪ੍ਰੀਖਿਆ ਏਜੰਸੀ (ਐਨ.ਟੀ.ਏ) ਵੱਲੋਂ 'ਨੀਟ-ਯੂਜੀ-2026' ਦਾ ਪ੍ਰਸ਼ਨ ਪੱਤਰ ਲੀਕ ਹੋਣ ਦੇ ਮੱਦੇਨਜ਼ਰ ਤਿੰਨ ਮਈ ਨੂੰ ਲਈ ਗਈ 'ਨੀਟ' ਦੀ ਪ੍ਰੀਖਿਆ ਰੱਦ ਕਰਨ ਦੇ ਐਲਾਨ ਤੋਂ ਬਾਅਦ ਜਿੱਥੇ ਲੱਖਾਂ ਵਿਦਿਆਰਥੀ ਅਤੇ ਮਾਪੇ ਪ੍ਰੇਸ਼ਾਨ ਹਨ, ਉੱਥੇ ਹੀ ਇਸ 'ਘੁਟਾਲੇ' ਨੇ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੋਕਾਂ ਸਾਹਮਣੇ ਨੰਗਾਂ ਕਰਕੇ ਰੱਖ ਦਿੱਤਾ ਹੈ। 23 ਲੱਖ ਵਿਦਿਆਰਥੀਆਂ ਵੱਲੋਂ ਦਿੱਤੀ ਗਈ ਪ੍ਰੀਖਿਆ ਨੂੰ ਰੱਦ ਕਰਨ ਦਾ ਐਲਾਨ ਲੱਖਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਉਸੇ ਤਰ੍ਹਾਂ ਦਾ



ਨਵਕਿਰਨ ਸਿੰਘ ਪੱਤੀ
ਫੋਨ: 98885-44001

ਮਾਨਸਿਕ ਦਰਦ ਦੇ ਰਿਹਾ ਹੈ, ਜਿਵੇਂ ਇਸ ਸਰਕਾਰ ਦੇ 'ਨੋਟਬੰਦੀ' ਵਰਗੇ ਫੈਸਲੇ ਦੇ ਚੁੱਕੇ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਜਿੰਨੀ ਵੱਡੀ ਪੱਧਰ ਉੱਪਰ ਪੇਪਰ ਲੀਕ ਹੋਇਆ ਸੀ, ਉਹ ਪੇਪਰ ਰੱਦ ਹੋਣਾ ਹੀ ਚਾਹੀਦਾ ਸੀ। ਪਰ ਸਾਡੇ ਲਈ ਸਵਾਲ ਇਸ ਤੋਂ ਅੱਗੇ ਹੈ ਕਿ ਪੇਪਰ ਲੀਕ ਹੋਇਆ ਹੀ ਕਿਉਂ?, ਕੀ ਪਹਿਲੀ ਵਾਰ ਕੋਈ ਪੇਪਰ ਲੀਕ ਹੋਇਆ ਹੈ। ਪੇਪਰ ਲੀਕ ਹੋਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਨੂੰ ਲੈਣੀ ਬਣਦੀ ਹੈ।


ਸਾਡੇ ਮੁਲਕ ਵਿਚ ਡਾਕਟਰ ਬਨਣ ਲਈ ਬਾਰ੍ਹਵੀਂ ਜਮਾਤ 'ਤੋਂ ਬਾਅਦ ਵਿਦਿਆਰਥੀਆਂ 'ਤੋਂ 'ਨੀਟ' ਦਾ ਪੇਪਰ ਲਿਆ ਜਾਂਦਾ ਹੈ, ਇਸ ਪੇਪਰ ਵਿਚ ਆਏ ਨੰਬਰ/ਰੈਂਕ ਦੇ ਹਿਸਾਬ ਨਾਲ ਐਮ.ਬੀ.ਬੀ.ਐਸ., ਬੀ.ਡੀ.ਐਸ. ਬੀ.ਏ.ਐਮ.ਐਸ. ਆਦਿ ਮੈਡੀਕਲ ਕੋਰਸਾਂ ਵਿਚ ਦਾਖਲਾ ਮਿਲਦਾ ਹੈ। ਲੱਗਭੱਗ ਹਰ ਸਾਲ 'ਨੀਟ' ਦਾ ਪੇਪਰ ਕਿਸੇ ਨਾ ਕਿਸੇ ਕਾਰਨ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ, 2024 ਵਿਚ ਪੇਪਰ ਦੇ ਲੀਕ ਹੋਣ ਦੀਆਂ ਖਬਰਾਂ ਅਜੇ ਪੁਰਾਣੀਆਂ ਨਹੀਂ ਹੋਈਆਂ, ਕਿ ਇਸ ਵਾਰ ਇਹ ਪੇਪਰ ਵਟਸਐਪ, ਟੈਲੀਗ੍ਰਾਮ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਪਰ ਕੱਦੂ-ਤੋਰੀਆਂ ਦੀ ਸਬਜ਼ੀ ਵਾਂਗ ਹੋਕਰੇ ਮਾਰ-ਮਾਰ ਬੇਖੌਫ ਹੋ ਕੇ ਵੇਚਿਆ ਗਿਆ। ਜਦ ਕੁੱਝ ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਇਸ ਘੁਟਾਲੇ ਖਿਲਾਫ ਅਵਾਜ਼ ਉਠਾਈ ਗਈ ਤਾਂ ਜਾ ਕੇ ਕੇਂਦਰ ਸਰਕਾਰ ਨੇ ਸੀ.ਬੀ.ਆਈ. ਨੂੰ ਇਸ ਦੀ ਜਾਂਚ ਕਰਨ ਦਾ ਹੁਕਮ ਦਿੱਤਾ, ਜਿਸ ਮਗਰੋਂ ਕੇਂਦਰੀ ਏਜੰਸੀ ਨੇ ਕੇਸ ਦਰਜ ਕਰਕੇ ਗ੍ਰਿਫਤਾਰੀਆਂ ਦਾ ਸਿਲਸਿਲਾ ਸ਼ੁਰੂ ਕੀਤਾ। ਕੇਂਦਰੀ ਜਾਂਚ ਏਜੰਸੀ ਹੁਣ ਤੱਕ ਇਸ ਮਾਮਲੇ ਵਿਚ ਇਕ ਦਰਜਨ ਦੇ ਕਰੀਬ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ ਤੇ ਕਈ ਇਸ ਵੇਲੇ ਸੀਬੀਆਈ ਕੋਲ ਰਿਮਾਂਡ 'ਤੇ ਹਨ।

'ਨੀਟ' ਵਰਗੇ ਅਹਿਮ ਪੇਪਰ ਨੂੰ ਲੈਣ ਦੀ ਜ਼ਿੰਮੇਵਾਰੀ ਕੌਮੀ ਪ੍ਰੀਖਿਆ ਏਜੰਸੀ (ਐਨ.ਟੀ.ਏ) ਕੋਲ ਹੈ, ਜੋ ਕਹਿਣ ਨੂੰ ਇਕ ਖੁਦਮੁਖਤਾਰ ਸੰਸਥਾ ਹੈ ਪਰ ਇਹ ਕੇਂਦਰ ਸਰਕਾਰ ਦੇ ਉਚ ਸਿੱਖਿਆ ਵਿਭਾਗ ਦੀ ਦੇਖ-ਰੇਖ ਹੇਠ ਹੈ। ਸੌਖੀ ਭਾਸ਼ਾ ਵਿਚ ਕਹਿਣਾ ਹੋਵੇ ਤਾਂ ਇਹ ਸੰਸਥਾ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਧੀਨ ਆਉਂਦੀ ਹੈ।

ਹੁਣ ਕੇਂਦਰੀ ਜਾਂਚ ਏਜੰਸੀ (ਸੀਬੀਆਈ) ਨੇ ਕਿਹਾ ਹੈ ਕਿ ਐਨ.ਟੀ.ਏ. ਦਾ ਪੂਰਾ ਅਮਲ ਹੀ ਜਾਂਚ ਅਧੀਨ ਹੈ। ਇਹ ਕਿਹਾ ਜਾ ਸਕਦਾ ਹੈ ਕਿ ਨੈਸ਼ਨਲ ਟੈਸਟਿੰਗ ਏਜੰਸੀ ਦੀ ਸਾਖ ਖਤਮ ਹੋ ਚੁੱਕੀ ਹੈ ਕਿਉਂਕਿ ਹੁਣ ਤੱਕ ਦੀ ਜਾਣਕਾਰੀ ਅਨੁਸਾਰ ਸ਼ੁਰੂਆਤੀ ਰੂਪ ਵਿਚ ਪੇਪਰ ਲੀਕ ਕਰਨ ਦਾ ਮੁੱਢ ਕੌਮੀ ਟੈਸਟਿੰਗ ਏਜੰਸੀ (ਐਨ.ਟੀ.ਏ.) ਦੇ ਪੈਨਲ 'ਚ ਸ਼ਾਮਲ ਸੇਵਾਮੁਕਤ ਲੈਕਚਰਾਰ ਪੀ. ਵੀ. ਕੁਲਕਰਨੀ ਅਤੇ ਬੌਟਨੀ ਦੀ ਲੈਕਚਰਾਰ ਤੇ ਮਨੀਸ਼ਾ ਮੰਧਾਰੇ ਵੱਲੋਂ ਬੰਨ੍ਹਿਆਂ ਗਿਆ। ਇਨ੍ਹਾਂ ਪ੍ਰੀਖਿਆ ਵਿਚਲੇ ਸਵਾਲ ਲੀਕ ਕਰਨ ਬਦਲੇ ਵਿਦਿਆਰਥੀਆਂ ਤੋਂ ਕਥਿਤ ਮੋਟੇ ਪੈਸੇ ਲਏ ਸਨ। ਮੰਧਾਰੇ ਐਨਟੀਏ ਦੀ ਪੇਪਰ ਸੈਟ ਕਰਨ ਵਾਲੀ ਕਮੇਟੀ 'ਚ ਮਾਹਿਰ ਵਜੋਂ ਸ਼ਾਮਲ ਸੀ ਜਦਕਿ ਲੈਕਚਰਾਰ ਪੀ. ਵੀ. ਕੁਲਕਰਨੀ ਐਨਟੀਏ ਦੀ ਟਰਾਂਸਲੇਸ਼ਨ ਕਰਨ ਵਾਲੀ ਟੀਮ ਵਿਚ ਸੀ। ਪੀ. ਵੀ. ਕੁਲਕਰਨੀ ਨੇ ਆਪਣੇ ਦੋਸਤ ਅਤੇ ਮਹਾਰਾਸ਼ਟਰ ਦੇ ਲਾਤੂਰ ਵਿਚ 'ਆਰ.ਸੀ.ਸੀ. ਕਲਾਸਿਸ' ਦੇ ਸੰਸਥਾਪਕ ਸ਼ਿਵਰਾਜ ਮੋਟੇਗਾਓਂਕਰ ਨਾਲ ਮਿਲ ਕੇ ਅੱਗੇ ਇਹ ਪੇਪਰ ਵੇਚਿਆ। ਹੁਣ ਗ੍ਰਿਫਤਾਰੀਆਂ ਦੀਆਂ ਇਨ੍ਹਾਂ ਤੰਦਾਂ ਨੇ ਐਨ.ਟੀ.ਏ. ਦੇ ਅਧਿਕਾਰੀਆਂ ਅਤੇ ਕੋਚਿੰਗ ਸੈਂਟਰ ਦੇ ਮਾਲਕਾਂ ਵਿਚਾਲੇ ਗੰਢ-ਤੁੱਪ ਨੂੰ ਭਰੇ ਬਜ਼ਾਰ ਉਜਾਗਰ ਕਰ ਦਿੱਤਾ ਹੈ।

ਵੈਸੇ ਇਹ ਪਹਿਲੀ ਵਾਰ ਨਹੀਂ ਹੋਇਆ ਜਦ ਨੀਟ ਦਾ ਪੇਪਰ ਲੀਕ ਹੋਇਆ ਹੈ, ਇਸਤੋਂ ਦੋ ਸਾਲ ਪਹਿਲਾਂ 2024 ਵਿਚ ਨੀਟ-ਯੂਜੀ ਪ੍ਰੀਖਿਆ ਦਾ ਇਕ ਹਿੱਸਾ ਲੀਕ ਹੋ ਗਿਆ ਸੀ। ਜਿਸ ਸਰਕਾਰ ਵਿਚ ਲਗਾਤਾਰ ਪੇਪਰ ਲੀਕ ਹੋ ਰਹੇ ਹਨ ਉਸ ਸਰਕਾਰ ਦੀ ਵੀ ਕੋਈ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਆਪਣੇ ਪਸੰਦੀਦਾ 'ਮਨ ਕੀ ਬਾਤ' ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਪੇਪਰਾਂ ਦੀ ਤਿਆਰੀ ਸਬੰਧੀ ਤਾਂ ਨੁਕਸੇ ਦੱਸਦੇ ਰਹਿੰਦੇ ਹਨ, ਪਰ ਜਦ ਪੇਪਰ ਲੀਕ ਹੁੰਦੇ ਹਨ ਤਾਂ ਉਨ੍ਹਾਂ ਮਿਹਨਤੀ, ਇਮਾਨਦਾਰ ਵਿਦਿਆਰਥੀਆਂ ਦੇ ਮਨਾਂ ਉੱਪਰ ਇਸ ਪੂਰੇ ਘਟਨਾਕ੍ਰਮ ਕਾਰਨ ਕਿੰਨੀ ਗਹਿਰੀ ਮਾਨਸਿਕ ਸੱਟ ਵੱਜਦੀ ਹੈ, ਇਸਦਾ ਅਹਿਸਾਸ ਸ਼ਾਇਦ ਪ੍ਰਧਾਨ ਮੰਤਰੀ ਜੀ ਨੂੰ ਨਾ ਹੋਵੇ। ਕੀ ਪ੍ਰਧਾਨ ਮੰਤਰੀ ਜੀ ਨੂੰ ਉਨ੍ਹਾਂ ਇਮਾਨਦਾਰ ਤੇ ਮਿਹਨਤੀ ਵਿਦਿਆਰਥੀਆਂ ਤੋਂ ਮੁਆਫੀ ਨਹੀਂ ਮੰਗਣੀ ਚਾਹੀਦੀ ਜੋ ਪੇਪਰ ਲੀਕ ਹੋਣ ਕਾਰਨ ਸਦਮੇ ਵਿਚ ਹਨ। ਖੈਰ ਸਰਕਾਰ ਜਾਂ ਇਸ ਪ੍ਰਬੰਧ ਲਈ ਤਾਂ ਉਹ ਵਿਦਿਆਰਥੀ 'ਕਾਕਰੋਚ' ਹਨ, ਕਿਉਂਕਿ ਉਹ ਪੇਪਰ ਲੀਕ ਹੋਣ ਦੀਆਂ ਕਾਰਵਾਈਆਂ ਤੋਂ ਅੱਕ ਕੇ ਸੜਕਾਂ ਉੱਪਰ ਰੋਸ ਪ੍ਰਦਰਸ਼ਨ ਜੋ ਕਰ ਰਹੇ ਹਨ।

ਇਸ ਪ੍ਰੀਖਿਆ ਨੂੰ ਕਰਵਾਉਣ ਉੱਪਰ ਸਰਕਾਰ ਦਾ ਕਰੋੜਾਂ ਰੁਪਿਆ ਖਰਚ ਹੁੰਦਾ ਹੈ ਜੋ ਸਰਕਾਰ ਵਿਦਿਆਰਥੀਆਂ ਤੋਂ ਇਕੱਠਾ ਕਰਦੀ ਹੈ। ਇਸ ਵਾਰ ਵਿਦਿਆਰਥੀ ਦੀ ਕੈਟਾਗਰੀ ਦੇ ਹਿਸਾਬ ਨਾਲ 1000 ਰੁਪਏ ਤੋਂ 1700 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ 23 ਲੱਖ ਵਿਦਿਆਰਥੀਆਂ ਤੋਂ ਪ੍ਰੀਖਿਆ ਫੀਸ ਲਈ ਗਈ। ਹੁਣ ਜਦੋਂ ਪ੍ਰੀਖਿਆ ਦੁਬਾਰਾ ਲਈ ਜਾ ਰਹੀ ਹੈ ਤਾਂ ਭਾਵੇਂ ਵਿਦਿਆਰਥੀਆਂ ਤੋਂ ਮੁੜ ਫੀਸ ਨਹੀਂ ਲਈ




ਜਾਵੇਗੀ ਪਰ ਕੀ ਇਹ ਮੰਨਿਆ ਜਾਵੇ, ਸਰਕਾਰ ਦੀ ਨਲਾਇਕੀ ਕਰਕੇ ਕਰੋੜਾਂ ਰੁਪਿਆ ਮਿੱਟੀ ਹੋ ਗਿਆ। ਦੂਜੀ ਤੇ ਅਹਿਮ ਗੱਲ ਇਹ ਹੈ ਕਿ ਇਸ ਪ੍ਰੀਖਿਆ ਦੇ ਲਈ ਪ੍ਰੀਖਿਆ ਕੇਂਦਰ ਹਰ ਜਿਲ੍ਹੇ ਵਿਚ ਨਹੀਂ ਬਣਾਇਆ ਜਾ ਸਕਦਾ, ਜੇਕਰ ਅਸੀਂ ਇਹ ਮੰਨ ਕੇ ਚੱਲੀਏ ਕਿ ਪ੍ਰੀਖਿਆ ਰੱਦ ਹੋਣ ਨਾਲ 23 ਲੱਖ ਵਿਦਿਆਰਥੀ ਘੱਟੋ-ਘੱਟ ਔਸਤ 50 ਕਿਲੋਮੀਟਰ ਸਫਰ ਵੀ ਕਾਰ ਰਾਹੀਂ ਤਹਿ ਕਰਕੇ ਪੇਪਰ ਦੇਣ ਜਾਵੇ ਤਾਂ ਪ੍ਰਧਾਨ ਮੰਤਰੀ ਦੀ ਉਸ 'ਵਰਕ ਫਰਾਮ ਹੋਮ' ਜਾਂ ਤੇਲ ਘੱਟ ਫੂਕਣ ਵਾਲੀ ਨਸੀਹਤ ਦਾ ਕੀ ਬਣੇਗਾ। ਭਾਵ ਜੇਕਰ ਸਰਕਾਰ ਨੇ ਸਮੇਂ ਸਿਰ ਚੌਕਸੀ ਵਰਤੀ ਹੁੰਦੀ ਤਾਂ ਇਹ 23 ਲੱਖ ਵਿਦਿਆਰਥੀ ਮਾਨਸਿਕ ਪੀੜਾ ਤੋਂ ਵੀ ਬਚਦਾ, ਮੁੜ ਪੇਪਰ ਲੈਣ ਨਾਲ ਖਰਚ ਹੋਣ ਵਾਲੀ ਕਰੋੜਾਂ ਦੀ ਰਾਸ਼ੀ ਵੀ ਖਰਚ ਨਾ ਕਰਨੀ ਪੈਂਦੀ ਅਤੇ ਵਹੀਕਲਾਂ ਰਾਹੀਂ ਮੁੜ ਤੇਲ ਵੀ ਨਾ ਫੂਕਣਾ ਪੈਂਦਾ।

ਕੁੱਝ ਇਮਾਨਦਾਰ ਵਿਦਿਆਰਥੀਆਂ ਨੂੰ ਛੱਡ ਕੇ ਵਿਦਿਆਰਥੀਆਂ ਵਿਚ 'ਨੀਟ' ਦਾ ਪੇਪਰ ਖ਼੍ਰੀਦਣ ਦੀ ਹੋੜ ਨੇ ਇਕ ਵਾਰ ਸਾਡੇ ਸਿੱਖਿਆ ਢਾਂਚੇ ਦੀ ਗੈਰ-ਵਿਗਿਆਨਕ ਬੁਨਿਆਦ ਨੂੰ ਜਾਹਿਰ ਕੀਤਾ ਹੈ। ਹਕੀਕਤ ਇਹ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਅੰਗਰੇਜ਼ਾਂ ਦੀ ਦੇਣ ਹੈ, ਅੰਗਰੇਜ਼ਾਂ ਨੇ 'ਕਲਰਕ' ਪੈਦਾ ਕਰਨ ਲਈ ਜਿਸ ਸਿੱਖਿਆ ਪ੍ਰਣਾਲੀ ਨੂੰ ਭਾਰਤ ਵਿਚ ਲਾਗੂ ਕੀਤਾ ਸੀ, ਉਹੀ ਚੱਲ ਰਹੀ ਹੈ। ਸ਼ਹੀਦ ਭਗਤ ਸਿੰਘ ਨੇ ਉਸ ਸਮੇਂ ਆਪਣੀਆਂ ਲਿਖਤਾਂ ਵਿਚ ਇਸ ਪ੍ਰਣਾਲੀ ਦੀਆਂ ਧੱਜੀਆਂ ਉਡਾਈਆਂ ਸਨ। ਮਤਲਬ ਸਾਫ ਹੈ ਕਿ ਇਹ ਸਿੱਖਿਆ ਪ੍ਰਣਾਲੀ ਵਿਦਿਆਰਥੀ ਨੂੰ ਇਮਾਨਦਾਰ, ਮਿਹਨਤੀ, ਸਮਾਜ ਦੀਆਂ ਠੋਸ ਹਾਲਤਾਂ ਨੂੰ ਸਮਝਣ ਵਾਲਾ, ਤਰਕ ਨਾਲ ਸੋਚਣ ਵਾਲਾ, ਹਰ ਘਟਨਾ ਪਿਛਲੇ ਵਿਗਿਆਨਕ ਕਾਰਨ ਸਮਝਣ ਵਾਲਾ ਬਣਾਉਣ ਦੀ ਥਾਂ ਦੂਜਿਆਂ ਤੋਂ ਅੱਗੇ ਕਿਵੇਂ ਲੰਘਣਾ ਇਹ ਸਿਖਾਉਂਦੀ ਹੈ। ਜੇਕਰ ਸਾਡੀ ਸਿੱਖਿਆ ਪ੍ਰਣਾਲੀ ਦੀ ਬੁਨਿਆਦ ਮਜ਼ਬੂਤ ਤੇ ਵਿਗਿਆਨਕ ਹੁੰਦੀ ਤਾਂ ਸਾਡੇ ਵਿਦਿਆਰਥੀ ਪੇਪਰ ਖ਼੍ਰੀਦਣ ਦੀ ਥਾਂ ਮਿਹਨਤ ਨੂੰ ਤਰਜੀਹ ਦਿੰਦੇ। ਵੈਸੇ ਵੀ ਵਿਦਿਆਰਥੀਆਂ ਨੂੰ ਪੂਰਾ ਸਾਲ 'ਰੱਟੇ' ਲਵਾ ਕੇ ਤਿੰਨ ਘੰਟਿਆਂ ਦੀ ਪ੍ਰੀਖਿਆ ਵਾਲੇ ਸਿਸਟਮ ਵਿੱਚੋਂ ਬਾਹਰ ਨਿਕਲਣ ਦੀ ਲੋੜ ਹੈ।

ਸਿੱਖਿਆ ਵਾਂਗ ਸਾਡਾ ਸਿਹਤ ਢਾਂਚਾ ਵੀ ਨਿਕੰਮਾ ਹੈ। ਸਾਡੇ ਸਮਾਜ ਵਿਚ ਡਾਕਟਰ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ, ਹੁਣ ਤੁਸੀਂ ਦੱਸੋ ਪਿਓ ਦੀ 'ਹਰਾਮ' ਦੀ ਕਮਾਈ ਨਾਲ 'ਨੀਟ' ਦਾ ਪੇਪਰ ਖ਼੍ਰੀਦ ਕੇ ਨਕਲ ਮਾਰ ਕੇ ਬਣਨ ਵਾਲਾ 'ਡਾਕਟਰ' ਲੋਕਾਂ ਦਾ ਕੀ ਇਲਾਜ ਕਰ ਦੇਵੇਗਾ।

ਇਕ ਸਵਾਲ ਸਾਨੂੰ ਹੋਰ ਸਮਝਣਾ ਚਾਹੀਦਾ ਹੈ ਕਿ 'ਨੀਟ' ਦਾ ਪੇਪਰ ਆਖਿਰ ਐਨਾ ਮਹਿੰਗਾ ਕਿਉਂ ਵਿਕਦਾ ਹੈ। ਅਸਲ ਵਿਚ ਸਿੱਖਿਆ ਦੇ ਨਿੱਜੀਕਰਨ ਨਾਲ ਸਿੱਖਿਆ ਖ਼੍ਰੀਦ/ਵੇਚ ਦੀ ਇਕ ਵਸਤੂ ਬਣ ਗਈ ਹੈ। ਖੁੰਬਾਂ ਵਾਂਗ ਉੱਗ ਰਹੇ ਪ੍ਰਾਈਵੇਟ ਕਾਲਜ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਸਿੱਖਿਆ ਨੂੰ ਵਿਉਪਾਰ ਦਾ ਸਾਧਨ ਬਣਾ ਚੁੱਕੀਆਂ ਹਨ। ਇਸੇ ਦੇ ਚੱਲਦਿਆਂ ਧਨਾਢ ਲੋਕ ਖਾਸਕਰ ਵਿਉਪਾਰੀ ਵਰਗ ਸੋਚਦਾ ਹੈ ਕਿ ਬੱਚਿਆਂ ਨੂੰ ਐਮ.ਬੀ.ਬੀ.ਐਸ. ਦੀ ਡਿਗਰੀ ਦਵਾ ਕੇ ਪ੍ਰਾਈਵੇਟ ਹਸਪਤਾਲ ਖੋਲ੍ਹੀਏ ਤੇ ਇਸਤੋਂ ਵੱਧ ਮੁਨਾਫੇ ਵਾਲਾ ਧੰਦਾ ਕੀ ਹੋ ਸਕਦਾ ਹੈ। ਭਾਵ ਡਾਕਟਰ ਬਨਣ ਜਾ ਰਹੇ ਜਿਆਦਾਤਰ ਬੱਚੇ ਕਿਸੇ ਲੋਕ ਸੇਵਾ ਦੇ ਸੁਪਨੇ ਜਾਂ ਸਮਾਜ ਸੇਵਾ ਦੀ ਭਾਵਨਾ ਨਾਲ ਡਾਕਟਰ ਨਹੀਂ ਬਨਣ ਜਾ ਰਹੇ। ਹਾਂ, ਕੁੱਝ ਬੱਚੇ ਇਮਾਨਦਾਰੀ, ਮਿਹਨਤ ਨਾਲ ਵੀ ਡਾਕਟਰ ਬਣ ਕੇ ਸਮਾਜ ਵਿਚ ਯੋਗਦਾਨ ਪਾ ਰਹੇ ਹਨ ਪਰ ਉਹ ਆਟੇ ਵਿਚ ਲੂਣ ਬਰਾਬਰ ਹਨ। ਸਾਡੇ ਹਸਪਤਾਲਾਂ ਵਿਚ ਡਾਕਟਰ ਘੱਟ 'ਮਸ਼ੀਨੀ ਸੋਚ' ਵਾਲੇ ਵੱਧ ਹਨ ਕਿਉਂਕਿ ਅਮਲੀ ਰੂਪ ਵਿਚ 'ਨੀਟ' ਦੀ ਪ੍ਰੀਖਿਆ ਦੇ ਪ੍ਰਸ਼ਨ ਇਹ ਤਹਿ ਹੀ ਨਹੀਂ ਕਰ ਸਕਦੀ ਕਿ ਤੁਸੀਂ ਡਾਕਟਰ ਬਨਣ ਦੇ ਲਾਇਕ ਹੋ ਜਾਂ ਨਹੀਂ। ਇਹ ਜਾਨਣ ਲਈ ਵਿਦਿਆਰਥੀਆਂ ਨੂੰ ਸਮਾਜ ਦੀਆਂ ਠੋਸ ਹਾਲਤਾਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ।

ਸੋ ਪ੍ਰੀਖਿਆ ਦੀਆਂ ਨਵੀਆਂ ਤਰੀਕਾਂ ਦਾ ਐਲਾਨ ਕਰਕੇ ਜਾਂ ਦਰਜਨ ਭਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਵਕਤੀ ਰੂਪ ਵਿਚ ਮਾਮਲਾ ਅੰਸ਼ਕ ਰੂਪ ਵਿਚ ਹੱਲ ਕੀਤਾ ਜਾ ਸਕਦਾ ਹੈ ਪਰ ਇਸ ਮਸਲੇ ਨੂੰ ਹੱਲ ਨਹੀਂ ਕੀਤਾ ਜਾ ਸਕਦਾ, ਇਸ ਦਾ ਖਮਿਆਜ਼ਾ ਗਰੀਬ ਘਰਾਂ ਦੇ ਇਮਾਨਦਾਰ ਵਿਦਿਆਰਥੀਆਂ ਨੂੰ ਕਦਮ-ਕਦਮ 'ਤੇ ਭੁਗਤਣਾ ਪੈਂਦਾ ਹੈ। ਸਾਲ 2024 ਵਿਚ ਵੀ 'ਨੀਟ' ਪ੍ਰੀਖਿਆ ਦਾ ਪ੍ਰਸ਼ਨ ਪੱਤਰ ਲੀਕ ਹੋਣ, ਨੰਬਰਾਂ ਵਿਚ ਹੇਰਾ-ਫੇਰੀ ਅਤੇ ਗ੍ਰੇਸ ਮਾਰਕਸ ਸਬੰਧੀ ਵਿਵਾਦਾਂ ਦੌਰਾਨ ਜਦ ਮਾਮਲਾ ਅਦਾਲਤ ਤੱਕ ਪਹੁੰਚਿਆ ਸੀ ਤਾਂ ਸਰਕਾਰ ਨੇ ਪ੍ਰੀਖਿਆ ਦੀ ਪ੍ਰਣਾਲੀ ਵਿਚ ਸੁਧਾਰ ਦਾ ਭਰੋਸਾ ਦਵਾਉਂਦਿਆਂ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰਨ ਦਾ ਦਾਅਵਾ ਕੀਤਾ ਸੀ, ਪਰ ਦੋ ਸਾਲ ਬਾਅਦ ਪਰਨਾਲਾ ਉੱਥੇ ਦਾ ਉੱਥੇ ਹੀ ਨਜ਼ਰ ਆ ਰਿਹਾ ਹੈ। ਇਸ ਦੇ ਪੂਰਨ ਹੱਲ ਲਈ ਸਿੱਖਿਆ ਦਾ ਨਿੱਜੀਕਰਨ ਬੰਦ ਕਰਨਾ ਚਾਹੀਦਾ ਹੈ, ਮੈਡੀਕਲ ਕਾਲਜਾਂ ਦੀਆਂ ਫੀਸਾਂ ਘਟਾ ਕੇ, ਫੀਸਾਂ ਇਕਸਾਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਲੱਖਾਂ ਨੌਜਵਾਨਾਂ ਦੇ ਭਵਿੱਖ ਨਾਲ ਜੁੜੀ ਇਹ ਨਾਕਾਮੀ ਪੂਰੇ ਸਿੱਖਿਆ ਢਾਂਚੇ ਵਿਚ ਬੁਨਿਆਦੀ ਤਬਦੀਲੀਆਂ ਦੀ ਮੰਗ ਕਰਦੀ ਹੈ। ਪੇਪਰ ਲੈਣ ਵਾਲੀਆਂ ਸੰਸਥਾਵਾਂ ਨੂੰ ਪਾਰਦਰਸ਼ੀ ਬਣਾਉਣਾ ਚਾਹੀਦਾ ਹੈ ਤੇ ਪੇਪਰ ਲੀਕ ਹੋਣ 'ਤੇ ਜ਼ਿੰਮੇਵਾਰੀ ਸਬੰਧਤ ਮੰਤਰੀ ਦੀ ਤਹਿ ਹੋਣੀ ਚਾਹੀਦੀ ਹੈ। ਇਸ ਵਾਰ ਵੀ ਕੇਂਦਰ ਸਰਕਾਰ ਤੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਤੋਂ ਜਵਾਬਦੇਹੀ ਹੋਣੀ ਚਾਹੀਦੀ ਹੈ।

ਅੱਜ ਜਦ ਮਹਿੰਗੀਆਂ ਫੀਸਾਂ ਕਾਰਨ ਗਰੀਬ ਵਰਗ ਦੇ ਬੱਚੇ/ਮਾਪੇ ਤਾਂ ਡਾਕਟਰ ਬਨਣ ਦਾ ਸੁਪਨਾ ਵੀ ਨਹੀਂ ਦੇਖ ਪਾ ਰਹੇ ਹਨ, ਲੇਕਿਨ ਉਚ ਮੱਧ ਵਰਗ ਅਤੇ ਮੱਧ ਵਰਗ ਵਿਚ ਬੱਚਿਆਂ ਨੂੰ ਡਾਕਟਰ ਬਣਾਉਣ ਦੀ ਲੱਗੀ ਹੋੜ ਦਾ ਫਾਇਦਾ ਲੈਣ ਲਈ ਪੇਪਰ ਦੀ ਤਿਆਰੀ ਕਰਵਾਉਣ ਦੇ ਨਾਮ ਉੱਪਰ ਖੁੱਲ੍ਹੇ ਕੋਚਿੰਗ ਸੈਂਟਰ ਖੂਬ ਲਾਹਾ ਲੈ ਰਹੇ ਹਨ।

ਸਿੱਖਿਆ ਦੇ ਨਿੱਜੀਕਰਨ ਦੀ ਨੀਤੀ ਲਾਗੂ ਹੋਣ ਤੋਂ ਬਾਅਦ ਪ੍ਰਾਈਵੇਟ ਯੂਨੀਵਰਸਿਟੀਆਂ/ਪ੍ਰਾਈਵੇਟ ਕਾਲਜਾਂ ਵਾਂਗ ਵਿਦਿਆਰਥੀਆਂ ਨੂੰ ਕੋਚਿੰਗ ਦੇਣ ਦੇ ਨਾਮ ਹੇਠ ਇਕ ਹੋਰ 'ਮਾਫੀਆ' ਸਰਗਰਮ ਹੈ। ਕੋਟੇ ਵਿਚ ਪਿਛਲੇ ਸਾਲਾਂ ਤੋਂ ਹੋ ਰਹੀਆਂ ਵਿਦਿਆਰਥੀਆਂ ਦੀਆਂ ਖੁਦਕਸ਼ੀਆਂ ਦਾ ਕਾਰਨ ਜਿੱਥੇ ਅਖੌਤੀ ਸਿੱਖਿਆ ਪ੍ਰਣਾਲੀ ਹੈ, ਉੱਥੇ ਹੀ ਅਭਿਆਸ ਤੋਂ ਟੁੱਟ ਕੇ 'ਰੱਟੇ' ਲਵਾਉਣ ਵਾਲੀਆਂ ਕੋਚਿੰਗ ਕਲਾਸਾਂ ਵੀ ਹਨ। ਇਸ ਫਰਜ਼ੀਵਾੜੇ ਦੇ ਚੱਕਰ ਨੂੰ ਮੂਲੋਂ ਬਦਲਣ ਦੀ ਸਖਤ ਲੋੜ ਹੈ। ਤਾਮਿਲਨਾਡੂ ਦੇ ਨਵੇਂ ਬਣੇ ਮੁੱਖ ਮੰਤਰੀ ਨੇ 'ਨੀਟ' ਦੇ ਬਦਲ ਵਜੋਂ ਬਾਰ੍ਹਵੀਂ ਜਮਾਤ ਦੇ ਨੰਬਰਾਂ ਦੇ ਅਧਾਰ 'ਤੇ ਦਾਖਲੇ ਦੀ ਵਕਾਲਤ ਕੀਤੀ ਹੈ ਪਰ ਇਸ ਤੋਂ ਵੀ ਅੱਗੇ ਸਿੱਖਿਆ ਸੂਬਾ ਸਰਕਾਰਾਂ ਦਾ ਵਿਸ਼ਾ ਹੈ ਤੇ ਸੂਬਾ ਸਰਕਾਰਾਂ ਉੱਪਰ ਛੱਡ ਦੇਣਾ ਚਾਹੀਦਾ ਹੈ ਕਿ ਉਹ ਦਾਖਲੇ ਕਿਵੇਂ ਕਰਨੇ ਚਾਹੁੰਦੇ ਹਨ। ਸੂਬਿਆਂ ਨੂੰ ਖੁਦ ਇਹ ਤੈਅ ਕਰਨ ਦਾ ਹੱਕ ਮਿਲਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਦਾਖਲੇ ਕਿਵੇਂ ਕਰਨੇ ਹਨ।

# ਪੱਛਮੀ ਸੱਭਿਅਤਾ ਅਤੇ ਪਦਾਰਥਵਾਦ ਦਾ ਪ੍ਰਭਾਵ

ਅੱਜ ਅਸੀਂ ਡਿਜੀਟਲ ਯੁੱਗ ਵਿਚੋਂ ਗੁਜ਼ਰ ਰਹੇ ਹਾਂ। ਜਿਸ ਤਰ੍ਹਾਂ ਦਾ ਸਮਾਂ ਆ ਰਿਹਾ ਹੈ, ਲੋਕਾਂ ਦੀ ਸੋਚ, ਰਹਿਣੀ-ਬਹਿਣੀ ਵਿਚ ਫਰਕ ਆ ਗਿਆ ਹੈ। ਪੱਛਮੀ ਪ੍ਰਭਾਵਾਂ ਨੇ ਸਾਨੂੰ ਪਦਾਰਥਵਾਦ ਵੱਲ ਧੱਕ ਦਿੱਤਾ ਹੈ। ਜਿਵੇਂ-ਜਿਵੇਂ ਤਰੱਕੀ ਹੋ ਰਹੀ ਹੈ, ਨਵੀਂ-ਨਵੀਂ ਟੈਕਨੋਲੋਜੀ ਆ ਰਹੀ ਹੈ, ਅਸੀਂ ਆਪਣੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਾਂ। ਸਾਡੇ ਮਨਾਂ ਅੰਦਰ ਦੂਰੀ ਵਧ ਗਈ ਹੈ। ਸੋਸ਼ਲ ਮੀਡੀਆ 'ਤੇ ਸਾਡੇ ਹਜ਼ਾਰਾਂ ਫਰੈਂਡਜ਼ ਬਣਦੇ




ਸੰਜੀਵ ਸਿੰਘ ਸੈਣੀ
ਫੋਨ: 78889-66168

ਹਨ, ਪਰ ਅਸਲੀ ਜ਼ਿੰਦਗੀ ਵਿਚ ਸਾਡੇ ਕੋਲ ਇੱਕ ਵੀ ਦੋਸਤ ਨਹੀਂ ਹੈ, ਜਿਸ ਕੋਲ ਅਸੀਂ ਆਪਣਾ ਮਨ ਹੌਲਾ ਕਰ ਸਕੀਏ। ਪੁਰਾਣਾ ਸਮਾਂ ਬਹੁਤ ਚੰਗਾ ਸੀ, ਕੱਚੇ ਘਰ ਹੁੰਦੇ ਸਨ, ਪਰ ਲੋਕਾਂ ਵਿਚ ਆਪਸੀ ਪਿਆਰ ਬਹੁਤ ਸੀ। ਉਹ ਰਿਸ਼ਤੇ ਸਿਰਫ ਖੂਨ ਦੇ ਨਹੀਂ ਸਗੋਂ, ਇੱਕ ਦੂਜੇ 'ਤੇ ਭਰੋਸਾ ਕੀਤਾ ਜਾਂਦਾ ਸੀ। ਰਿਸ਼ਤੇ ਟੁੱਟਦੇ ਵੀ ਨਹੀਂ ਸਨ। ਸਾਂਝੇ ਪਰਿਵਾਰਾਂ ਵਿਚ ਪਿਆਰ, ਭਾਈਚਾਰਕ ਸਾਂਝ, ਦੁੱਖ-ਸੁੱਖ ਸਾਂਝਾ ਹੁੰਦਾ ਸੀ। ਦਾਦਾ ਦਾਦੀ, ਨਾਨਾ ਨਾਨੀ ਵੱਡੇ ਪਰਿਵਾਰ ਇੱਕ ਹੀ ਛੱਤ ਹੇਠ ਬੜੇ ਪਿਆਰ ਨਾਲ ਰਹਿੰਦੇ ਸਨ। ਆਂਢ-ਗੁਆਂਢ ਵੀ ਬਹੁਤ ਵਧੀਆ ਹੁੰਦਾ ਸੀ। ਜੇ ਕੋਈ ਘਰ ਵਿੱਚ ਅਣਸੁਖਾਵੀਂ ਵਾਪਰ ਵੀ ਜਾਂਦੀ ਸੀ ਤਾਂ ਰਿਸ਼ਤੇਦਾਰਾਂ ਤੋਂ ਪਹਿਲਾਂ ਗੁਆਂਢੀ ਪਹੁੰਚ ਜਾਂਦੇ ਸਨ। ਇਹ ਸਾਡਾ ਸੱਭਿਆਚਾਰ ਸੀ। ਅੱਜ-ਕੱਲ੍ਹ ਦੇ ਨੌਜਵਾਨ ਤਮੀਜ਼ ਭੁੱਲ ਗਏ ਹਨ। ਪੁਰਾਣੇ ਵੇਲਿਆਂ ਵਿਚ ਲੋਕਾਂ ਅੰਦਰ ਸਬਰ, ਸੰਤੋਖ, ਸਹਿਣਸ਼ੀਲਤਾ, ਨਿਮਰਤਾ ਸੀ, ਜੇ ਬੱਚਾ ਗਲਤ ਹੁੰਦਾ ਸੀ ਤਾਂ ਉਸਨੂੰ ਝਿੜਕ ਵੀ ਦਿੰਦੇ ਸਨ। ਅੱਗੋਂ ਬੱਚਾ ਜਵਾਬ ਵੀ ਨਹੀਂ ਦਿੰਦਾ ਸੀ।

ਸੋਸ਼ਲ ਮੀਡੀਆ ਦਾ ਜ਼ਮਾਨਾ ਹੈ। ਹਰ ਇਨਸਾਨ ਮੋਬਾਈਲ ਦੀ ਜਕੜ ਵਿਚ ਹੈ। ਚਾਹੇ ਕਿਸੇ ਵੀ ਉਮਰ ਦਾ ਵਿਅਕਤੀ ਹੋਵੇ, ਮੋਬਾਈਲ ਉਸ ਦੇ ਹੱਥ ਵਿਚ ਹੈ। ਕਿਸੇ ਦਾ ਹਾਲ-ਚਾਲ ਪੁੱਛਣਾ ਹੋਵੇ ਮਿੰਟਾਂ-ਸਕਿੰਟਾਂ ਵਿਚ ਪੁੱਛ ਲਿਆ ਜਾਂਦਾ ਹੈ। ਟੈਕਨਾਲੋਜੀ ਨੇ ਇੰਨਾ ਤਾਂ ਫਾਇਦਾ ਕਰ ਦਿੱਤਾ ਹੈ ਕਿ ਦੂਰ-ਦਰਾਜ਼ ਦੇ ਕਿਸੇ ਏਰੀਏ ਵਿਚ ਇਨਸਾਨ ਦੂਜੇ ਇਨਸਾਨ ਨਾਲ ਰਾਬਤਾ ਰੱਖ ਸਕਦਾ ਹੈ ਪਰ ਇਸ ਦਾ ਨੁਕਸਾਨ ਵੀ ਹੋਇਆ ਹੈ ਕਿਉਂਕਿ ਮੋਬਾਈਲ ਨੇ ਰਿਸ਼ਤੇ ਖਤਮ ਕਰ ਦਿੱਤੇ ਹਨ। ਅੱਜ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਾਰਨ ਬੱਚੇ ਆਪਣੀ ਜਾਨ ਤੱਕ ਗੁਆ ਰਹੇ ਹਨ। ਬੱਚੇ ਵਿਦੇਸ਼ ਜਾ ਰਹੇ ਹਨ। ਪਿੱਛੋਂ ਜੇ ਪਰਿਵਾਰਾਂ ਵਿਚ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਮੋਬਾਈਲ 'ਤੇ ਵੀਡੀਓ ਕਾਲ ਕਰ ਲਈ ਜਾਂਦੀ ਹੈ। ਅੰਤਿਮ ਰਸਮਾਂ ਵੀ ਮੋਬਾਇਲ 'ਤੇ ਹੋ ਰਹੀਆਂ ਹਨ। ਮੋਬਾਇਲ 'ਤੇ ਹੀ ਦੁੱਖ-ਸੁੱਖ ਸਾਂਝਾ ਕਰ ਲਿਆ ਜਾਂਦਾ ਹੈ।

ਅੱਜ ਭਾਵੇਂ ਸਾਡੇ ਕੋਲ ਡਿਗਰੀਆਂ ਹਨ ਪਰ ਸਬਰ-ਸੰਤੋਖ ਗਵਾ ਚੁੱਕੇ ਹਾਂ। ਜ਼ਿੰਦਗੀ ਦੀ ਅਸਲ ਖੁਸ਼ੀ ਤੋਂ ਵਾਂਝੇ ਹੋ ਗਏ ਹਾਂ। ਖੁਸ਼ਹਾਲ ਜ਼ਿੰਦਗੀ ਜਿਊਣਾ ਭੁੱਲ ਚੁੱਕੇ ਹਾਂ। ਪੈਸੇ ਦੀ ਦੌੜ ਜ਼ਿਆਦਾ ਲੱਗੀ ਹੋਈ ਹੈ। ਇੱਕ-ਦੂਜੇ ਨੂੰ ਨੀਵਾਂ ਦਿਖਾਉਣਾ ਆਮ ਹੈ। ਭਰਾ-ਭਰਾ ਦਾ ਦੁਸ਼ਮਣ ਬਣ ਚੁੱਕਿਆ ਹੈ। ਅਸੀਂ ਆਪਣੀ ਜ਼ਿੰਦਗੀ ਦੀ ਤੁਲਨਾ ਦੂਜਿਆਂ ਨਾਲ ਕਰਦੇ ਹਾਂ, ਜਿਸ ਕਾਰਨ ਸਾਡੀ ਮਾਨਸਿਕ ਸ਼ਾਂਤੀ ਖਤਮ ਹੋ ਗਈ ਹੈ। ਅੱਜ ਕਰੋੜਾਂ ਰੁਪਿਆ ਹੈ, ਪਰ ਸਕੂਨ ਨਹੀਂ ਹੈ। ਸਕੂਨ ਲੈਣ ਲਈ ਆਨਲਾਈਨ ਕਲਾਸਾਂ ਜੁਆਇਨ ਕਰ ਰਹੇ ਹਾਂ। ਆਪਣੇ ਲਈ ਸਮਾਂ ਨਹੀਂ ਹੈ। ਜੇ ਤੁਸੀਂ ਆਪਣਾ ਧਿਆਨ ਹੀ ਨਹੀਂ ਰੱਖਿਆ ਤਾਂ ਪੈਸੇ ਦਾ ਕੀ ਫਾਇਦਾ? ਇਨਸਾਨ ਮਸ਼ੀਨ ਬਣ ਚੁੱਕਿਆ ਹੈ। ਅੱਜ ਟੈਕਨੋਲੋਜੀ ਨੇ ਸਾਨੂੰ ਬਹੁਤ ਸਹੂਲਤਾਂ ਦੇ ਕੇ ਜੀਵਨ ਸੁਖਾਲਾ ਕਰ ਦਿੱਤਾ ਹੈ ਪਰ ਅਸੀਂ ਇਸ ਦੀ ਦੁਰਵਰਤੋਂ ਕਰ ਰਹੇ ਹਾਂ। ਸਾਨੂੰ ਆਪਣੇ ਸੱਭਿਆਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਨਹੀਂ ਭੁੱਲਣਾ ਚਾਹੀਦਾ। ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵੱਡੇ-ਵੱਡੇ ਮਹਿਲ ਹਨ ਸਾਰਿਆਂ ਲਈ ਵੱਖ-ਵੱਖ ਕਮਰੇ ਹਨ। ਘਰਾਂ ਵਿਚ ਆਪਸੀ ਦੂਰੀਆਂ ਵਧ ਚੁੱਕੀਆਂ ਹਨ। ਬਰਦਾਸ਼ਤ ਸ਼ਕਤੀ ਬਿਲਕੁਲ ਵੀ ਨਹੀਂ ਰਹੀ। ਮਾਪੇ ਬੱਚਿਆਂ ਨੂੰ ਝਿੜਕਦੇ ਨਹੀਂ ਹਨ ਉਨ੍ਹਾਂ ਨੂੰ ਡਰ ਹੈ ਕਿ ਕਦੇ ਬੱਚਾ ਗਲਤ ਕਦਮ ਨਾ ਚੁੱਕ ਲਵੇ। ਅਸੀਂ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਪਿੱਛੇ ਛੱਡ ਆਏ ਹਾਂ। ਜਦੋਂ ਕਦੇ ਇਕੱਲੇ ਬੈਠੇ ਹੁੰਦੇ ਹਾਂ ਤਾਂ ਅਸੀਂ ਸੋਚਦੇ ਹਾਂ ਕਿ ਸਾਡੇ ਬਜ਼ੁਰਗਾਂ ਦਾ ਸਮਾਂ ਕਿੰਨਾ ਚੰਗਾ ਹੁੰਦਾ ਸੀ, ਬੱਚੇ ਬਜ਼ੁਰਗਾਂ ਕੋਲ ਬੈਠਦੇ ਸਨ। ਅਜਿਹਾ ਸਮਾਂ ਮੁੜ ਕੇ ਕਦੋਂ ਆਵੇਗਾ? ਸਾਨੂੰ ਆਪਣੇ ਬੱਚਿਆਂ ਨੂੰ ਰਿਸ਼ਤਿਆਂ ਦੀ ਮਹੱਤਤਾ ਬਾਰੇ ਦੱਸਣਾ ਚਾਹੀਦਾ ਹੈ। ਕਿਸ ਤਰ੍ਹਾਂ ਜ਼ਿੰਦਗੀ ਜਿਊਣੀ ਹੈ ਇਸ ਬਾਰੇ ਦੱਸਣਾ ਚਾਹੀਦਾ ਹੈ। ਵੱਡਿਆਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਨੀ ਹੈ ਉਸ ਬਾਰੇ ਬੱਚਿਆਂ ਨੂੰ ਜ਼ਰੂਰ ਦੱਸੋ। ਬੱਚੇ ਸਾਡੇ ਸਮਾਜ ਦਾ ਸਰਮਾਇਆ ਹਨ, ਉਨ੍ਹਾਂ ਨਾਲ ਸਮਾਂ ਜ਼ਰੂਰ ਬਿਤਾਓ। ਉਨ੍ਹਾਂ ਨੂੰ ਚੰਗੇ ਮਾੜੇ ਦੀ ਪਰਖ ਆਉਣੀ ਚਾਹੀਦੀ ਹੈ। ਉਹ ਕੱਲ ਦਾ ਭਵਿੱਖ ਹਨ। ਇਨਸਾਨ ਚਾਹੇ ਜਿੰਨਾ ਮਰਜ਼ੀ ਤਰੱਕੀ ਕਰ ਲਵੇ ਪਰ ਉਸਨੂੰ ਆਪਣੀ ਜੜ੍ਹ ਤੋਂ ਨਹੀਂ ਹਿੱਲਣਾ ਚਾਹੀਦਾ। ਅਕਸਰ ਕਿਹਾ ਜਾਂਦਾ ਹੈ ਕਿ ਇਨਸਾਨ ਨੂੰ ਆਪਣੀ ਔਕਾਤ ਤੇ ਗੁਰੂ ਦੀ ਸੌਗਾਤ ਨਹੀਂ ਭੁੱਲਣੀ ਚਾਹੀਦੀ। ਜ਼ਿੰਦਗੀ ਵਿਚ ਖੂਬ ਪੈਸਾ ਕਮਾਓ, ਤਰੱਕੀ ਕਰੋ, ਪਰ ਆਪਣੇ ਵਿਰਸੇ ਨਾਲ ਜੁੜੇ ਰਹੋ।

# ਇਹੁ ਜਨਮੁ ਤੁਮਹਾਰੇ ਲੇਖੇ !




***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ ਨੌਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***

## ਕਿਸ਼ਤ - 9

ਉਹਨੇ ਸਿਗਰਟਾਂ ਦੇ ਟੋਟੇ ਛੁਪਾਏ, ਬੋਤਲ ਨਾਲ ਪਹਿਲਾਂ ਦੇ ਰੱਖੇ ਹੋਏ ਇਕ ਗਲਾਸ ਕੋਲ ਦੂਜਾ ਗਲਾਸ ਰੱਖਿਆ, ਚਿਰਾਂ ਤੋਂ ਵੱਟ-ਰਹਿਤ ਰਹਿੰਦੇ ਬਿਸਤਰੇ ਉੱਤੇ ਹੱਥ ਮਾਰ ਕੇ ਅਣਹੋਂਦੇ ਵੱਟ ਕੱਢੇ, ਸੈਂਟਰਲ ਟੇਬਲ ਨੂੰ ਖਿੱਚ ਕੇ ਸੈਟੀ ਕੋਲ ਕੀਤਾ ਤੇ ਕਿਚਨ ਵਿਚੋਂ ਨਮਕੀਨ ਕੱਢ ਲਿਆਈ। ਪੂਰੇ ਕਮਰੇ ਵਿਚ ਨਜ਼ਰ ਘੁਮਾਈ ਤੇ ਸਭ ਕੁਛ ਠੀਕ-ਠਾਕ ਦੇਖ ਕੇ ਉਹ ਬੱਚਿਆਂ ਵਰਗੇ ਚਾਅ ਨਾਲ ਸੰਤੁਸ਼ਟ ਹੋ ਗਈ। ਉਹਨੇ ਜ਼ਿੰਦਗੀ ਵਿਚ ਪਹਿਲੀ ਵਾਰ ਮਹਿਸੂਸ ਕੀਤਾ, ਰੂਹਾਂ ਦੇ ਮੇਲ ਵਿਚ ਕੇਹਾ ਵਿਸਮਾਦੀ ਖ਼ੁਮਾਰ ਹੁੰਦਾ ਹੈ! ਡਰਾਇੰਗ ਰੂਮ ਵਿਚ ਜਾ ਉਹਨੇ ਸਿਗਰਟ ਦੇ ਧੂੰਏਂ ਵਿਚ ਘਿਰੇ ਬੈਠੇ ਸਾਹਿਰ ਸਾਹਿਬ ਅੱਗੇ ਗੁਜ਼ਾਰਿਸ਼ ਕੀਤੀ, 'ਸ਼ਹਿਨਸ਼ਾਹੇ-ਆਲਮ, ਖ਼ੁਆਬਗਾਹ ਮੇਂ ਤਸ਼ਰੀਫ਼ ਲਾਈਏ!' ਤੇ ਉਹਦਾ ਹੱਥ ਫੜ ਕੇ ਬੈੱਡਰੂਮ ਵਿਚ ਲੈ ਆਈ।



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਸਾਹਿਰ ਸਾਹਿਬ ਨੇ ਦੋਵੇਂ ਜਾਮ ਤਿਆਰ ਕੀਤੇ। ਦੋਸਤੀ ਦੇ ਨਾਂ ਜਾਮ ਟਕਰਾਏ ਗਏ ਤੇ ਹੋਂਠਾਂ ਨੂੰ ਛੁਹਾਏ ਗਏ। ਉਹਨਾਂ ਦਾ ਰੱਖਿਆ ਜਾਮ ਜਗਦੀਪ ਨੇ ਫੁਰਤੀ ਨਾਲ ਮੂੰਹ ਨੂੰ ਲਾਇਆ ਤੇ ਆਪਣਾ ਜਾਮ ਉਹਨਾਂ ਵੱਲ ਸਰਕਾ ਕੇ ਕਹਿਣ ਲੱਗੀ, 'ਜੇ ਮੇਰੇ ਮੂੰਹ ਨੂੰ ਲੱਗੇ ਦਾ ਪਰਹੇਜ਼ ਹੈ, ਇਹ ਡੋਲ੍ਹ ਕੇ ਹੋਰ ਬਣਾ ਲਵੋ।' ਉਹਨਾਂ ਨੇ ਬੜੀ ਗਹਿਰੀ ਨਜ਼ਰ ਨਾਲ ਉਹਨੂੰ ਦੇਖਿਆ, ਮੁਸਕਰਾਏ ਤੇ ਹੌਲੀ-ਹੌਲੀ ਘੁੱਟ-ਘੁੱਟ ਕਰ ਕੇ ਪੀਣ ਦੀ ਆਦਤ ਭੁਲਾਉਂਦਿਆਂ ਜਾਮ ਖਾਲੀ ਕਰ ਕੇ ਰੱਖ ਦਿੱਤਾ। ਦੂਜਾ ਜਾਮ ਪਾਉਣ ਲੱਗੇ ਤਾਂ ਉਹਨੇ ਆਪਣੇ ਜਾਮ ਉੱਤੇ ਹੱਥ ਰੱਖ ਲਿਆ, 'ਮੈਂ ਇਕੋ ਲੈਂਦੀ ਹਾਂ' ਤੇ ਫ਼ਰਮਾਇਸ਼ ਕੀਤੀ, 'ਕੁਛ ਨਵਾਂ ਲਿਖਿਆ ਸੁਣਾਉ।'

'ਬੱਸ ਥੋੜ੍ਹੀ ਜਿਹੀ' ਆਖ ਕੇ ਉਹਦੇ ਗਲਾਸ ਵਿਚ ਪਾਉਂਦਿਆਂ ਕਹਿਣ ਲੱਗੇ, 'ਇਹਨੀਂ ਦਿਨੀਂ ਸ਼ਾਇਰੀ-ਵਾਇਰੀ ਸਭ ਭੁੱਲੀ ਹੋਈ ਹੈ।' ਲੰਮਾ ਕਸ਼ ਖਿੱਚਿਆ ਤੇ ਸਿਗਰਟ ਨਵੀਂ ਐਸ਼-ਟਰੇਅ ਦੇ ਕਿਨਾਰੇ ਰੱਖ ਕੇ ਉਹਦਾ ਹੱਥ ਘੁੱਟ ਲਿਆ, 'ਮੇਰੇ ਖ਼ਿਆਲਾਂ ਦਾ ਸਾਰਾ ਜ਼ਮੀਨ-ਆਸਮਾਨ ਕਿਸੇ ਜਾਦੂਗਰਨੀ ਨੇ ਮੱਲ ਲਿਆ। ਹੋਰ ਕਿਸੇ ਗੱਲ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਗਈ। ਗੀਤਾਂ-ਨਜ਼ਮਾਂ ਦੀ ਵੀ ਨਹੀਂ।'

ਜਗਦੀਪ ਨੇ ਸ਼ਰਮਾ ਕੇ ਨੀਵੀਂ ਪਾ ਲਈ, 'ਉਸ ਮੋਈ ਜਾਦੂਗਰਨੀ ਨੂੰ ਤੁਸੀਂ ਏਨਾ ਹੱਕ ਹੀ ਕਿਉਂ ਦਿੱਤਾ?'

ਸਾਹਿਰ ਹੱਸੇ, 'ਹੱਕ ਦਿੰਦਾ ਕੌਣ ਹੈ, ਦੀਪ, ਖੋਹਣ ਵਾਲੇ ਜਾਬਰ ਆਪੇ ਧੱਕੇ ਨਾਲ ਖੋਹ ਲੈਂਦੇ ਨੇ।... ਚਲੋ, ਅੱਜ ਸ਼ਿਅਰੋ-ਸ਼ਾਇਰੀ ਛਡਦੇ ਹਾਂ, ਗੱਲਾਂ ਕਰਦੇ ਹਾਂ, ਇਕ ਦੂਜੇ ਨੂੰ ਜਾਣਨ ਤੋਂ ਅੱਗੇ ਚੱਲ ਕੇ ਪਛਾਣਦੇ ਹਾਂ।'

'ਅਜਿਹੀਆਂ ਗੱਲਾਂ ਤੋਂ ਬੜਾ ਡਰ ਲਗਦਾ ਹੈ, ਸਾਹਿਰ ਸਾਹਬ!'

'ਚਲੋ, ਬਹੁਤੀਆਂ ਗੱਲਾਂ ਨਹੀਂ ਕਰਦੇ, ਇਕ ਸਵਾਲ ਜੋ ਹਰ ਸ਼ਾਦੀਸ਼ੁਦਾ ਔਰਤ ਤੋਂ ਪੁੱਛਣ ਵਾਲਾ ਪਹਿਲਾ ਸਵਾਲ ਹੁੰਦਾ ਹੈ। ਤੇਰੇ ਪਤੀਦੇਵ...?'

ਉਹ ਫਿੱਕੀ ਹਾਸੀ ਹੱਸੀ, 'ਤੁਸੀਂ ਸਵਾਲ ਤਾਂ ਇਕ ਹੀ ਪੁੱਛਿਆ ਹੈ, ਪਰ ਇਸ ਇਕ ਸਵਾਲ ਵਿਚ ਅਨੇਕ ਜਵਾਬ ਤੇ ਅੱਗੇ ਹਰ ਜਵਾਬ ਵਿਚ ਅਨੇਕ ਸਵਾਲ ਸਮਾਏ ਹੋਏ ਨੇ!'

'ਬਹੁਤ ਮੁਖ਼ਤਸਰ, ਇਸ਼ਾਰੇ ਮਾਤਰ।'

'ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਸੀ, ਬਹੁਤ ਚੰਗੇ ਨੇ। ਪਰ ਉਹਨਾਂ ਦੀ ਚੰਗਿਆਈ ਤੋਂ ਮੈਨੂੰ ਡਰ ਆਉਂਦਾ ਹੈ। ਅੱਜ ਜਾਣ ਲੱਗਿਆਂ ਏਨੇ ਸਹਿਜ ਸਨੇਹ ਨਾਲ ਬੋਲੇ, ਮੈਂ ਪਰੇਸ਼ਾਨ ਹੋ ਗਈ। ਉਹਨਾਂ ਨੇ ਮੈਨੂੰ ਆਜ਼ਾਦੀ ਦਿੱਤੀ ਹੋਈ ਹੈ, ਪਰ ਇਸ ਆਜ਼ਾਦੀ ਦੇ ਸੰਗਲ ਮੈਨੂੰ ਬਹੁਤ ਭਾਰੀ ਲਗਦੇ ਨੇ। ਸਾਹਿਰ ਸਾਹਿਬ, ਉਹਨਾਂ ਦੀ ਦਿੱਤੀ ਖੁੱਲ੍ਹ ਵਿਚ ਮੇਰਾ ਦਮ ਘੁਟਦਾ ਹੈ।' ਉਹਨੇ ਉਹਨਾਂ ਦਾ ਇਕ ਘੁੱਟ ਲੈ ਕੇ ਰੱਖਿਆ ਜਾਮ ਚੁੱਕ ਕੇ ਇਕੋ ਸਾਹੇ ਪੀ ਲਿਆ ਤੇ ਐਸ਼-ਟਰੇਅ ਉੱਤੇ ਪਈ ਧੁਖ ਰਹੀ ਸਿਗਰਟ ਚੁੱਕ ਕੇ ਲੰਮੇ ਕਸ਼ ਲਾਉਣ ਲੱਗੀ। ਚਿਹਰੇ ਉੱਤੇ ਡੂੰਘੀ ਉੱਕਰੀ ਪਰੇਸ਼ਾਨੀ ਨਾਲ ਉਹ ਰੋਣਹਾਕੀ ਹੋ ਗਈ, 'ਸਾਹਿਰ ਸਾਹਿਬ, ਜਿਸ ਦੌਰ ਵਿਚੋਂ ਮੈਂ ਲੰਘ ਰਹੀ ਹਾਂ, ਮੈਨੂੰ ਗੁਰਮੁਖ ਵਰਗਾ ਪਤੀ ਨਹੀਂ ਸੀ ਚਾਹੀਦਾ। ਬੇਵਫ਼ਾ ਨਾਲ ਬੇਵਫ਼ਾਈ ਮਨ ਦਾ ਬੋਝ ਨਹੀਂ ਬਣਦੀ। ਵਫ਼ਾਦਾਰ ਨਾਲ ਬੇਵਫ਼ਾਈ! ਮਨ ਲੱਖ ਦਲੀਲਾਂ ਘੜ ਲਵੇ, ਕਿਤੇ ਅੰਦਰ ਚੁਭਣ ਤਾਂ ਬਣੀ ਹੀ ਰਹਿੰਦੀ ਹੈ! ਮੈਨੂੰ ਬਿਲਕੁਲ ਸਮਝ ਨਹੀਂ ਆਉਂਦੀ, ਇਸ ਬੇਸਲਾਖ਼ੀ, ਬੇਦੀਵਾਰੀ ਕੈਦ ਦੀਆਂ ਬੇਵਜੂਦ ਸਲਾਖ਼ਾਂ ਤੇ ਦੀਵਾਰਾਂ ਕਿਵੇਂ ਤੋੜਾਂ!'

ਜਗਦੀਪ ਦੇ ਕੁਛ ਹੀ ਦਿਨਾਂ ਵਿਚ ਪਾਰ ਕੀਤੇ ਸਿਗਰਟ-ਸ਼ਰਾਬ ਦੇ ਪੰਧ ਤੋਂ ਸਾਹਿਰ ਸਮਝ ਗਏ ਕਿ ਸਮੱਸਿਆ ਉਲਝਵੀਂ ਤਾਂ ਹੈ ਹੀ, ਉਹਨਾਂ ਸਭ ਸ਼ਾਦੀਸ਼ੁਦਾ ਔਰਤਾਂ ਤੋਂ ਬਿਲਕੁਲ ਵੱਖਰੀ ਵੀ ਹੈ, ਜਿਨ੍ਹਾਂ ਤੋਂ ਕੁਛ ਜਾਣਨ-ਸੁਣਨ ਦਾ ਕਦੀ ਸਬੱਬ ਬਣਿਆ ਹੈ। ਤਜਰਬੇ ਨੇ ਸਮਝਾਇਆ, ਗੱਲ ਇਥੇ ਹੀ ਮੁਕਾ ਦੇਣੀ ਚਾਹੀਦੀ ਹੈ, 'ਠੀਕ ਹੈ, ਇਹ ਸਭ ਕਦੀ ਫੇਰ ਸਹੀ, ਅੱਜ ਦੀ ਸ਼ਾਮ ਨੂੰ ਉਦਾਸ ਕਿਉਂ ਕਰੀਏ! ਹੋਰ ਗੱਲਾਂ ਕਰਦੇ ਹਾਂ। ਅਦਬ ਦੀਆਂ, ਅਦੀਬਾਂ ਦੀਆਂ।'

ਜਗਦੀਪ ਕਹਿੰਦੀ, ਇਕ ਗ਼ਜ਼ਲ ਦੇ ਦੋ-ਤਿੰਨ ਸ਼ਿਅਰ ਸ਼ਾਇਦ ਤੁਹਾਡੇ ਸਵਾਲ ਦਾ ਕੁਛ ਜਵਾਬ ਬਣ ਸਕਣ:

ਦੱਸਾਂ ਕੀ ਪਿਆਰ ਕੀ ਹੈ, ਫੁੱਲ ਹੈ ਜਾਂ ਖਾਰ, ਕੀ ਹੈ,
ਪੁੱਛਣਾ ਹੈ ਮੈਂ ਵੀ ਦਿਲ ਤੋਂ ਇਸ ਦਾ ਜਵਾਬ ਹਾਲੇ।
ਨਸ਼ਤਰ ਦੇ ਨਾਲ ਕਾਹਤੋਂ ਮੇਰੇ ਜ਼ਖ਼ਮ ਗਿਣ ਰਿਹਾ ਹੈਂ,
ਪੂਰਾ ਨਹੀਂ ਕੀ ਹੋਇਆ ਤੇਰਾ ਹਿਸਾਬ ਹਾਲੇ।
ਹਰ ਹਰਫ਼ ਬਲ ਰਿਹਾ ਹੈ, ਹਰ ਵਰਕ ਜਲ ਰਿਹਾ ਹੈ,
ਫ਼ੋਲੀ ਨਹੀਂ ਤੂੰ ਮੇਰੇ ਦਿਲ ਦੀ ਕਿਤਾਬ ਹਾਲੇ।

ਖਾਣਾ ਖ਼ਤਮ ਹੋਇਆ ਤਾਂ ਜਗਦੀਪ ਨੇ ਬੋਤਲ ਸੰਭਾਲੀ, ਸਿਗਰਟਾਂ ਦੇ ਟੋਟੇ ਡੱਬੀ ਵਿਚ ਪਾ ਕੇ ਕੱਪੜਿਆਂ ਦੀ ਤਹਿ ਹੇਠ ਰੱਖੇ, ਬਰਤਨ ਕਿਚਨ ਦੇ ਸਿੰਕ ਵਿਚ ਸੁੱਟੇ ਤੇ ਸਾਹਿਰ ਦੇ ਨੇੜੇ ਹੋ ਕੇ ਬੈਠ ਗਈ। ਸਾਹਿਰ ਨੇ ਬੜੀ ਸਾਧਨਾ ਨਾਲ ਆਪਣਾ ਸੁਭਾਅ ਠਰ੍ਹੰਮੇ ਵਾਲਾ ਬਣਾਇਆ ਹੋਇਆ ਸੀ। ਉਹ ਕਿਸੇ ਗੱਲ ਦਾ ਜਾਂ ਕਿਸੇ ਹਾਲਤ ਦਾ ਛੇਤੀ ਪ੍ਰਤੀਕਰਮ ਦਿਖਾਉਣ ਵਾਲਾ ਜਲਦਬਾਜ਼ ਨਹੀਂ ਸੀ। ਕਾਲਜ ਵਿਚ ਪੜ੍ਹਦਿਆਂ ਜਦੋਂ ਅਜੇ ਕਿਤਾਬਾਂ ਦੀ ਗਰੈਜੂਏਸ਼ਨ ਵੀ ਨਹੀਂ ਸੀ ਕੀਤੀ, ਉਹਨੇ ਇਸਤਰੀ ਦੀ ਮਾਨਸਿਕਤਾ ਸਮਝਣ ਦੀ ਡਾਕਟਰੇਟ ਕਰ ਲਈ ਸੀ। ਉਹ ਰੰਗੋ-ਬੂ ਨਾਲ ਲਬਰੇਜ਼

***ਸਾਹਿਰ ਆਪ ਪਾਤਰ ਹੋਣ ਕਰਕੇ ਨਾਵਲ ਵਿਚ ਦਿੱਤੀਆਂ ਰਚਨਾਵਾਂ ਉਹਦੀਆਂ ਆਪਣੀਆਂ ਹਨ। ਇਸੇ ਤਰ੍ਹਾਂ ਮੋਹਨ ਸਿੰਘ ਦੀਆਂ ਰਚਨਾਵਾਂ ਵੀ ਆਪਣੀਆਂ ਹਨ, ਬੱਸ ਇਕ 'ਹਾਜੀ ਲੋਕ' ਵਾਲੀ ਕਵਿਤਾ ਮੌਕੇ ਦੀ ਲੋੜ ਪੂਰੀ ਕਰਨ ਲਈ ਮੇਰੀ ਲਿਖੀ ਹੋਈ ਹੈ। ਜਗਦੀਪ ਨਾਂ ਕਲਪਿਤ ਹੋਣ ਕਰਕੇ ਉਹਦੀਆਂ ਸ਼ੁਰੂ ਦੇ ਜੀਵਨ ਦੀਆਂ ਤਿੰਨ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ, ਬਾਕੀ ਸਭ .ਗਜ਼ਲਾਂ ਪੰਜਾਬੀ ਦੀ ਵੱਡੀ .ਗਜ਼ਲਕਾਰ ਸੁਖਵਿੰਦਰ ਅੰਮ੍ਰਿਤ ਦੀ ਸਿਰਜਨਾ ਹਨ। ਭਰਪੂਰ ਸਿੰਘ ਸ਼ਾਂਤ ਵੀ ਕਲਪਿਤ ਨਾਂ ਹੋਣ ਕਰਕੇ ਉਹਦੀਆਂ ਸਾਰੀਆਂ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ। -ਲੇਖਕ***

ਸਾਹਿਰ ਨੇ ਮਾਹੌਲ ਬਦਲਣਾ ਠੀਕ ਸਮਝਿਆ, 'ਉਦਾਸੀ ਦਾ ਰੰਗ ਛੱਡ, ਕੋਈ ਹੋਰ ਗੱਲ ਕਰ।'

ਜਗਦੀਪ ਨੇ ਵੀ ਸਹਿਜ ਹੋਣ ਦਾ ਜਤਨ ਕੀਤਾ। ਅੱਜ ਦੀ ਸ਼ਾਮ ਯਕੀਨਨ ਬੇਮਤਲਬ ਗੁਆਉਣ ਵਾਲੀ ਨਹੀਂ ਸੀ। ਬੋਲੀ, ਤੁਸੀਂ ਹੀ ਹੋਰ ਗੱਲਾਂ ਵਿਚ ਪੈ ਗਏ, ਮੈਂ ਤਾਂ ਅੱਜ ਦਾ ਇਕ-ਇਕ ਪਲ ਸਦੀਆਂ ਬਣਾ ਕੇ ਹੰਢਾਉਣਾ ਚਾਹੁੰਦੀ ਹਾਂ। ਭਲਕ ਨੇ ਤਾਂ ਫੇਰ ਬੀਤੇ ਕੱਲ੍ਹ ਵਰਗੀ ਬਦਰੰਗ ਬਣ ਕੇ ਆ ਜਾਣਾ ਹੈ:

ਥੋੜ੍ਹ-ਚਿਰੀਆਂ ਸਾਵੀਆਂ ਰੁੱਤਾਂ ਨੀ ਜਿੰਦੇ ਮੇਰੀਏ।
ਮਾਣ ਲੈ ਸਿਰ 'ਤੇ ਜਦੋਂ ਤਕ ਛਾਂ ਨੀ ਜਿੰਦੇ ਮੇਰੀਏ।
ਫੇਰ ਨਾ ਜਾਣੇ ਉਡਾ ਕੇ ਲੈ ਜਾਏ ਕਿੱਥੇ ਹਵਾ,
ਡਾਲ ਤੋਂ ਟੁੱਟਿਆਂ ਦੀ ਕਿਹੜੀ ਥਾਂ ਨੀ ਜਿੰਦੇ ਮੇਰੀਏ।

ਸਾਹਿਰ ਸ਼ਿਕਾਇਤੀ ਲਹਿਜ਼ੇ ਵਿਚ ਕਹਿਣ ਲੱਗੇ, 'ਦੀਪ, ਚਾਹੇ-ਅਨਚਾਹੇ ਤੂੰ ਮੇਰੇ ਨਾਲ ਇਕ ਜ਼ਿਆਦਤੀ ਕਰ ਗਈ।'

'ਮੈਂ ਤੇ ਤੁਹਾਡੇ ਨਾਲ ਜ਼ਿਆਦਤੀ?' ਉਹ ਹੈਰਾਨ ਹੋਈ, 'ਇਹ ਗੁਨਾਹ ਤਾਂ, ਜਨਾਬ, ਮੈਥੋਂ ਭੁੱਲ ਕੇ ਵੀ ਨਹੀਂ ਹੋ ਸਕਦਾ!'

'ਮੈਂ ਮਾਣ ਕਰਦਾ ਸੀ, ਮੇਰੇ ਹਾਣ ਦਾ ਜਾਂ ਮੈਥੋਂ ਛੋਟੀ ਉਮਰ ਦਾ ਕੋਈ ਸ਼ਾਇਰ ਪੂਰੇ ਹਿੰਦੁਸਤਾਨ ਵਿਚ ਨਹੀਂ ਜੋ ਮੈਥੋਂ ਚੰਗੀ ਸ਼ਾਇਰੀ ਕਰ ਸਕੇ। ਤੂੰ ਮੇਰਾ ਇਹ ਮਾਣ ਤੋੜਿਆ।'

ਉਹ ਸ਼ਰਮਾ ਗਈ, 'ਸਾਹਿਰ ਸਾਹਿਬ, ਏਨਾ ਉੱਚਾ ਨਾ ਚੁੱਕੋ ਕਿ ਜਦੋਂ ਡਿੱਗਾਂ, ਪੈਰਾਂ ਨੂੰ ਧਰਤੀ ਹੀ ਨਸੀਬ ਨਾ ਹੋਵੇ।'

'ਤੈਨੂੰ ਦੁਨੀਆ ਦੀ ਕੋਈ ਤਾਕਤ ਡੇਗ ਨਹੀਂ ਸਕਦੀ, ਦੀਪ! ਤੇ ਰੱਬ ਨਾ ਕਰੇ, ਕਦੀ ਅਜਿਹਾ ਕਿਆਮਤੀ ਦਿਨ ਆ ਵੀ ਜਾਵੇ, ਧਰਤੀ ਤੱਕ ਪਹੁੰਚਣ ਤੋਂ ਪਹਿਲਾਂ ਸੰਭਾਲਣ ਵਾਸਤੇ ਇਸ ਨਾਚੀਜ਼ ਕਦਰਦਾਨ ਦੀ ਝੋਲੀ ਫੈਲੀ ਹੋਈ ਹੋਵੇਗੀ!'

ਸਾਹਿਰ ਨੂੰ ਤਸੱਲੀ ਹੋਈ, ਇਕ ਸਾਧਾਰਨ ਸਵਾਲ ਨੇ ਸ਼ਾਮ ਜਿਸ ਵੀਰਾਨੇ ਵਿਚ ਪਹੁੰਚਾ ਦਿੱਤੀ ਸੀ, ਉਹ ਉਸਨੂੰ ਉਥੋਂ ਮੋੜ ਲਿਆਉਣ ਵਿਚ ਸਫਲ ਹੋ ਗਏ ਸਨ!

'ਮੈਂ ਖਾਣਾ ਲੈ ਆਵਾਂ' ਆਖ ਕੇ ਜਗਦੀਪ ਉੱਠੀ ਤੇ ਰੋਜ਼ ਵਾਂਗ ਜਾਣ ਤੋਂ ਪਹਿਲਾਂ ਨੌਕਰਾਣੀ ਦਾ ਬਣਾਇਆ ਸ਼ਾਮ ਦਾ ਖਾਣਾ ਗਰਮ ਕਰਨ ਲੱਗੀ। ਪਿੱਛੇ-ਪਿੱਛੇ ਸਾਹਿਰ ਪਹੁੰਚ ਗਏ, 'ਨੌਕਰਾਣੀ ਤਾਂ ਤੇਰਾ ਇਕੱਲੀ ਦਾ ਖਾਣਾ ਬਣਾ ਕੇ ਗਈ ਹੋਵੇਗੀ, ਰਲ਼ਮਿਲ ਕੇ ਕਰ ਲੈਂਦੇ ਹਾਂ ਕੁਛ!'

ਉਹ ਹੱਸੀ, 'ਇਹ ਉਰਦੂ ਦੀਆਂ ਨਜ਼ਮਾਂ ਲਿਖਣ ਵਰਗਾ ਸੌਖਾ ਕੰਮ ਨਹੀਂ ਹਜ਼ੂਰ, ਹੱਥ ਮਚਾ ਬੈਠੋਗੇ!... ਵੈਸੇ ਸਬੱਬ ਨਾਲ ਨਵਾਂ ਕੁਛ ਵੀ ਬਣਾਉਣ ਦੀ ਲੋੜ ਨਹੀਂ, ਸਗੋਂ ਖਾਣਾ ਆਪਾਂ ਤੋਂ ਵੀ ਬਚ ਰਹੇਗਾ। ਗਾਜ਼ੀਆਬਾਦ ਤੋਂ ਫੋਨ ਮਗਰੋਂ ਆਇਆ ਸੀ ਤੇ ਨੌਕਰਾਣੀ ਸਾਰਿਆਂ ਦਾ ਖਾਣਾ ਪਹਿਲਾਂ ਬਣਾ ਗਈ ਸੀ।'

'ਬਈ ਬਰਤਨ ਤਾਂ ਲਿਜਾ ਹੀ ਸਕਦਾ ਹਾਂ', ਉਹਨਾਂ ਨੇ ਉਹਦੀਆਂ ਰੱਖੀਆਂ ਦੋ ਪਲੇਟਾਂ ਦੇਖ ਕੇ ਕਿਹਾ, 'ਇਹ ਦੋ ਜੂਠੀਆਂ ਕਰਨ ਦੀ ਕੀ ਤੁਕ, ਪਲੇਟ ਤਾਂ ਇਕੋ ਕਾਫ਼ੀ ਹੈ।'

ਅਜਿਹਾ ਫੁੱਲ ਸੀ ਜਿਸ ਦੁਆਲੇ ਕੋਈ ਨਾ ਕੋਈ ਮਧੂਮੱਖੀ ਖੰਭ ਫੜਫੜਾਉਂਦੀ ਤੇ ਮਧੁਰ ਰਾਗ ਗਾਉਂਦੀ ਹੀ ਰਹਿੰਦੀ ਸੀ। ਵਿਦਿਆਰਥੀ ਹੁੰਦਿਆਂ ਹੀ ਉਹ ਕਾਲਜੀ ਮੁਸ਼ਾਇਰੇ ਲੁੱਟ ਕੇ ਲੈ ਜਾਂਦਾ। ਸਮਾਪਤੀ ਮਗਰੋਂ ਪ੍ਰਸ਼ੰਸਕਾਂ ਦੀਆਂ ਟੋਲੀਆਂ, ਖਾਸ ਕਰਕੇ ਕੁੜੀਆਂ ਉਹਦੇ ਸਟੇਜ ਤੋਂ ਉੱਤਰਨ ਦਾ ਇੰਤਜ਼ਾਰ ਕੀਤੇ ਬਿਨਾਂ ਬੇਸਬਰੀ ਨਾਲ ਸਟੇਜ ਉੱਤੇ ਹੀ ਜਾ ਘੇਰਦੀਆਂ। ਆਟੋਗਰਾਫ਼-ਬੁੱਕਾਂ, ਡਾਇਰੀਆਂ, ਕਿਤਾਬਾਂ, ਨੋਟਾਂ, ਆਦਿ ਉੱਤੇ ਤਾਂ ਉਹ ਦਸਖ਼ਤ ਲੈਂਦੀਆਂ ਹੀ, ਕੋਈ ਕੋਈ ਤਾਂ ਸੰਗ ਕੇ ਰੁਮਾਲ ਜਾਂ ਦੁਪੱਟਾ ਹੀ ਅੱਗੇ ਕਰ ਦਿੰਦੀ।

ਸਾਹਿਰ ਦੀ ਸਿਗਰਟ ਬੁਝਣ ਲੱਗੀ ਤਾਂ ਉਹਨੇ ਉਸੇ ਨਾਲ ਦੂਜੀ ਲਾ ਲਈ। ਉਹਨੂੰ ਚੁੱਪ ਲੰਮੀ ਹੁੰਦੀ ਲੱਗੀ, ਪਰ ਉਹ ਜਗਦੀਪ ਦੀ ਜ਼ਿੰਦਗੀ ਬਾਰੇ ਗੱਲ ਛੇੜ ਕੇ ਮਾਹੌਲ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ। ਆਪਣੀ ਜ਼ਿੰਦਗੀ ਦੀ ਗੱਲ ਤਾਂ ਉਹਨੇ ਕਦੀ ਕਿਸੇ ਕੋਲ ਛੇੜੀ ਹੀ ਨਹੀਂ ਸੀ। ਇਸ ਨੂੰ ਉਹਨੇ ਨੇੜੇ ਤੋਂ ਨੇੜੇ ਦੇ ਦੋਸਤ ਨਾਲ ਗੱਲਬਾਤ ਵਿਚ ਵੀ ਨੇਮ ਬਣਾਇਆ ਹੋਇਆ ਸੀ। ਇਸ ਸੂਰਤ ਵਿਚ ਇਕੋ ਚੀਜ਼ ਹੀ ਸਹਾਰਾ ਬਣ ਸਕਦੀ ਸੀ, ਸ਼ਾਇਰੀ! ਜਗਦੀਪ ਦੀ ਹਾਲਤ ਅਜੀਬ ਸੀ। ਇਕ ਪਾਸੇ ਸਿਰੇ ਦੀ ਬੇਕਰਾਰੀ ਤੇ ਦੂਜੇ ਪਾਸੇ ਸਿਰੇ ਦੀ ਸੰਤੁਸ਼ਟੀ। ਉਹ ਅਜਿਹੀ ਮਾਨਸਿਕ ਅਵਸਥਾ ਵਿਚ ਪਹੁੰਚੀ ਹੋਈ ਸੀ ਜਿਥੇ ਸ਼ਬਦ ਬੇਅਰਥ ਹੋ ਗਏ ਸਨ। ਉਹਨੂੰ ਲੱਗਿਆ ਜਿਵੇਂ ਨਿਪੱਤਰੀ ਹੋਂਦ ਉੱਤੇ ਅਚਾਨਕ ਬਹਾਰ ਆ ਗਈ ਹੋਵੇ। ਉਹਨੂੰ ਮੋਹਨ ਸਿੰਘ ਦੀ ਇਕ ਵਾਰ ਸੁਣਾਈ ਕਵਿਤਾ ਦੀ ਸਤਰ ਯਾਦ ਆਈ: ਤੇਰੀ ਸਹੁੰ, ਕੁਝ ਰੋਣ ਦਾ ਮਜ਼ਾ ਹੀ ਨਹੀਂ, ਪੂੰਝਣ ਵਾਲਾ ਜੇ ਕੋਲ ਨਾ ਹੋਏ ਕੋਈ। ਇਸੇ ਤਰ੍ਹਾਂ ਨਿਪੱਤਰੇ ਬਿਰਛ ਦੀ ਹਰਿਆਲੀ ਵੀ ਤਦੇ ਸਕਾਰਥ ਹੁੰਦੀ ਹੈ ਜੇ ਕੋਈ ਛਾਂਵੇਂ ਬੈਠਣ ਵਾਲਾ ਹੋਵੇ। ਇਕ ਨਵਾਂ ਸ਼ਿਅਰ ਬੁੱਲ੍ਹਾਂ ਉੱਤੇ ਆ ਗਿਆ:

ਵਰ੍ਹਿਆਂ ਦੇ ਬਾਅਦ ਫੁੱਟੇ ਕਾਇਆ ਮੇਰੀ 'ਚੋਂ ਪੱਤੇ,
ਪਰਤੇ ਮੁਸਾਫ਼ਰੀ ਤੋਂ ਮੇਰੀ ਛਾਂ 'ਚ ਬਹਿਣ ਵਾਲੇ!

ਆਪਣੇ ਸ਼ਿਅਰ ਦੀ ਖ਼ੂਬਸੂਰਤੀ ਤੋਂ ਉਹ ਹੈਰਾਨ ਰਹਿ ਗਈ। ਸਾਹਿਰ ਸਾਹਿਬ, ਭਾਵੇਂ ਮਖੌਲ ਵਿਚ ਹੀ ਸਹੀ, ਠੀਕ ਹੀ ਆਖਦੇ ਸਨ, ਮੇਰੀ ਸੰਗਤ ਵਿਚ ਰਹੇਂਗੀ, ਸ਼ਾਇਰੀ ਵਿਚ ਨਿੱਤ ਨਵੀਂ ਰੰਗਤ ਮਹਿਸੂਸ ਕਰੇਂਗੀ। ਸ਼ਿਅਰ ਸੁਣ ਕੇ ਸਾਹਿਰ ਨੂੰ ਜਿਵੇਂ ਅਬੋਲਤਾ ਵਿਚੋਂ ਨਿੱਕਲਣ ਦਾ ਰਾਹ ਮਿਲ ਗਿਆ, 'ਵਾਹ! ਕਮਾਲ ਦਾ ਸ਼ਿਅਰ ਹੈ, ਇਕੋ ਸ਼ਿਅਰ ਪੂਰੀ ਗ਼ਜ਼ਲ ਜਿੰਨਾ ਵਜ਼ਨਦਾਰ! ਇਹ ਤਾਂ ਪੂਰੀ ਹੋ ਕੇ ਗ਼ਜ਼ਬ ਹੋਵੇਗੀ ਹੀ, ਹੁਣ ਕੋਈ ਪਹਿਲੀ ਗ਼ਜ਼ਲ ਸੁਣਾ।'

'ਮੈਂ ਤਾਂ ਤੁਹਾਨੂੰ ਕੁਛ ਸੁਣਾਉਣ ਲਈ ਕਹਿਣ ਵਾਲ਼ੀ ਸੀ।'

'ਮੇਰਾ ਤਾਂ ਕੁਛ ਨਾ ਕੁਛ ਰੇਡੀਓ ਤੋਂ ਸੁਣ ਹੀ ਜਾਂਦਾ ਹੋਵੇਗਾ, ਮੈਨੂੰ ਚੰਗੀ ਪੰਜਾਬੀ ਨਜ਼ਮ, ਗ਼ਜ਼ਲ ਕਦੀ ਕਦੀ ਹੀ ਨਸੀਬ ਹੁੰਦੀ ਹੈ।'

ਜਗਦੀਪ ਦੇ ਚੇਤੇ ਵਿਚੋਂ ਇਕ ਢੁੱਕਵੀਂ ਗ਼ਜ਼ਲ ਉੱਭਰ ਆਈ, 'ਇਤਫ਼ਾਕ ਦੇਖੋ, ਲਿਖੀ ਤੁਹਾਡੀ ਕਲਪਨਾ ਕਰ ਕੇ ਸੀ ਪਰ ਅੱਜ ਕਲਪਨਾ ਸੱਚ ਹੋ ਗਈ!'

'ਵਾਹ! ਦੇਖਾਂ ਕਲਪਨਾ ਨੇ ਕੀ ਚਿਤਵਿਆ ਸੀ!... ਇਰਸ਼ਾਦ!'

'ਇਕ ਦਿਨ ਇਉਂ ਲਗਿਆ ਕਿ ਜੇ ਤੁਸੀਂ ਅਚਾਨਕ ਆ ਜਾਉਂ, ਕਿਵੇਂ ਮਹਿਸੂਸ ਹੋਵੇ। ਉਸੇ ਪਲ ਇਹ ਕੁਛ ਸ਼ਿਅਰ ਹੋ ਗਏ।'

ਹੋਈ ਦਸਤਕ, ਮੈਂ ਦਰ ਖੋਲ੍ਹੇ, ਮੇਰੇ ਸਾਹਵੇਂ ਖੜ੍ਹਾ ਸੀ ਤੂੰ।
ਚੁਫ਼ੇਰੇ ਰਾਤ ਸੀ ਸੰਘਣੀ ਤੇ 'ਕੱਲਾ ਜਗ ਰਿਹਾ ਸੀ ਤੂੰ।
ਮੈਂ ਤੇਰੇ ਰੂਬਰੂ ਸੀ ਇੱਕ ਸੁੰਨੀ ਸ਼ਾਖ ਦੇ ਵਾਂਗੂੰ,
ਤੇ ਅਪਣੇ ਸਾਵਿਆਂ ਪੱਤਿਆਂ 'ਚ ਮੈਨੂੰ ਢਕ ਲਿਆ ਸੀ ਤੂੰ।
ਬੜਾ ਚਿਰ ਲਹਿਰ ਵਾਂਗੂੰ ਸਿਰ ਤੋਂ ਪੈਰਾਂ ਤੀਕ ਮੈਂ ਤੜਪੀ,
ਸਮੁੰਦਰ ਵਾਂਗ ਫਿਰ ਆਗੋਸ਼ ਦੇ ਵਿਚ ਲੈ ਲਿਆ ਸੀ ਤੂੰ।
ਮੈਂ ਲੰਮੀ ਔੜ ਦੀ ਮਾਰੀ ਤਿਹਾਈ ਧਰਤ ਸੀ ਕੋਈ,
ਤੇ ਛਮਛਮ ਵਸਣ ਨੂੰ ਬਿਹਬਲ ਜਿਵੇਂ ਕੋਈ ਮੇਘਲਾ ਸੀ ਤੂੰ।
ਮੁਹੱਬਤ ਦੀ ਖ਼ੁਮਾਰੀ ਬਣ ਫ਼ਿਜ਼ਾ ਵਿਚ ਫ਼ੈਲ ਗਈ ਸਾਂ ਮੈਂ,
ਕਿ ਮੇਰੀ ਆਤਮਾ ਵਿਚ ਕਤਰਾ ਕਤਰਾ ਘੁਲ ਰਿਹਾ ਸੀ ਤੂੰ।
ਨਜ਼ਰ ਦੀ ਹੱਦ ਤਕ ਫੈਲਿਆ ਹੋਇਆ ਕੋਈ ਸਹਿਰਾ,
ਤੇ ਵਿਚ ਬੂਟਾ ਸਰੂ ਦਾ ਸੁਹਣਿਆ! ਲਹਿਰਾ ਰਿਹਾ ਸੀ ਤੂੰ।
ਤੇਰੀ ਛੁਹ ਨਾਲ ਬਣ ਗਈ ਮੈਂ ਕੋਈ ਮੂਰਤ ਮੁਹੱਬਤ ਦੀ,
ਤੇ ਬਣਦੀ ਵੀ ਕਿਵੇਂ ਨਾ ਜਦ ਮੁਹੱਬਤ ਦਾ ਖ਼ੁਦਾ ਸੀ ਤੂੰ।
ਉਹ ਮੱਕੇ ਤੋਂ ਪਰ੍ਹੇ ਤੇ ਸ਼ਰ੍ਹਾ ਦੀ ਹਰ ਹੱਦ ਤੋਂ ਬਾਹਰ,
ਕੀ ਉਸ ਤੀਰਥ ਦਾ ਨਾਂ ਹੈ ਜਿੱਥੇ ਮੈਨੂੰ ਲੈ ਗਿਆ ਸੀ ਤੂੰ?

ਸਾਹਿਰ ਨੂੰ ਗ਼ਜ਼ਲ ਸੱਚਮੁੱਚ ਬਹੁਤ ਚੰਗੀ ਲੱਗੀ, 'ਸਾਂਝੇ ਮੁਸ਼ਾਇਰਿਆਂ ਵਿਚ ਕਈ ਵਾਰ ਪੰਜਾਬੀ ਗ਼ਜ਼ਲ ਸੁਣਨ ਦਾ ਮੌਕਾ ਬਣ ਜਾਂਦਾ ਹੈ। ਮਿਆਰ ਦੇਖ ਕੇ ਖ਼ੁਸ਼ੀ ਹੁੰਦੀ ਹੈ। ਪਰ ਇਹ ਤਾਂ ਰੰਗ ਹੀ ਵੱਖਰਾ ਹੈ। ਕਈ ਲੋਕ ਗ਼ਜ਼ਲ ਵਾਸਤੇ ਉਰਦੂ ਨੂੰ ਢੁੱਕਵੀਂ ਜ਼ਬਾਨ ਆਖਦੇ ਨੇ, ਮੈਂ ਉਹਨਾਂ ਨਾਲ ਕਦੀ ਸਹਿਮਤ ਨਹੀਂ ਹੋਇਆ। ਗੱਲ ਜ਼ਬਾਨ ਦੀ ਨਹੀਂ ਹੁੰਦੀ, ਗੱਲ ਜ਼ਬਾਨ ਦੇ ਇਸਤੇਮਾਲ ਦੀ ਹੁੰਦੀ ਹੈ।' ਉਹਨੇ ਜਗਦੀਪ ਨੂੰ ਵੱਖੀ ਨਾਲ ਘੁੱਟ ਲਿਆ।

ਜਗਦੀਪ ਨੇ ਉਹਦੀ ਕੀਤੀ ਤਾਰੀਫ਼ ਦੇ ਹੁੰਗਾਰੇ ਵਜੋਂ ਕਿਹਾ, 'ਹੁਣ ਤੁਸੀਂ ਸੁਣਾਓ ਕੁਛ, ਕੋਈ ਨਜ਼ਮ, ਕੋਈ ਗ਼ਜ਼ਲ।'

ਸਾਹਿਰ ਨੇ ਸਿਗਰਟ ਐਸ਼ਟਰੇਅ ਵਿਚ ਮਸਲ ਕੇ ਬੁਝਾਈ ਤੇ ਬੋਲਿਆ, 'ਕੁਛ ਵੀ ਹੋਰ ਸੁਣ ਕੇ ਜਾਂ ਸੁਣਾ ਕੇ ਇਸ ਗ਼ਜ਼ਲ ਦਾ ਬਣਾਇਆ ਮਾਹੌਲ ਤੋੜਨ ਦਾ ਗੁਨਾਹ ਕਰਨ ਦੀ ਹਿੰਮਤ ਨਹੀਂ ਹੁੰਦੀ। ਅੱਜ ਆਖ਼ਰੀ ਲਫ਼ਜ਼ ਇਹੋ ਰਹਿਣ ਦੇਈਏ!'

ਡੂੰਘੇ ਸਵੇਰੇ ਤੇਹ ਨਾਲ ਜਗਦੀਪ ਦੀ ਅੱਖ ਖੁੱਲ੍ਹੀ ਤਾਂ ਦੇਖਿਆ, ਸਾਹਿਰ ਸਾਹਿਬ ਟੇਬਲ ਲੈਂਪ ਜਗਾ ਕੇ ਕੁਛ ਲਿਖ ਰਹੇ ਸਨ। ਉਹਨਾਂ ਦੀ ਇਕਾਗਰਤਾ ਟੁੱਟਣ ਦੇ ਡਰੋਂ ਉਹ ਤਿਹਾਈ ਹੀ ਪਈ ਰਹੀ। ਨਜ਼ਮ ਪੂਰੀ ਹੋਈ ਤੋਂ ਉਹ ਉੱਠੇ ਤੇ ਮੱਥੇ ਉੱਤੇ ਹੱਥ ਫੇਰ ਕੇ ਉਹਨੂੰ ਜਗਾਉਣ ਲੱਗੇ, 'ਉੱਠ ਦੀਪ, ਰਾਤ ਦੇ ਚੋਰ ਤੇ ਦਿਨ ਦੇ ਚਾਨਣ ਦਾ ਵੈਰ ਹੁੰਦਾ ਹੈ। ਸੂਰਜ ਦਾ ਰਥ ਤੇ ਘਰ ਦਾ ਮਾਲਕ ਪਰਤਣ ਤੋਂ ਪਹਿਲਾਂ ਚਲੇ ਜਾਣਾ ਚੰਗਾ।'

ਉਹ ਰਾਤ ਰਹਿਣ ਲਈ ਤਾਂ ਆਏ ਨਹੀਂ ਸਨ, ਜਗਦੀਪ ਦਾ ਰੱਖਿਆ ਤੌਲੀਆ ਲਿਆ ਤੇ ਨ੍ਹਾ ਕੇ ਕੱਲ੍ਹ ਵਾਲੇ ਕੱਪੜੇ ਪਾ ਲਏ। ਚਾਹ ਪੀਂਦਿਆਂ ਜਗਦੀਪ ਨੇ ਕਿਹਾ, 'ਸਵੇਰੇ ਜੋ ਲਿਖਦੇ ਸੀ, ਪਹਿਲਾਂ ਉਹ ਸੁਣਾਓ, ਜਾਣ ਦੀ ਗੱਲ ਫੇਰ ਕਰਨੀ।'

ਉਹ ਮੁਸਕਰਾਇਆ, 'ਇਹ ਕਿਵੇਂ ਹੋ ਸਕਦਾ ਹੈ, ਜਿਸ ਵਾਸਤੇ ਲਿਖੀ ਹੈ, ਉਸ ਦੀ ਨਜ਼ਰ ਕਰਨ ਦੀ ਬਜਾਏ ਨਾਲ ਲੈ ਕੇ ਚਲਿਆ ਜਾਵਾਂ! ਪਰ ਦਿਆਂਗਾ ਜਾਣ ਵੇਲ਼ੇ ਤਾਂ ਜੋ ਮੇਰੇ ਗਏ ਤੋਂ ਮਗਰੋਂ ਪੜ੍ਹੇਂ।' ਬੂਹੇ ਕੋਲ ਵਿਦਾਅ ਹੁੰਦਿਆਂ ਉਹ ਨਜ਼ਮ ਦੇ ਕੇ ਕਹਿੰਦਾ, 'ਅੱਜ ਦੀ ਰਾਤ ਦੀ ਯਾਦ ਵਜੋਂ ਸਾਂਭ ਰੱਖਣੀ!'

ਕਵਿਤਾ ਚੁੰਮ ਕੇ ਉਹਨੇ ਪੁੱਛਿਆ, 'ਹੁਣ ਕਦੋਂ ਆਉਂਗੇ? ਉਡੀਕ ਨਾ ਕਰਵਾਉਣਾ!'

ਉਹ ਮੁਸਕਰਾਇਆ, 'ਜਦੋਂ ਯਾਦ ਕਰੇਂਗੀ, ਕੱਲ੍ਹ ਵਾਂਗ ਫ਼ਕੀਰ ਨੂੰ ਦੁਆਰੇ ਅਲਖ ਜਗਾਉਂਦਾ ਦੇਖੇਂਗੀ!'

ਉਹਨੂੰ ਵਿਦਾਅ ਕਰ ਕੇ ਕਾਹਲੀ-ਕਾਹਲੀ ਸਭ ਕੁਛ ਠੀਕ ਕੀਤਾ, ਬਿਸਤਰੇ ਦੇ ਵ਼ਲ ਕੱਢੇ, ਕਿਚਨ ਵਿਚ ਜਾ ਕੇ ਸ਼ਰਾਬ ਵਾਲੇ ਗਲਾਸ ਧੋਤੇ, ਸਿਗਰਟਾਂ ਦੇ ਟੋਟੇ ਅਲਮਾਰੀ ਵਿਚ ਕੱਪੜਿਆਂ ਹੇਠ ਸਾਂਭੇ, ਉਹਨਾਂ ਵਾਲਾ ਤੌਲੀਆ ਉਸੇ ਤਰ੍ਹਾਂ ਸੰਭਾਲ ਕੇ ਰੱਖਣ ਲਈ ਸੁੱਕਣੇ ਪਾਇਆ, ਬੈੱਡਰੂਮ ਤੇ ਡਰਾਇੰਗ ਰੂਮ ਵਿਚ ਧੂਫ਼ ਧੁਖਾਈ ਤੇ ਚੈਨ ਨਾਲ ਬੈਠ ਕੇ ਕਵਿਤਾ ਪੜ੍ਹਨ ਲੱਗੀ:

ਆਪ ਕੇ ਭੀਗੇ ਹੂਏ ਜਿਸਮ ਸੇ ਆਂਚ ਆਤੀ ਹੈ।
ਦਿਲ ਕੋ ਗਰਮਾਤੀ ਹੈ, ਜਜ਼ਬਾਤ ਕੋ ਭੜਕਾਤੀ ਹੈ।
ਆਪ ਕੇ ਪਾਸ ਜੋ ਆਏਗਾ, ਪਿਘਲ ਜਾਏਗਾ।
ਇਸ ਹਰਾਰਤ ਸੇ ਜੋ ਉਲਝੇਗਾ, ਵੁਹ ਜਲ ਜਾਏਗਾ।
ਆਪ ਕਾ ਹੁਸਨ ਵੁਹ ਸ਼ਬਨਮ ਹੈ ਜੋ ਸ਼ੁਅਲੋਂ ਮੇਂ ਪਲੇ,
ਗਰਮ ਖ਼ੁਸ਼ਬੂਉਂ ਮੇਂ, ਤਪਤੇ ਹੂਏ ਰੰਗੋਂ ਮੇਂ ਢਲੇ,
ਕਿਸ ਕਾ ਦਿਲ ਹੈ ਜੋ ਸੰਭਾਲੇ ਸੇ ਸੰਭਲ ਜਾਏਗਾ।...
ਹੋਂਠ ਹੈਂ ਯਾ ਕਿਸੀ ਸ਼ਾਇਰ ਕੀ ਦੁਆਉਂ ਕਾ ਜਵਾਬ,
ਜ਼ੁਲਫ਼ ਹੈ ਯਾ ਕਿਸੀ ਸਾਵਨ ਕੇ ਤਲਬਗਾਰ ਕਾ ਖ਼ਵਾਬ,
ਐਸੇ ਜਲਵੋਂ ਕੋ ਜੋ ਦੇਖੇਗਾ, ਮਚਲ ਜਾਏਗਾ।...
ਇਸ ਕਦਰ ਹੁਸਨ ਜ਼ਮਾਨੇ ਮੇਂ, ਨਾ ਦੇਖਾ, ਨਾ ਸੁਨਾ,
ਉਸ ਕਾ ਕਿਆ ਕਹਿਨਾ ਜਿਸੇ ਆਪ ਨੇ ਹਮਰਾਜ਼ ਚੁਨਾ,
ਉਸਕੀ ਤਕਦੀਰ ਕਾ ਇਨਾਮ ਬਦਲ ਜਾਏਗਾ।...

***(ਬਾਕੀ ਅਗਲੇ ਸਫੇ 'ਤੇ)***

# ਕਾਰਪੋਰੇਟ ਪੂੰਜੀ ਅਤੇ ਹਿੰਦੂਤਵ ਦਾ ਗੱਠਜੋੜ: ਭਾਰਤੀ ਜਮਹੂਰੀਅਤ ਦੇ ਸੰਕਟ ਅਤੇ ਪੰਜਾਬ ਲਈ ਨਵੀਆਂ ਚੁਣੌਤੀਆਂ


ਨੁਕਤਾ -ਏ- ਨਜ਼ਰ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066
gurpreetnews@gmail.com


ਭਾਰਤ ਦੀ ਮੌਜੂਦਾ ਰਾਜਨੀਤਿਕ ਸਥਿਤੀ ਇੱਕ ਅਜਿਹੇ ਇਤਿਹਾਸਕ ਮੋੜ 'ਤੇ ਆ ਕੇ ਖੜੀ ਦਿਖਾਈ ਦਿੰਦੀ ਹੈ, ਜਿੱਥੇ ਸਿਰਫ਼ ਸਰਕਾਰਾਂ ਦੀ ਤਬਦੀਲੀ ਜਾਂ ਚੋਣ ਗਣਿਤ ਹੀ ਕੇਂਦਰੀ ਪ੍ਰਸ਼ਨ ਨਹੀਂ ਰਹੇ, ਸਗੋਂ ਦੇਸ਼ ਦੇ ਲੋਕਤੰਤਰਕ ਢਾਂਚੇ, ਸੰਵਿਧਾਨਕ ਰੂਹ, ਧਰਮ ਨਿਰਪੱਖਤਾ ਅਤੇ ਨਾਗਰਿਕ ਅਧਿਕਾਰਾਂ ਦੀ ਰੱਖਿਆ ਦਾ ਸਵਾਲ ਸਮੂਹਿਕ ਰਾਜਨੀਤਿਕ ਚਰਚਾ ਦਾ ਕੇਂਦਰ ਬਣਦਾ ਜਾ ਰਿਹਾ ਹੈ। ਇਹ ਉਹ ਦੌਰ ਹੈ ਜਿੱਥੇ ਭਾਰਤ ਦੀਆਂ ਖੱਬੇ ਪੱਖੀ ਪਾਰਟੀਆਂ, ਇਨਕਲਾਬੀ ਧਿਰਾਂ ਅਤੇ ਜਮਹੂਰੀ ਲਹਿਰਾਂ ਦੇ ਸਾਹਮਣੇ ਇੱਕ ਵੱਡਾ ਵਿਚਾਰਧਾਰਾਤਮਕ ਵਿਰੋਧਾਭਾਸ ਖੜਾ ਹੋਇਆ ਹੈ। ਜਿਹੜੀਆਂ ਤਾਕਤਾਂ ਕਦੇ 'ਪਰੋਲੇਤਾਰੀ ਦੀ ਡਿਕਟੇਟਰਸ਼ਿਪ' ਜਾਂ 'ਮਜ਼ਦੂਰ ਜਮਾਤ ਦੀ ਤਾਨਾਸ਼ਾਹੀ' ਦੀ ਗੱਲ ਕਰਦੀਆਂ ਸਨ, ਉਨ੍ਹਾਂ ਦੇ ਸਾਹਮਣੇ ਅੱਜ ਖ਼ੁਦ ਬੁਰਜੂਆ ਜਮਹੂਰੀਅਤ ਨੂੰ ਬਚਾਉਣ ਦਾ ਇਤਿਹਾਸਕ ਕੰਮ ਆ ਖੜਾ ਹੋਇਆ ਹੈ।

ਇਹ ਵਿਰੋਧਾਭਾਸ ਸਿਰਫ਼ ਭਾਰਤ ਤੱਕ ਸੀਮਿਤ ਨਹੀਂ। ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਫਾਸੀਵਾਦੀ ਤਾਕਤਾਂ ਉਭਰਦੀਆਂ ਹਨ, ਤਾਂ ਸਭ ਤੋਂ ਪਹਿਲਾਂ ਉਹ ਲੋਕਤੰਤਰਿਕ ਸੰਸਥਾਵਾਂ, ਵਿਰੋਧੀ ਵਿਚਾਰਧਾਰਾਵਾਂ, ਮਜ਼ਦੂਰ ਲਹਿਰਾਂ ਅਤੇ ਆਜ਼ਾਦ ਬੁੱਧੀਜੀਵੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਜਰਮਨੀ ਵਿਚ ਹਿਟਲਰ ਦੇ ਉਭਾਰ ਦੌਰਾਨ ਵੀ ਕਮਿਊਨਿਸਟਾਂ, ਸਮਾਜਵਾਦੀਆਂ ਅਤੇ ਟ੍ਰੇਡ ਯੂਨੀਅਨਾਂ ਨੂੰ ਕੁਚਲਿਆ ਗਿਆ ਸੀ। ਇਟਲੀ ਵਿਚ ਮੁਸੋਲਿਨੀ ਨੇ ਰਾਸ਼ਟਰਵਾਦ ਅਤੇ ਕਾਰਪੋਰੇਟ ਪੂੰਜੀ ਦੇ ਗਠਜੋੜ ਰਾਹੀਂ ਲੋਕਤੰਤਰਿਕ ਸੰਸਥਾਵਾਂ ਨੂੰ ਖੋਖਲਾ ਕੀਤਾ। ਫਾਸੀਵਾਦ ਹਮੇਸ਼ਾਂ ਆਪਣੇ ਆਪ ਨੂੰ 'ਰਾਸ਼ਟਰ ਦੀ ਰੱਖਿਆ' ਦੇ ਨਾਮ 'ਤੇ ਪੇਸ਼ ਕਰਦਾ ਹੈ, ਪਰ ਅਸਲ ਵਿਚ ਉਹ ਰਾਜ ਅਤੇ ਪੂੰਜੀ ਦੇ ਕੇਂਦਰੀਕਰਨ ਦਾ ਉਹ ਰੂਪ ਹੁੰਦਾ ਹੈ ਜੋ ਅਸਹਿਮਤੀ ਨੂੰ ਦੇਸ਼ਧ੍ਰੋਹ ਵਿਚ ਬਦਲ ਦਿੰਦਾ ਹੈ।

ਅਜੋਕੇ ਦੌਰ ਵਿਚ ਫਾਸੀਵਾਦ ਨੇ ਆਪਣਾ ਚਿਹਰਾ ਬਦਲਿਆ ਹੈ। ਰਾਜਨੀਤਿਕ ਵਿਗਿਆਨੀ ਇਸ ਨੂੰ 'ਨਵ-ਫਾਸੀਵਾਦ' ਜਾਂ 'ਪਾਪੂਲਿਸਟ ਅਥਾਰਿਟੇਰੀਅਨਿਜ਼ਮ' ਕਹਿੰਦੇ ਹਨ। ਪਿਛਲੇ ਦਹਾਕੇ ਵਿਚ ਹੰਗਰੀ (ਵਿਕਟਰ ਓਰਬਨ), ਬ੍ਰਾਜ਼ੀਲ (ਬੋਲਸੋਨਾਰੋ) ਅਤੇ ਤੁਰਕੀ (ਏਰਦੋਗਨ) ਵਰਗੇ ਦੇਸ਼ਾਂ ਵਿਚ ਵੀ ਅਜਿਹਾ ਹੀ ਵਰਤਾਰਾ ਦੇਖਣ ਨੂੰ ਮਿਲਿਆ ਹੈ, ਜਿੱਥੇ ਚੁਣੀਆਂ ਹੋਈਆਂ ਸਰਕਾਰਾਂ ਨੇ ਅੰਦਰੋਂ ਹੀ ਲੋਕਤੰਤਰ ਨੂੰ ਖ਼ਤਮ ਕੀਤਾ। ਭਾਰਤ ਵਿਚ ਵੀ ਸੰਵਿਧਾਨਕ ਸੰਸਥਾਵਾਂ (ਚੋਣ ਕਮਿਸ਼ਨ, ਨਿਆਂਪਾਲਿਕਾ, ਜਾਂਚ ਏਜੰਸੀਆਂ) ਦੀ ਖ਼ੁਦਮੁਖ਼ਤਿਆਰੀ ਦਾ ਲਗਾਤਾਰ ਘਟਣਾ ਇਸੇ ਗਲੋਬਲ ਪ੍ਰਵਿਰਤੀ ਦਾ ਹਿੱਸਾ ਹੈ।

ਭਾਰਤ ਵਿਚ ਭਾਜਪਾ ਵਰਗੇ ਟੋਲਿਆਂ ਦੇ ਹਿੰਦੂਤਵ ਦੀ ਰਾਜਨੀਤੀ ਦਾ ਉਭਾਰ ਵੀ ਇਸੇ ਵਿਸ਼ਾਲ ਵਿਸ਼ਵ ਪ੍ਰਵਿਰਤੀ ਦਾ ਹਿੱਸਾ ਲੱਗਦਾ ਹੈ। ਹਿੰਦੂਤਵ ਕੋਈ ਸਧਾਰਣ ਧਾਰਮਿਕ ਵਿਚਾਰ ਨਹੀਂ, ਸਗੋਂ ਇੱਕ ਰਾਜਨੀਤਿਕ ਪ੍ਰੋਜੈਕਟ ਹੈ, ਜਿਸਦਾ ਮਕਸਦ ਭਾਰਤ ਦੀ ਬਹੁ-ਧਾਰਮਿਕ, ਬਹੁ-ਭਾਸ਼ਾਈ ਤੇ ਬਹੁ ਸੱਭਿਆਚਾਰਕ ਬਣਤਰ ਨੂੰ ਇੱਕ ਕੇਂਦਰੀ 'ਸੱਭਿਆਚਾਰਕ ਰਾਸ਼ਟਰਵਾਦ' ਦੇ ਢਾਂਚੇ ਵਿਚ ਬਦਲਣਾ ਹੈ। ਇਸ ਰਾਜਨੀਤੀ ਦਾ ਸਭ ਤੋਂ ਖ਼ਤਰਨਾਕ ਪੱਖ ਇਹ ਹੈ ਕਿ ਇਹ 'ਬਹੁ ਸੰਖਿਅਕ ਅਸੁਰੱਖਿਆ' ਦੀ ਭਾਵਨਾ ਪੈਦਾ ਕਰਕੇ ਲੋਕਾਂ ਦਾ ਧਿਆਨ ਅਸਲ ਆਰਥਿਕ ਅਤੇ ਸਮਾਜਿਕ ਮੁੱਦਿਆਂ ਤੋਂ ਹਟਾ ਦਿੰਦੀ ਹੈ। ਬੇਰੁਜ਼ਗਾਰੀ, ਮਹਿੰਗਾਈ, ਕਿਸਾਨੀ ਸੰਕਟ, ਸਿੱਖਿਆ ਅਤੇ ਸਿਹਤ ਵਰਗੇ ਪ੍ਰਸ਼ਨਾਂ ਨੂੰ ਪਿੱਛੇ ਧੱਕ ਕੇ ਧਰਮ ਅਤੇ ਰਾਸ਼ਟਰਵਾਦ ਨੂੰ ਰਾਜਨੀਤੀ ਦਾ ਕੇਂਦਰ ਬਣਾਇਆ ਜਾਂਦਾ ਹੈ।

ਇਹ ਗੱਲ ਸੰਜੋਗ ਨਹੀਂ ਕਿ ਜਦੋਂ ਵੀ ਆਰਥਿਕ ਸੰਕਟ ਗਹਿਰੇ ਹੁੰਦੇ ਹਨ ਤਾਂ ਸੰਸਾਰ ਦੇ ਕਈ ਦੇਸ਼ਾਂ ਵਿਚ ਅਤਿਵਾਦੀ ਰਾਸ਼ਟਰਵਾਦ ਦਾ ਉਭਾਰ ਹੋ ਜਾਂਦਾ ਹੈ। ਮਾਰਕਸਵਾਦੀ ਚਿੰਤਕ ਜਾਰਜੀ ਦਿਮਿਤਰੋਵ ਨੇ ਫਾਸੀਵਾਦ ਨੂੰ 'ਵਿੱਤੀ ਪੂੰਜੀ ਦੀ ਸਭ ਤੋਂ ਪ੍ਰਤੀਕਿਰਿਆਵਾਦੀ ਅਤੇ ਅਤਿਵਾਦੀ ਤਾਨਾਸ਼ਾਹੀ' ਕਿਹਾ ਸੀ। ਅੱਜ ਭਾਰਤ ਵਿਚ ਵੀ ਕਾਰਪੋਰੇਟ ਪੂੰਜੀ ਅਤੇ ਸੱਤਾ ਦਾ ਗਠਜੋੜ ਖੁੱਲ੍ਹ ਕੇ ਦਿਖਾਈ ਦਿੰਦਾ ਹੈ। ਵੱਡੇ ਉਦਯੋਗਿਕ ਘਰਾਣਿਆਂ ਦੇ ਹੱਥਾਂ ਵਿਚ ਸੰਸਾਧਨਾਂ ਦਾ ਕੇਂਦਰੀਕਰਨ, ਸਰਕਾਰੀ ਸੰਸਥਾਵਾਂ ਦਾ ਨਿੱਜੀਕਰਨ, ਮੀਡੀਆ ਦਾ ਕਾਰਪੋਰੇਟ ਕਬਜ਼ਾ ਅਤੇ ਚੋਣੀ ਰਾਜਨੀਤੀ ਵਿਚ ਬੇਹਿਸਾਬ ਧਨ ਦਾ ਦਖ਼ਲ ਇਹ ਦਰਸਾਉਂਦਾ ਹੈ ਕਿ ਲੋਕਤੰਤਰ ਦੀ ਰੂਹ ਹੌਲੀ-ਹੌਲੀ ਕਮਜ਼ੋਰ ਹੋ ਰਹੀ ਹੈ।

ਭਾਰਤੀ ਲੋਕਤੰਤਰ ਦਾ ਸੰਕਟ ਸਿਰਫ਼ ਚੋਣੀ ਹਾਰ-ਜਿੱਤ ਦਾ ਮਸਲਾ ਨਹੀਂ। ਲੋਕਤੰਤਰ ਸਿਰਫ਼ ਹਰ ਪੰਜ ਸਾਲ ਬਾਅਦ ਵੋਟ ਪਾਉਣ ਦਾ ਨਾਮ ਨਹੀਂ ਹੁੰਦਾ। ਇਸਦਾ ਅਰਥ ਹੈ—ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ, ਅਸਹਿਮਤੀ ਦਾ ਹੱਕ, ਧਰਮ ਦੀ ਆਜ਼ਾਦੀ, ਪ੍ਰੈਸ ਦੀ ਅਜ਼ਾਦੀ ਅਤੇ ਰਾਜ ਦੇ ਖ਼ਿਲਾਫ਼ ਸਵਾਲ ਪੁੱਛਣ ਦਾ ਅਧਿਕਾਰ। ਜਦੋਂ ਸੰਸਥਾਵਾਂ 'ਤੇ ਇੱਕ ਵਿਚਾਰਧਾਰਾ ਦਾ ਪ੍ਰਭਾਵ ਵਧਣ ਲੱਗੇ, ਜਦੋਂ ਜਾਂਚ ਏਜੰਸੀਆਂ ਨੂੰ ਰਾਜਨੀਤਿਕ ਹਥਿਆਰ ਬਣਾਇਆ ਜਾਣ ਲੱਗੇ, ਜਦੋਂ ਮੀਡੀਆ ਦਾ ਵੱਡਾ ਹਿੱਸਾ ਸੱਤਾ ਦੇ ਪ੍ਰਚਾਰਕ ਵਜੋਂ ਕੰਮ ਕਰਨ ਲੱਗੇ ਅਤੇ ਜਦੋਂ ਵਿਦਿਆਰਥੀ, ਲੇਖਕ, ਪੱਤਰਕਾਰ ਅਤੇ ਸਮਾਜਿਕ ਕਾਰਕੁਨ 'ਰਾਸ਼ਟਰ ਵਿਰੋਧੀ' ਘੋਸ਼ਿਤ ਕੀਤੇ ਜਾਣ ਲੱਗਣ, ਤਾਂ ਇਹ ਹਾਲਾਤ ਲੋਕਤੰਤਰ ਲਈ ਗੰਭੀਰ ਖ਼ਤਰੇ ਦੀ ਨਿਸ਼ਾਨੀ ਹੁੰਦੇ ਹਨ।

ਡਿਜ਼ੀਟਲ ਯੁੱਗ ਵਿੱਚ ਸੋਸ਼ਲ ਮੀਡੀਆ ਵੀ ਰਾਜਨੀਤਿਕ ਚੇਤਨਾ ਨੂੰ ਪ੍ਰਭਾਵਿਤ ਕਰਨ ਦਾ ਇੱਕ ਵੱਡਾ ਸਾਧਨ ਬਣ ਚੁੱਕਾ ਹੈ। ਝੂਠੀਆਂ ਖ਼ਬਰਾਂ, ਟਰੋਲ ਸੰਸਕ੍ਰਿਤੀ ਅਤੇ ਨਫ਼ਰਤ ਫੈਲਾਉਣ ਵਾਲੇ ਪ੍ਰਚਾਰ ਨੇ ਲੋਕਤੰਤਰਕ ਵਿਚਾਰ-ਵਟਾਂਦਰੇ ਦੀ ਗੰਭੀਰਤਾ ਨੂੰ ਕਮਜ਼ੋਰ ਕੀਤਾ ਹੈ। ਪੰਜਾਬ ਸਮੇਤ ਪੂਰੇ ਦੇਸ਼ ਵਿਚ ਨੌਜਵਾਨ ਪੀੜ੍ਹੀ ਦਾ ਇੱਕ ਵੱਡਾ ਹਿੱਸਾ ਹੁਣ ਰਾਜਨੀਤਿਕ ਸਮਝ ਅਖ਼ਬਾਰਾਂ ਜਾਂ ਕਿਤਾਬਾਂ ਤੋਂ ਨਹੀਂ, ਸਗੋਂ ਵਾਇਰਲ ਵੀਡੀਓਜ਼ ਅਤੇ ਐਲਗੋਰਿਦਮ-ਚਲਿਤ ਜਾਣਕਾਰੀ ਤੋਂ ਪ੍ਰਾਪਤ ਕਰ ਰਿਹਾ ਹੈ। ਇਸ ਹਾਲਤ ਵਿਚ ਤਰਕਸ਼ੀਲ ਅਤੇ ਪ੍ਰਗਤੀਸ਼ੀਲ ਚੇਤਨਾ ਦੀ ਲੜਾਈ ਹੋਰ ਵੀ ਮੁਸ਼ਕਲ ਪਰ ਲਾਜ਼ਮੀ ਬਣ ਜਾਂਦੀ ਹੈ।

ਇੱਥੇ ਇੱਕ ਵੱਡਾ ਸਵਾਲ ਖੱਬੇ ਪੱਖ ਦੀ ਭੂਮਿਕਾ ਉੱਤੇ ਵੀ ਖੜਾ ਹੁੰਦਾ ਹੈ। ਭਾਰਤ ਦਾ ਖੱਬਾ ਅੰਦੋਲਨ ਇੱਕ ਸਮੇਂ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਵਿਚ ਵੱਡਾ ਪ੍ਰਭਾਵ ਰੱਖਦਾ ਸੀ, ਪਰ ਸੋਵੀਅਤ ਯੂਨੀਅਨ ਦੇ ਵਿਘਟਨ, ਨਿਓ-ਲਿਬਰਲ ਆਰਥਿਕ ਨੀਤੀਆਂ ਅਤੇ ਅੰਦਰੂਨੀ ਵੰਡਾਂ ਨੇ ਇਸਦੀ ਤਾਕਤ ਨੂੰ ਕਮਜ਼ੋਰ ਕੀਤਾ। ਸੰਸਦੀ ਖੱਬੇਪੱਖੀ ਅਤੇ ਇਨਕਲਾਬੀ ਖੱਬੇਪੱਖੀ ਆਪਸ ਵਿਚ ਵੰਡੇ ਰਹੇ ਜਾਂ ਜਾ ਰਹੇ ਹਨ। ਇੱਕ ਪਾਸੇ ਚੋਣੀ ਰਾਜਨੀਤੀ ਵਿਚ ਫਸਿਆ ਸੰਸਦੀ ਖੱਬੇਪੱਖੀ ਆਪਣੀ ਜਨਧਾਰਾ ਗੁਆਉਂਦਾ ਗਿਆ, ਦੂਜੇ ਪਾਸੇ ਹਥਿਆਰਬੰਦ ਸੰਘਰਸ਼ ਦੀ ਰਾਹ 'ਤੇ ਚੱਲ ਰਹੀ ਮਾਓਵਾਦੀ ਲਹਿਰ ਰਾਜ ਦੀ ਭਾਰੀ ਦਮਨਕਾਰੀ ਮਸ਼ੀਨਰੀ ਅੱਗੇ ਘਿਰਦੀ ਗਈ। ਇਸ ਸਾਰੇ ਦੌਰਾਨ ਭਾਜਪਾ ਵਰਗੇ ਟੋਲਿਆਂ ਦੇ ਹਿੰਦੂਤਵ ਦੀ ਰਾਜਨੀਤੀ ਨੇ ਆਪਣੇ ਲਈ ਸਮਾਜਿਕ ਆਧਾਰ ਤਿਆਰ ਕਰ ਲਿਆ।

ਖੱਬੇ ਪੱਖ ਦੀ ਇੱਕ ਵੱਡੀ ਗਲਤੀ ਇਹ ਵੀ ਰਹੀ ਕਿ ਉਸਨੇ ਕਈ ਵਾਰ ਜਾਤ, ਧਰਮ ਅਤੇ ਸੱਭਿਆਚਾਰ ਦੇ ਪ੍ਰਸ਼ਨਾਂ ਨੂੰ 'ਦੂਸਰੇ ਦਰਜੇ' ਦੇ ਮੁੱਦੇ ਸਮਝਿਆ ਜਾਂ ਕੇਵਲ ਉਨ੍ਹਾਂ ਦਾ ਧਰਮ ਨੂੰ ਹੀ ਨਿਸ਼ਾਨਾ ਬਣਾਉਣ ਦਾ ਗਲਤ ਰਾਹ ਰਿਹਾ ਜਾਂ ਹੈ। ਪਰ ਭਾਰਤੀ ਸਮਾਜ ਵਿਚ ਵਰਗ ਅਤੇ ਜਾਤ ਇੱਕ-ਦੂਜੇ ਨਾਲ ਗਹਿਰਾਈ ਨਾਲ ਜੁੜੇ ਹੋਏ ਹਨ।



ਪੰਜਾਬ ਵਿਚ ਵੀ ਇਹ ਸੱਚਾਈ ਸਪਸ਼ਟ ਦਿਖਾਈ ਦਿੰਦੀ ਹੈ। ਪੰਜਾਬ ਨੂੰ ਅਕਸਰ ਸਿਰਫ਼ ਖੇਤੀਬਾੜੀ ਅਤੇ ਕਿਸਾਨ ਅੰਦੋਲਨਾਂ ਦੇ ਪ੍ਰਸੰਗ ਵਿਚ ਦੇਖਿਆ ਜਾਂਦਾ ਹੈ, ਪਰ ਇਸ ਰਾਜ ਦੇ ਅੰਦਰ ਵੀ ਜਾਤੀ ਅਸਮਾਨਤਾਵਾਂ, ਬੇਰੁਜ਼ਗਾਰੀ, ਨਸ਼ਿਆਂ ਦਾ ਸੰਕਟ, ਖੇਤੀ ਦੀ ਕਰਜ਼ਦਾਰੀ ਅਤੇ ਨੌਜਵਾਨਾਂ ਦੀ ਨਿਰਾਸ਼ਾ ਵਰਗੇ ਮੁੱਦੇ ਗੰਭੀਰ ਰੂਪ ਵਿਚ ਮੌਜੂਦ ਹਨ। ਇਨ੍ਹਾਂ ਮੁੱਦਿਆਂ ਦਾ ਹੱਲ ਸਿਰਫ਼ ਧਾਰਮਿਕ ਭਾਵਨਾਵਾਂ ਜਾਂ ਚੋਣੀ ਨਾਰਿਆਂ ਨਾਲ ਨਹੀਂ ਹੋ ਸਕਦਾ।

ਪੰਜਾਬ ਦੇ ਨੌਜਵਾਨਾਂ ਵਿਚ ਵਧ ਰਹੀ ਪਰਵਾਸ ਦੀ ਲਹਿਰ ਵੀ ਇਸ ਡੂੰਘੇ ਸਮਾਜਿਕ ਅਤੇ ਆਰਥਿਕ ਸੰਕਟ ਦੀ ਨਿਸ਼ਾਨੀ ਹੈ। ਇੱਕ ਸਮਾਂ ਸੀ, ਜਦੋਂ ਪੰਜਾਬ ਦਾ ਨੌਜਵਾਨ ਸੰਘਰਸ਼, ਖੇਤੀ ਅਤੇ ਸਮਾਜਕ ਤਬਦੀਲੀ ਦੀ ਗੱਲ ਕਰਦਾ ਸੀ, ਪਰ ਅੱਜ ਵੱਡੀ ਗਿਣਤੀ ਵਿੱਚ ਨੌਜਵਾਨ ਆਪਣੇ ਭਵਿੱਖ ਨੂੰ ਵਿਦੇਸ਼ਾਂ ਵਿਚ ਲੱਭਣ ਲਈ ਮਜਬੂਰ ਹੋ ਰਹੇ ਹਨ। ਇਹ ਸਿਰਫ਼ ਰੁਜ਼ਗਾਰ ਦਾ ਸਵਾਲ ਨਹੀਂ, ਸਗੋਂ ਉਸ ਭਰੋਸੇ ਦੇ ਟੁੱਟਣ ਦਾ ਸੰਕੇਤ ਹੈ ਜੋ ਕਿਸੇ ਸਮਾਜ ਦੇ ਨੌਜਵਾਨਾਂ ਨੂੰ ਆਪਣੇ ਹੀ ਦੇਸ਼ ਅਤੇ ਪ੍ਰਣਾਲੀ ਉੱਤੇ ਹੋਣਾ ਚਾਹੀਦਾ ਹੈ। ਜਦੋਂ ਨੌਜਵਾਨਾਂ ਦਾ ਵਿਸ਼ਵਾਸ ਟੁੱਟਣ ਲੱਗੇ ਤਾਂ ਲੋਕਤੰਤਰ ਦੀ ਜੜ੍ਹ ਵੀ ਕਮਜ਼ੋਰ ਹੋਣ ਲੱਗਦੀ ਹੈ।

ਪੰਜਾਬ ਦਾ ਇਤਿਹਾਸ ਵੀ ਇਸ ਸੰਦਰਭ ਵਿਚ ਮਹੱਤਵਪੂਰਨ ਹੈ। ਇਹ ਉਹ ਧਰਤੀ ਹੈ ਜਿੱਥੇ ਗਦਰ ਲਹਿਰ, ਕਿਰਤੀ ਕਿਸਾਨ ਅੰਦੋਲਨ ਅਤੇ ਨਕਸਲਬਾੜੀ ਤੋਂ ਪ੍ਰਭਾਵਿਤ ਇਨਕਲਾਬੀ ਰਾਜਨੀਤੀ ਨੇ ਵੱਡਾ ਅਸਰ ਛੱਡਿਆ। ਭਗਤ ਸਿੰਘ ਦੀ ਵਿਚਾਰਧਾਰਾ ਤੋਂ ਲੈ ਕੇ ਕਿਸਾਨ ਸੰਘਰਸ਼ਾਂ ਤੱਕ ਪੰਜਾਬ ਨੇ ਹਮੇਸ਼ਾਂ ਜਮਹੂਰੀ ਅਤੇ ਪ੍ਰਤੀਰੋਧੀ ਚੇਤਨਾ ਨੂੰ ਜਨਮ ਦਿੱਤਾ। ਭਗਤ ਸਿੰਘ ਦਾ ਨਾਂ ਅਕਸਰ ਸਿਰਫ਼ ਇੱਕ ਇਨਕਲਾਬੀ ਸ਼ਹੀਦ ਵਜੋਂ ਲਿਆ ਜਾਂਦਾ ਹੈ, ਪਰ ਅਸਲ ਵਿਚ ਉਹ ਗਹਿਰੇ ਰਾਜਨੀਤਿਕ ਚਿੰਤਕ ਵੀ ਸਨ। ਉਹ ਧਰਮ ਅਧਾਰਿਤ ਰਾਜਨੀਤੀ ਦੇ ਵਿਰੋਧੀ ਅਤੇ ਵਿਗਿਆਨਕ ਸੋਚ, ਧਰਮ ਨਿਰਪੱਖਤਾ ਅਤੇ ਸਮਾਜਕ ਇਨਸਾਫ਼ ਦੇ ਹਾਮੀ ਸਨ। 'ਮੈਂ ਨਾਸਤਿਕ ਕਿਉਂ ਹਾਂ' ਅਤੇ 'ਜਵਾਨ ਰਾਜਨੀਤਿਕ ਕਰਮਚਾਰੀਆਂ ਦੇ ਨਾਮ ਚਿੱਠੀ' ਵਰਗੇ ਲੇਖ ਦਰਸਾਉਂਦੇ ਹਨ ਕਿ ਉਹ ਸਿਰਫ਼ ਅੰਗਰੇਜ਼ੀ ਸਾਮਰਾਜਵਾਦ ਤੋਂ ਆਜ਼ਾਦੀ ਨਹੀਂ, ਸਗੋਂ ਮਨੁੱਖੀ ਚੇਤਨਾ ਦੀ ਮੁਕਤੀ ਦੀ ਵੀ ਗੱਲ ਕਰਦੇ ਸਨ। ਅੱਜ ਦੇ ਦੌਰ ਵਿੱਚ ਭਗਤ ਸਿੰਘ ਨੂੰ ਸਿਰਫ਼ ਭਾਵਨਾਤਮਕ ਪ੍ਰਤੀਕ ਬਣਾਉਣ ਦੀ ਬਜਾਏ ਉਨ੍ਹਾਂ ਦੀ ਤਰਕਸ਼ੀਲ ਅਤੇ ਜਮਹੂਰੀ ਸੋਚ ਨੂੰ ਸਮਝਣ ਦੀ ਵਧੇਰੇ ਲੋੜ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਪੰਜਾਬ ਦੀ ਰਾਜਨੀਤੀ ਵੀ ਹੌਲੀ-ਹੌਲੀ ਕਾਰਪੋਰੇਟ ਮੀਡੀਆ, ਧਾਰਮਿਕ ਧਰੁਵੀਕਰਨ ਅਤੇ ਚੋਣੀ ਧੰਧਰ ਦੀ ਸੰਕੁਚਿਤ ਸੋਚ ਦੇ ਘੇਰੇ ਵਿਚ ਫਸਦੀ ਜਾ ਰਹੀ ਹੈ। ਖੱਬੇ ਪੱਖ ਦੀ ਕਮਜ਼ੋਰੀ ਨੇ ਇੱਥੇ ਵੀ ਇੱਕ ਵੱਡਾ ਖਾਲੀਪਨ ਪੈਦਾ ਕੀਤਾ ਹੈ।

ਪੰਜਾਬ ਦਾ ਤਜਰਬਾ ਇਸ ਸੰਦਰਭ ਵਿਚ ਹੋਰ ਵੀ ਸੰਵੇਦਨਸ਼ੀਲ ਬਣ ਜਾਂਦਾ ਹੈ ਕਿਉਂਕਿ ਇਸ ਸੂਬੇ ਨੇ 1980 ਅਤੇ 1990 ਦੇ ਦਹਾਕੇ ਵਿਚ ਰਾਜ ਹਿੰਸਾ, ਧਾਰਮਿਕ ਧਰੁਵੀਕਰਨ ਅਤੇ ਅਤਿਵਾਦ (ਖਾੜਕੂਵਾਦ) ਦੇ ਖ਼ਤਰਨਾਕ ਦੌਰ ਨੂੰ ਆਪਣੇ ਸਰੀਰ ਉੱਤੇ ਹੰਢਾਇਆ ਹੈ। ਉਸ ਦੌਰ ਨੇ ਪੰਜਾਬ ਦੇ ਸਮਾਜਿਕ ਤਾਣੇ-ਬਾਣੇ, ਲੋਕਤੰਤਰਕ ਸੰਸਥਾਵਾਂ ਅਤੇ ਨੌਜਵਾਨ ਮਨੋਵਿਗਿਆਨ ਨੂੰ ਗਹਿਰਾ ਜ਼ਖ਼ਮ ਦਿੱਤਾ ਸੀ। ਇਸ ਲਈ ਪੰਜਾਬ ਦੇ ਲੋਕ ਹੋਰਾਂ ਨਾਲੋਂ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਨ ਕਿ ਜਦੋਂ ਧਰਮ ਅਤੇ ਰਾਜਨੀਤੀ ਦਾ ਗਠਜੋੜ ਹਿੰਸਕ ਰੂਪ ਧਾਰ ਲੈਂਦਾ ਹੈ ਤਾਂ ਸਮਾਜ ਵਿਚ ਡਰ, ਬੇਇਤਬਾਰੀ ਅਤੇ ਅਰਾਜਕਤਾ ਕਿਵੇਂ ਫੈਲਦੀ ਹੈ। ਅੱਜ ਜਦੋਂ ਭਾਰਤ ਵਿਚ ਫਿਰ ਇੱਕ ਵਾਰ ਧਾਰਮਿਕ ਧਰੁਵੀਕਰਨ ਦੀ ਰਾਜਨੀਤੀ ਉਭਰ ਰਹੀ ਹੈ ਤਾਂ ਪੰਜਾਬ ਦੇ ਇਤਿਹਾਸਕ ਤਜਰਬੇ ਤੋਂ ਸਿੱਖਣ ਦੀ ਲੋੜ ਹੈ, ਨਾ ਕਿ ਉਸਨੂੰ ਭੁੱਲ ਜਾਣ ਦੀ।

ਇਸ ਸਮੇਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਭਾਰਤ ਦੀਆਂ ਖੱਬੇ ਪੱਖੀ ਅਤੇ ਜਮਹੂਰੀ ਧਿਰਾਂ ਆਪਣੀ ਇਤਿਹਾਸਕ ਜ਼ਿੰਮੇਵਾਰੀ ਨੂੰ ਸਮਝਣਗੀਆਂ? ਕੀ ਉਹ ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਇੱਕ ਵਿਆਪਕ ਜਮਹੂਰੀ ਮੋਰਚਾ ਤਿਆਰ ਕਰ ਸਕਣਗੀਆਂ? ਇਹ ਸਿਰਫ਼ ਚੋਣੀ ਗਠਜੋੜ ਦਾ ਸਵਾਲ ਨਹੀਂ। ਇਹ ਇੱਕ ਵਿਸ਼ਾਲ ਸਮਾਜਕ ਅਤੇ ਵਿਚਾਰਧਾਰਾਤਮਕ ਸੰਘਰਸ਼ ਦਾ ਸਵਾਲ ਹੈ। ਜੇ ਫਾਸੀਵਾਦੀ ਰੁਝਾਨਾਂ ਦਾ ਮੁਕਾਬਲਾ ਕਰਨਾ ਹੈ ਤਾਂ ਇਸ ਲਈ ਸਿਰਫ਼ ਸੰਸਦ ਨਹੀਂ, ਸੜਕਾਂ, ਯੂਨੀਵਰਸਿਟੀਆਂ, ਮਜ਼ਦੂਰ ਯੂਨੀਅਨਾਂ, ਕਿਸਾਨ ਮੋਰਚਿਆਂ ਅਤੇ ਸੱਭਿਆਚਾਰਕ ਮੰਚਾਂ ਉੱਤੇ ਵੀ ਵੱਡਾ ਜਨਤਕ ਸੰਘਰਸ਼ ਖੜਾ ਕਰਨਾ ਪਵੇਗਾ।

ਹਾਲੀਆ ਕਿਸਾਨ ਅੰਦੋਲਨ ਨੇ ਇਹ ਸਾਬਤ ਕੀਤਾ ਸੀ ਕਿ ਜਦੋਂ ਲੋਕਤੰਤਰਿਕ ਅਤੇ ਜਨ ਅਧਾਰਿਤ ਲਹਿਰਾਂ ਇਕੱਠੀਆਂ ਹੁੰਦੀਆਂ ਹਨ ਤਾਂ ਸਭ ਤੋਂ ਮਜ਼ਬੂਤ ਸੱਤਾਵਾਂ ਨੂੰ ਵੀ ਪਿੱਛੇ ਹਟਣਾ ਪੈਂਦਾ ਹੈ। ਪੰਜਾਬ ਦੇ ਕਿਸਾਨਾਂ ਨੇ ਇਸ ਅੰਦੋਲਨ ਵਿਚ ਕੇਵਲ ਆਰਥਿਕ ਹੱਕਾਂ ਲਈ ਹੀ ਨਹੀਂ, ਸਗੋਂ ਸੰਘੀ ਢਾਂਚੇ, ਲੋਕਤੰਤਰਕ ਹੱਕਾਂ ਅਤੇ ਲੋਕ ਆਵਾਜ਼ ਦੀ ਇੱਜ਼ਤ ਲਈ ਵੀ ਲੜਾਈ ਲੜੀ ਸੀ। ਇਸ ਅੰਦੋਲਨ ਨੇ ਇਹ ਵੀ ਦਰਸਾਇਆ ਕਿ ਜੇ ਜਨਤਾ ਵਿਚਾਰਧਾਰਾਤਮਕ ਸਪਸ਼ਟਤਾ ਅਤੇ ਸੰਗਠਿਤ ਰੂਪ ਵਿਚ ਅੱਗੇ ਆਵੇ ਤਾਂ ਫਾਸੀਵਾਦੀ ਰੁਝਾਨਾਂ ਦਾ ਟਾਕਰਾ ਕੀਤਾ ਜਾ ਸਕਦਾ ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਕਿਸਾਨ ਅੰਦੋਲਨ ਨੇ 'ਰਾਸ਼ਟਰਵਾਦ' ਦੀ ਇੱਕ ਨਵੀਂ ਪਰਿਭਾਸ਼ਾ ਪੇਸ਼ ਕੀਤੀ—ਜੋ ਧਰਮ ਅਧਾਰਿਤ ਨਹੀਂ, ਸਗੋਂ ਸਾਂਝੀਵਾਲਤਾ ਅਤੇ ਰੁਜ਼ਗਾਰ ਅਧਾਰਿਤ ਸੀ। ਇਸ ਅੰਦੋਲਨ ਨੇ ਕਾਰਪੋਰੇਟ ਪੂੰਜੀਵਾਦ ਦੇ ਉਸ ਨੈਰੇਟਿਵ ਨੂੰ ਚੁਣੌਤੀ ਦਿੱਤੀ ਜੋ ਖੇਤੀ ਨੂੰ ਸਿਰਫ਼ ਮੁਨਾਫ਼ੇ ਦੀ ਮੰਡੀ ਵਜੋਂ ਦੇਖਦੀ ਹੈ। ਇਤਿਹਾਸਕਾਰ 'ਟਿਮੋਥੀ ਸਨਾਈਡਰ' (On Tyranny) ਮੁਤਾਬਕ, ਅਜਿਹੀਆਂ ਸਵੈ-ਸੰਗਠਿਤ ਜਨ-ਲਹਿਰਾਂ ਹੀ ਤਾਨਾਸ਼ਾਹੀ ਦਾ ਸਭ ਤੋਂ ਵੱਡਾ ਇਲਾਜ ਹਨ।

ਭਾਰਤ ਦੀ ਮੌਜੂਦਾ ਆਰਥਿਕ ਸਥਿਤੀ ਵੀ ਚਿੰਤਾਜਨਕ ਹੈ। ਨੌਜਵਾਨਾਂ ਵਿਚ ਬੇਰੁਜ਼ਗਾਰੀ ਵਧ ਰਹੀ ਹੈ, ਕਿਸਾਨ ਕਰਜ਼ੇ ਹੇਠ ਦਬੇ ਹੋਏ ਹਨ, ਛੋਟੇ ਉਦਯੋਗ ਤਬਾਹ ਹੋ ਰਹੇ ਹਨ ਅਤੇ ਸਿੱਖਿਆ-ਸਿਹਤ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਉਦਾਰੀਕਰਨ ਅਤੇ ਗਲੋਬਲਾਈਜੇਸ਼ਨ ਦੀਆਂ ਨੀਤੀਆਂ ਨੇ ਦੇਸ਼ ਵਿਚ ਇੱਕ ਨਵਾਂ ਕਾਰਪੋਰੇਟ ਵਰਗ ਤਿਆਰ ਕੀਤਾ ਹੈ ਜਿਸਦੇ ਹੱਥਾਂ ਵਿਚ ਅਸੀਮ ਧਨ ਅਤੇ ਪ੍ਰਭਾਵ ਇਕੱਠਾ ਹੋ ਗਿਆ ਹੈ। ਇਸਦੇ ਉਲਟ ਆਮ ਲੋਕਾਂ ਦੀ ਜ਼ਿੰਦਗੀ ਹੋਰ ਅਸੁਰੱਖਿਅਕ ਬਣਦੀ ਜਾ ਰਹੀ ਹੈ। ਅਜਿਹੇ ਦੌਰ ਵਿਚ ਧਾਰਮਿਕ ਰਾਸ਼ਟਰਵਾਦ ਲੋਕਾਂ ਦੇ ਅਸਲ ਗੁੱਸੇ ਨੂੰ ਭਟਕਾਉਣ ਦਾ ਸਾਧਨ ਬਣਦਾ ਹੈ।

ਭਾਰਤ ਦਾ ਸੰਵਿਧਾਨ ਬਹੁਵਾਦ, ਧਰਮ ਨਿਰਪੱਖਤਾ ਅਤੇ ਸਮਾਜਿਕ ਨਿਆਂ ਦੇ ਅਸੂਲਾਂ ਉੱਤੇ ਖੜਾ ਹੈ। ਜੇ ਇਹ ਮੂਲ ਕਮਜ਼ੋਰ ਹੁੰਦੇ ਹਨ ਤਾਂ ਇਸਦਾ ਅਸਰ ਸਿਰਫ਼ ਕਿਸੇ ਇੱਕ ਧਰਮ ਜਾਂ ਵਰਗ ਉੱਤੇ ਨਹੀਂ ਪਵੇਗਾ, ਸਗੋਂ ਪੂਰੇ ਦੇਸ਼ ਦੀ ਲੋਕਤੰਤਰਿਕ ਬਣਤਰ ਉੱਤੇ ਪਵੇਗਾ। ਇਸ ਲਈ ਅੱਜ ਦੀ ਲੜਾਈ ਸਿਰਫ਼ ਖੱਬੇ ਪੱਖ ਜਾਂ ਕਿਸੇ ਇੱਕ ਰਾਜਨੀਤਿਕ ਧਿਰ ਦੀ ਲੜਾਈ ਨਹੀਂ, ਸਗੋਂ ਭਾਰਤ ਦੇ ਲੋਕਤੰਤਰਕ ਭਵਿੱਖ ਦੀ ਲੜਾਈ ਹੈ।

ਖੱਬੇ ਪੱਖੀ ਪਾਰਟੀਆਂ ਅਤੇ ਇਨਕਲਾਬੀ ਜਥੇਬੰਦੀਆਂ ਲਈ ਸਮੇਂ ਦੀ ਸਭ ਤੋਂ ਵੱਡੀ ਮੰਗ ਇਹ ਹੈ ਕਿ ਉਹ ਲੋਕਾਂ ਦੇ ਅਸਲ ਮੁੱਦਿਆਂ ਨਾਲ ਦੁਬਾਰਾ ਜੁੜਨ। ਉਨ੍ਹਾਂ ਨੂੰ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਦਲਿਤਾਂ, ਘੱਟ ਸੰਖਿਅਕਾਂ ਅਤੇ ਨੌਜਵਾਨਾਂ ਦੇ ਸਾਂਝੇ ਹਿੱਤਾਂ ਉੱਤੇ ਇੱਕ ਵਿਸ਼ਾਲ ਜਨ ਅੰਦੋਲਨ ਖੜਾ ਕਰਨਾ ਪਵੇਗਾ। ਸਿਰਫ਼ ਪੁਰਾਣੇ ਨਾਰਿਆਂ ਜਾਂ ਸੰਕੁਚਿਤ ਗਰੁੱਪਵਾਦ ਨਾਲ ਅੱਜ ਦੀ ਲੜਾਈ ਨਹੀਂ ਲੜੀ ਜਾ ਸਕਦੀ।

ਇਤਿਹਾਸ ਦੇ ਕੁਝ ਪਲ ਅਜਿਹੇ ਹੁੰਦੇ ਹਨ ਜਿੱਥੇ ਚੁੱਪ ਰਹਿਣਾ ਵੀ ਇੱਕ ਰਾਜਨੀਤਿਕ ਕਿਰਿਆ ਬਣ ਜਾਂਦਾ ਹੈ। ਅੱਜ ਭਾਰਤ ਉਸੇ ਮੋੜ 'ਤੇ ਖੜਾ ਦਿਖਾਈ ਦਿੰਦਾ ਹੈ। ਜੇ ਜਮਹੂਰੀ ਅਤੇ ਇਨਕਲਾਬੀ ਤਾਕਤਾਂ ਨੇ ਸਮੇਂ ਦੀ ਨਜ਼ਾਕਤ ਨੂੰ ਨਾ ਪਛਾਣਿਆ ਤਾਂ ਭਵਿੱਖ ਵਿੱਚ ਹਾਲਾਤ ਹੋਰ ਵੀ ਖ਼ਤਰਨਾਕ ਹੋ ਸਕਦੇ ਹਨ। ਪਰ ਜੇ ਲੋਕਤੰਤਰਕ, ਧਰਮ ਨਿਰਪੱਖ ਅਤੇ ਪ੍ਰਗਤੀਸ਼ੀਲ ਧਿਰਾਂ ਇੱਕ ਸਾਂਝੀ ਰਾਜਨੀਤਿਕ ਅਤੇ ਸਮਾਜਕ ਦਿਸ਼ਾ ਤਿਆਰ ਕਰ ਲੈਂਦੀਆਂ ਹਨ ਤਾਂ ਅਜੇ ਵੀ ਭਾਰਤ ਦੀ ਜਮਹੂਰੀ ਰੂਹ ਨੂੰ ਬਚਾਇਆ ਜਾ ਸਕਦਾ ਹੈ।

ਇਤਿਹਾਸ ਇਹ ਵੀ ਦੱਸਦਾ ਹੈ ਕਿ ਫਾਸੀਵਾਦ ਕਦੇ ਇੱਕ ਦਿਨ ਵਿਚ ਨਹੀਂ ਆਉਂਦਾ। ਉਹ ਹੌਲੀ-ਹੌਲੀ ਲੋਕਾਂ ਦੀ ਚੇਤਨਾ, ਭਾਸ਼ਾ, ਸੱਭਿਆਚਾਰ ਅਤੇ ਸੰਸਥਾਵਾਂ ਨੂੰ ਬਦਲਦਾ ਹੈ। ਪਹਿਲਾਂ ਵਿਰੋਧੀ ਆਵਾਜ਼ਾਂ ਨੂੰ ਬਦਨਾਮ ਕੀਤਾ ਜਾਂਦਾ ਹੈ, ਫਿਰ ਡਰ ਪੈਦਾ ਕੀਤਾ ਜਾਂਦਾ ਹੈ ਅਤੇ ਆਖ਼ਿਰ ਵਿਚ ਲੋਕ ਅਸਹਿਮਤੀ ਨੂੰ ਹੀ 'ਰਾਸ਼ਟਰ ਵਿਰੋਧ' ਮੰਨਣ ਲੱਗ ਪੈਂਦੇ ਹਨ। ਇਸ ਲਈ ਖ਼ਤਰਾ ਸਿਰਫ਼ ਕਿਸੇ ਇੱਕ ਪਾਰਟੀ ਜਾਂ ਸਰਕਾਰ ਦਾ ਨਹੀਂ, ਸਗੋਂ ਉਸ ਮਨੋਵਿਰਤੀ ਦਾ ਹੈ ਜੋ ਲੋਕਤੰਤਰ ਦੀ ਥਾਂ ਅੰਧ ਭਗਤੀ ਨੂੰ ਸਥਾਪਿਤ ਕਰਨਾ ਚਾਹੁੰਦੀ ਹੈ।

ਅੱਜ ਲੋੜ ਸਿਰਫ਼ ਸਰਕਾਰ ਬਦਲਣ ਦੀ ਨਹੀਂ, ਸਗੋਂ ਰਾਜਨੀਤੀ ਦੀ ਦਿਸ਼ਾ ਬਦਲਣ ਦੀ ਹੈ। ਇਹ ਸਮਾਂ ਨਫ਼ਰਤ ਦੇ ਮੁਕਾਬਲੇ ਮਨੁੱਖਤਾ, ਫਿਰਕਾਪ੍ਰਸਤੀ ਦੇ ਮੁਕਾਬਲੇ ਬਹੁਵਾਦ ਅਤੇ ਕਾਰਪੋਰੇਟ ਚੜ੍ਹਤ (ਬਾਹੂਬਲ) ਦੇ ਮੁਕਾਬਲੇ ਲੋਕ ਅਧਿਕਾਰਾਂ ਦੀ ਰਾਜਨੀਤੀ ਖੜੀ ਕਰਨ ਦਾ ਸਮਾਂ ਹੈ।

---

*(ਪਿਛਲੇ ਸਫੇ ਦਾ ਬਾਕੀ)*

ਉਹਨੇ ਨਜ਼ਮ ਪੜ੍ਹੀ ਤੇ ਬੁੱਕਲ ਵਿਚ ਰੱਖ ਕੇ ਅੱਖਾਂ ਬੰਦ ਕਰ ਲਈਆਂ। ਰਾਤ ਫੁੱਲਾਂ ਦੀ ਚੰਦ-ਚਾਨਣੀ ਵਾਦੀ ਵਿਚ ਤ੍ਰੇਲੇ ਘਾਹ ਉੱਤੇ ਉਹਨੇ ਜੋ ਸਫਰ ਕੀਤਾ ਸੀ, ਉਹਨੂੰ ਮਨ ਹੀ ਮਨ ਦੁਹਰਾਉਣ ਲੱਗੀ। ਗਾਜ਼ੀਆਬਾਦ ਤੋਂ ਪਰਤਿਆ ਗੁਰਮੁਖ ਸਿੰਘ ਤਿਆਰ ਹੋ ਕੇ ਦੁਕਾਨ ਨੂੰ ਚਲਿਆ ਗਿਆ। ਬੱਚੇ ਦੂਜੇ ਕਮਰੇ ਵਿਚ ਆਪਣੇ ਰੁਝੇਵਿਆਂ ਵਿਚ ਮਸਤ ਹੋ ਗਏ। ਜਗਦੀਪ ਨੇ ਕਿਸੇ ਕੰਮ ਵਿਚ ਮਨ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਮਨ ਕਿਤੇ ਟਿਕ ਨਹੀਂ ਸੀ ਰਿਹਾ। ਉਹਦੀ ਜ਼ਿੰਦਗੀ ਦੇ ਨਵੇਂ ਮੋੜ ਨੇ ਅਣਚਾਹਿਆਂ ਵੀ ਉਹਦਾ ਧਿਆਨ ਹੁਣ ਤੱਕ ਦੇ ਸਫ਼ਰ ਵੱਲ ਮੋੜ ਦਿੱਤਾ ਜਿਸ ਉੱਤੇ ਝਾਤ ਪਾਉਣ ਤੋਂ ਉਹ ਤ੍ਰਹਿੰਦੀ ਸੀ। ਸਬੱਬ ਨਾਲ ਐਨ ਇਸ ਮੌਕੇ ਮੋਹਨ ਸਿੰਘ ਆ ਗਿਆ ਤਾਂ ਉਹਨੇ ਸ਼ੁਕਰ ਕੀਤਾ। ਭਾਵੇਂ ਉਹਨੇ ਆਪਣੀਆਂ ਝੱਲ-ਵਲੱਲੀਆਂ ਹੀ ਮਾਰਨੀਆਂ ਸਨ, ਜਗਦੀਪ ਦਾ ਧਿਆਨ ਤਾਂ ਉਧਰੋਂ ਹਟ ਕੇ ਹੋਰ ਪਾਸੇ ਹੋ ਹੀ ਜਾਵੇਗਾ। ਪਰ ਅੱਜ ਉਹ ਹਰ ਵਾਰ ਵਾਲਾ ਮੋਹਨ ਸਿੰਘ ਨਹੀਂ ਸੀ। ਉਹਨੇ ਮਠਿਆਈ ਭੇਟ ਕਰਨ ਦੀ ਥਾਂ, ਕੁਛ ਕਹੇ ਬਿਨਾਂ, ਮੇਜ਼ ਉੱਤੇ ਰੱਖੀ ਤੇ ਬਹੁਤੀ ਭੂਮਿਕਾ ਬੰਨ੍ਹੇ ਬਿਨਾਂ ਆਪਣਾ ਗਿਲਾ ਕਹਿ ਸੁਣਾਇਆ। ਉਸ ਦੇ ਕੰਨ ਪਤਾ ਨਹੀਂ ਕਿਸ ਨੇ ਭਰ ਦਿੱਤੇ ਸਨ ਕਿ ਉਸ ਵਾਲੀ ਥਾਂ ਸਾਹਿਰ ਨੇ ਮੱਲ ਲਈ ਹੈ। ਜਗਦੀਪ ਨੇ ਯਕੀਨ ਦੁਆਇਆ, 'ਮੋਹਨ, ਮੈਂ ਤੁਹਾਨੂੰ ਪਿਆਰ ਕਰਦੀ ਹਾਂ ਤੇ ਸਾਹਿਰ ਸਾਹਿਬ ਦਾ ਸਤਿਕਾਰ ਕਰਦੀ ਹਾਂ।' ਪਰ ਉਹ ਬੱਚਿਆਂ ਵਾਂਗ ਰੋਣ ਲੱਗਿਆ, 'ਜੇ ਤੁਸੀਂ ਪਿਆਰ ਦੀ ਜੀਵਨ-ਤੰਦ ਤੋੜ ਦਿੱਤੀ, ਮੈਂ ਇਕ ਪਲ ਵੀ ਜਿਉਂਦਾ ਨਹੀਂ ਰਹਿ ਸਕਣਾ!'

ਜਗਦੀਪ ਨੇ ਸਮਝਾਇਆ, ਪਿਆਰ ਤੇ ਸਤਿਕਾਰ ਦੇ ਇਹਨਾਂ ਦੋਵਾਂ ਰਿਸ਼ਤਿਆਂ ਵਿਚ ਕੋਈ ਟਕਰਾਉ ਨਹੀਂ। ਨਾਲੇ ਦਿਲ ਕੋਈ ਇਕ ਕਮਰੇ ਦਾ ਫ਼ਲੈਟ ਤਾਂ ਨਹੀਂ। ਪਰ ਅੱਜ ਉਹ ਭਰੋਸਾ ਨਹੀਂ ਸੀ ਕਰ ਰਿਹਾ ਤੇ ਇਸ ਨੂੰ ਲੇਖਕਾਂ ਵਾਲੀ ਲਫ਼ਜ਼ੀ ਚਲਾਕੀ ਆਖ ਰਿਹਾ ਸੀ। ਉਹਦਾ ਕਹਿਣਾ ਸੀ, ਕੀ ਪਤਾ ਸਾਹਿਰ ਲਈ ਇਹ ਅਖੌਤੀ ਸਤਿਕਾਰ ਕਦੋਂ ਇਕ ਪੁਲਾਂਘ ਹੋਰ ਭਰ ਕੇ ਪਿਆਰ ਵਿਚ ਬਦਲ ਜਾਵੇ!

ਐਨ ਇਸ ਮੌਕੇ ਪੁਨੀਤ ਦਵਾਈਆਂ ਵਾਲਾ ਡੱਬਾ ਲੈ ਕੇ ਆ ਗਈ, 'ਮੰਮੀ, ਮੰਮੀ, ਅੰਕਲ ਦਾ ਕੀ ਦੁਖਦਾ ਹੈ, ਇਹ ਰੋਈ ਜਾਂਦੇ ਨੇ। ਲਓ, ਇਹਨਾਂ ਨੂੰ ਦਵਾਈ ਦੇ ਦਿਉ।'

ਬੇਸਮਝ ਬਾਲੜੀ ਦੀ ਭੋਲੀ ਹਰਕਤ ਦੇਖ ਕੇ ਜਗਦੀਪ ਦਾ ਹਾਸਾ ਨਿਕਲ ਗਿਆ, 'ਬੇਟਾ, ਅੰਕਲ ਦੀ ਦਵਾ ਇਸ ਡੱਬੇ ਵਿਚ ਨਹੀਂ। ਇਹਨਾਂ ਬਿਚਾਰਿਆਂ ਦੇ ਦਿਮਾਗ਼ ਵਿਚ ਨੁਕਸ ਪੈ ਗਿਆ ਹੈ।'

ਬੱਚੀ ਦੀ ਹਾਜ਼ਰੀ ਵਿਚ ਮੋਹਨ ਸਿੰਘ ਸ਼ਰਮਿੰਦਾ ਹੋ ਗਿਆ। ਉਹ ਨਾ ਰੋਣ ਜੋਗਾ ਰਿਹਾ ਤੇ ਨਾ ਹੱਸ ਹੀ ਸਕਿਆ। ਜਗਦੀਪ ਕੋਲੋਂ ਪਰੇ ਨੂੰ ਸਰਕਿਆ ਤੇ ਪੁਨੀਤ ਦਾ ਸਿਰ ਪਲੋਸ ਕੇ ਕੱਚੀ ਜਿਹੀ ਹਾਸੀ ਹੱਸ ਪਿਆ।

# ਸੱਭਿਆਚਾਰਕ ਮੇਲਿਆਂ ਦਾ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ



ਪੰਜਾਬੀ ਸੱਭਿਆਚਾਰਕ ਮੇਲਿਆਂ ਦਾ ਬਾਬਾ ਬੋਹੜ, ਮੇਲਿਆਂ ਦਾ ਬਾਦਸ਼ਾਹ, ਕਲਾਕਾਰਾਂ ਨੂੰ ਉਤਸ਼ਾਹਤ ਕਰਨ ਵਾਲਾ ਆਦਿ ਕੀ ਤਸ਼ਬੀਹਾਂ ਨਾਲ ਜਾਣਿਆ ਜਾਂਦਾ ਹੈ ਜਗਦੇਵ ਸਿੰਘ ਜੱਸੋਵਾਲ। ਉਨ੍ਹਾਂ ਦਾ ਜਨਮ 30 ਅਪ੍ਰੈਲ 1935 ਨੂੰ ਪਿੰਡ ਜੱਸੋਵਾਲ ਜ਼ਿਲ੍ਹਾ ਲੁਧਿਆਣਾ

**ਕਰਨੈਲ ਸਿੰਘ ਐਮ.ਏ.**

ਵਿਖੇ ਹੋਇਆ। ਆਰੀਆ ਕਾਲਜ ਵਿਚ ਉਹ ਹਾਲੇ ਪੜ੍ਹ ਹੀ ਰਹੇ ਸਨ ਕਿ ਇਕ ਗੁਰਦੁਆਰੇ 'ਚ ਪੰਜਾਬੀ ਸੂਬੇ ਦੇ ਮੋਰਚੇ ਸਬੰਧੀ ਦੀਵਾਨ ਸੁਣਨ ਚਲੇ ਗਏ। ਉਨ੍ਹਾਂ ਨੂੰ ਦੀਵਾਨ 'ਚ ਸੁਣੇ ਵਿਚਾਰਾਂ ਨੇ ਏਨਾ ਪ੍ਰਭਾਵਿਤ ਕੀਤਾ ਕਿ ਉਹ ਮੋਰਚੇ ਦੇ ਜਥੇ ਨਾਲ ਜੇਲ੍ਹ ਜਾ ਪੁੱਜੇ। ਪੰਜਾਬੀ ਸੂਬੇ ਦੇ ਮੋਰਚੇ 'ਚ ਉਨ੍ਹਾਂ ਨੇ ਡੇਢ ਸਾਲ ਕੈਦ ਕੱਟੀ ਤੇ 5000 ਰੁਪਏ ਜੁਰਮਾਨਾ ਵੀ ਭਰਿਆ।



## ਪੰਜਾਬ 'ਚ ਮੇਲੇ ਲਾਉਣ ਦੀ ਕੀਤੀ ਸ਼ੁਰੂਆਤ

ਜੱਸੋਵਾਲ ਨੂੰ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਪੰਜਾਬ · ਸਪੋਰਟਸ ਯੂਥ ਭਲਾਈ ਕਲਚਰਲ ਬੋਰਡ ਦਾ ਮੁੱਖ ਸਲਾਹਕਾਰ ਚੁਣਿਆ ਗਿਆ। ਜੱਸੋਵਾਲ ਨੇ ਪੰਜਾਬ 'ਚ ਮੇਲੇ ਲਗਾਉਣੇ ਸ਼ੁਰੂ ਕੀਤੇ। ਉਨ੍ਹਾਂ ਦਾ ਕਹਿਣਾ ਸੀ ਕਿ ਮੇਲੇ ਲੋਕਾਂ ਨੂੰ ਜੋੜਦੇ ਹਨ, ਤੋੜਦੇ ਨਹੀਂ। 3 ਜੂਨ 1978 ਨੂੰ ਪ੍ਰੋ. ਮੋਹਨ ਸਿੰਘ ਦਾ ਦੇਹਾਂਤ ਹੋ ਗਿਆ। ਜੱਸੋਵਾਲ ਆਪਣੇ ਜਿਗਰੀ ਦੋਸਤ ਦੇ ਜਾਣ ਤੋਂ ਬਾਅਦ ਬਹੁਤ ਉਦਾਸ ਰਹਿਣ ਲੱਗਿਆ। ਇਕ ਦਿਨ ਉਸ ਨੇ ਆਪਣੇ ਘਰ ਲੇਖਕਾਂ, ਕਲਾਕਾਰਾਂ, ਸਾਹਿਤਕਾਰਾਂ ਦੀ ਮੀਟਿੰਗ ਬੁਲਾਈ, ਜਿਸ ਵਿਚ ਦੋ ਦਰਜਨ ਦੇ ਕਰੀਬ ਕਲਾਕਾਰਾਂ, ਲੇਖਕਾਂ, ਸਾਹਿਤਕਾਰਾਂ ਨੇ ਭਾਗ ਲਿਆ। ਇਸ ਵਿਚ ਪ੍ਰੋ. ਮੋਹਨ ਸਿੰਘ ਦੇ ਜਨਮ ਦਿਨ 'ਤੇ 20 ਅਕਤੂਬਰ ਨੂੰ ਮੇਲਾ ਲਗਾਉਣ ਦਾ ਮਤਾ ਪਾਸ ਕੀਤਾ ਗਿਆ।

ਪ੍ਰੋਫ਼ੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਸਥਾਪਤ ਕਰ ਕੇ 20 ਅਕਤੂਬਰ 1979 ਤੋਂ ਮੇਲਾ ਲਗਾਉਣਾ ਸ਼ੁਰੂ ਕੀਤਾ। ਉਨ੍ਹਾਂ ਲਗਾਤਾਰ 35 ਸਾਲ ਇਸ ਮੇਲੇ ਦੀ ਅਗਵਾਈ ਕੀਤੀ। ਉਨ੍ਹਾਂ ਇਹ ਮੇਲਾ ਸਿਰਫ਼ ਲੁਧਿਆਣੇ 'ਚ ਹੀ ਨਹੀਂ ਲਾਏ ਸਗੋਂ ਪੰਜਾਬ ਦੇ ਹਰ ਵੱਡੇ ਸ਼ਹਿਰ ਇੱਥੋਂ ਤੱਕ ਕਿ ਅਮਰੀਕਾ, ਕੈਨੇਡਾ ਤੱਕ ਵੀ ਲਿਜਾ ਕੇ ਪ੍ਰੋਫ਼ੈਸਰ ਮੋਹਨ ਸਿੰਘ ਨੂੰ ਜਿਊਂਦਾ ਰੱਖਿਆ। ਉਨ੍ਹਾਂ ਪ੍ਰੋਫ਼ੈਸਰ ਮੋਹਨ ਸਿੰਘ ਦਾ ਬੁੱਤ ਆਰਤੀ ਚੌਂਕ ਲੁਧਿਆਣਾ 'ਚ ਸਥਾਪਤ ਕਰਵਾਇਆ ਅਤੇ ਪਿੰਡ ਦਾਦ 'ਚ ਉਨ੍ਹਾਂ ਦੇ ਨਾਂ ਤੇ ਵਿਰਾਸਤ ਭਵਨ ਬਣਵਾਇਆ।

## ਦਰ ਤੋਂ ਕਦੀ ਕੋਈ ਖ਼ਾਲੀ ਨਹੀਂ ਸੀ ਮੁੜਿਆ

ਉਨ੍ਹਾਂ ਨੇ ਸੈਂਕੜੇ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਨੂੰ ਸਨਮਾਨਿਤ ਕੀਤਾ। ਚੋਟੀ ਦੇ ਗਾਇਕਾਂ ਤੋਂ ਲੈ ਕੇ ਭੰਡ, ਨਕਲੀਏ ਤੇ ਸਪੇਰੇ ਤੱਕ ਕੋਈ ਵੀ ਉਨ੍ਹਾਂ ਦੇ ਦਰ ਤੋਂ ਕਦੇ. ਖ਼ਾਲੀ ਨਹੀਂ ਸੀ ਮੁੜਿਆ। ਪ੍ਰੋਫ਼ੈਸਰ ਮੋਹਨ ਸਿੰਘ ਤੋਂ ਇਲਾਵਾ ਪ੍ਰਿੰਸੀਪਲ ਤਖ਼ਤ ਸਿੰਘ, ਗੁਰਨਾਮ ਸਿੰਘ ਤੀਰ, ਸੰਤ ਰਾਮ ਉਦਾਸੀ ਤੇ ਹੋਰ ਕਿੰਨੇ ਹੀ ਸਾਹਿਤਕਾਰਾਂ ਦਾ ਉਨ੍ਹਾਂ ਮਾਣ-ਸਨਮਾਨ ਕੀਤਾ ਅਤੇ ਦੁੱਖ ਦੀ ਘੜੀ 'ਚ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ। ਰਵਿੰਦਰ ਗਰੇਵਾਲ, ਚਰਨ ਸਿੰਘ ਆਲਮਗੀਰ, ਗੁਣਵੰਤ ਧੰਜਲ, ਰਾਮ ਸਰੂਪ ਰਾਜਸਥਾਨੀ, ਦਲਜੀਤ ਧੂੜਕੋਟੀਆ ਤੇ ਹੋਰ ਕਈ ਛੁਪੇ ਕਲਾਕਾਰਾਂ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਸਟੇਜਾਂ 'ਤੇ ਚੜ੍ਹਾਇਆ। ਇਹ ਸਭ ਕੁਝ ਕਰਨ ਕਰਕੇ ਹੀ ਜੱਸੋਵਾਲ ਦੀ ਸ਼ੋਭਾ ਘਰ-ਘਰ ਹੋਣ ਲੱਗ ਪਈ।

## ਕਈ ਸੰਸਥਾਵਾਂ ਦੇ ਲੰਬਾ, ਸਮਾਂ ਰਹੇ ਅਹੁਦੇਦਾਰ

ਉਹ ਪ੍ਰੋਫ਼ੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ, ਕਲਾ ਮੰਚ ਦੇ ਪ੍ਰਧਾਨ, ਇੰਟਰਨੈਸ਼ਨਲ ਚਿਲਡਰਨ ਸੈਂਟਰ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ, ਡਾ. ਐਮਐੱਸ ਰੰਧਾਵਾ ਫੋਕ ਆਰਟਸ ਕੌਂਸਲ ਦੇ ਸਰਪ੍ਰਸਤ, ਪੰਜਾਬੀ ਸੰਗੀਤ ਨਾਟਕ ਅਕਾਦਮੀ, ਪੰਜਾਬ ਆਰਟ ਕੌਂਸਲ, ਕਲਾ ਦਰਪਣ, ਨੈਸ਼ਨਲ ਪੀਸ ਕੌਂਸਲ, ਜਲੰਧਰ ਦੂਰਦਰਸ਼ਨ ਦੀ ਸੂਬਾ ਸਲਾਹਕਾਰ ਕੌਂਸਲ ਦੇ ਮੈਂਬਰ ਸਨ।

ਉਹ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਚੰਡੀਗੜ੍ਹ ਦੇ ਪੰਜ ਸਾਲ ਪ੍ਰਧਾਨ,ਪੰਜਾਬ ਸਟੇਟ ਯੂਥ ਵੈਲਫੇਅਰ ਬੋਰਡ ਦੇ ਸਲਾਹਕਾਰ, ਬਿਜਲੀ ਬੋਰਡ, ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਅਤੇ ਪੰਜਾਬੀ ਸੱਭਿਆਚਾਰ ਅਕਾਦਮੀ ਚੰਡੀਗੜ੍ਹ ਦੇ ਮੈਂਬਰ ਵੀ ਰਹੇ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਪੰਜਾਬੀ ਭਵਨ ਲੁਧਿਆਣਾ ਵਿਚ ਹੋਣ ਵਾਲੇ

**ਕਲਾ ਪਰਿਕਰਮਾ**

ਸਮਾਗਮਾਂ ਦੇ ਉਹ ਕੇਂਦਰ ਬਿੰਦੂ ਹੁੰਦੇ ਸਨ। ਜੱਸੋਵਾਲ ਪੰਜਾਬ ਵਿਧਾਨ ਸਭਾ ਦੇ ਮੈਂਬਰ, ਡੇਅਰੀ ਵਿਕਾਸ ਕਾਰਪੋਰੇਸ਼ਨ ਅਤੇ ਜੰਗਲਾਤ ਕਾਰਪੋਰੇਸ਼ਨ ਦੇ ਚੇਅਰਮੈਨ ਵੀ ਰਹੇ। ਉਹ ਗਿਆਨੀ ਜ਼ੈਲ ਸਿੰਘ ਦੇ ਵੀ 'ਬਹੁਤ ਨੇੜੇ ਰਹੇ। ਆਖ਼ਰ ਉਨ੍ਹਾਂ ਇਕ ਦਿਨ ਸਿਆਸਤ ਤੋਂ ਮੁੱਖ ਮੋੜ ਲਿਆ ਤੇ ਇਹ ਜਾਣ ਲਿਆ ਕਿ ਇਹ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ।

## ਸਮਾਗਮਾਂ ਦੀ ਜਿੰਦ-ਜਾਨ ਹੁੰਦੇ ਸਨ ਜੱਸੋਵਾਲ

ਉਨ੍ਹਾਂ ਸਿਆਸਤ ਛੱਡ ਕੇ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਦਾ ਲੁਧਿਆਣਾ ਵਾਲਾ ਘਰ (ਜੱਸੋਵਾਲ ਦਾ ਆਲ੍ਹਣਾ) ਦੇ ਦਰਵਾਜ਼ੇ ਸਿਆਸਤਦਾਨਾਂ, ਕਲਾਕਾਰਾਂ, ਸਾਹਿਤਕਾਰਾਂ, ਲੇਖਕਾਂ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਸਨ। ਜੱਸੋਵਾਲ ਖੇਡ ਮੇਲਿਆਂ, ਢਾਡੀ ਦਰਬਾਰਾਂ, ਦੰਗਲਾਂ, ਲੋਕ ਗਾਇਕਾਂ ਦੇ ਅਖਾੜਿਆਂ, ਨਾਟਕ ਮੇਲਿਆਂ, ਕਵੀ ਦਰਬਾਰਾਂ, ਕੈਸਿਟ ਰਿਲੀਜ਼ ਸਮਾਗਮਾਂ, ਸਾਹਿਤਕ ਗੋਸ਼ਟੀਆਂ, ਸਨਮਾਨ ਸਮਾਗਮਾਂ 'ਦੀ ਜਿੰਦ-ਜਾਨ ਹੁੰਦੇ ਸਨ। ਨਿੰਦਰ ਘੁਗਿਆਣਵੀ ਨੇ ਉਨ੍ਹਾਂ ਬਾਰੇ ਇਕ ਕਿਤਾਬ ਵੀ ਲਿਖੀ ਹੈ। ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ 79 ਸਾਲ 7 ਮਹੀਨੇ 22 ਦਿਨ ਉਮਰ ਬਤੀਤ ਕਰ ਕੇ 22 ਦਸੰਬਰ 2014 ਨੂੰ ਅਕਾਲ ਚਲਾਣਾ ਕਰ ਗਏ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਮਈ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-743



*ਗਰਦਨ ਹੈ ਅਕੜਾਈ ਕੁੱਝ ਤਾਂ ਹੋਵੇਗਾ,*
*ਕੁੱਕੜਾਂ ਦੀ ਅੜਬਾਈ ਕੁੱਝ ਤਾਂ ਹੋਵੇਗਾ।*
*ਦੋਵੇਂ ਸੀਲ ਨਸਲ ਦੇ ਗੁੱਸਾ ਹਟਦਾ ਨੀਂ,*
*ਹੋਣੀ ਹੈ ਅੱਜ ਲੜਾਈ ਕੁੱਝ ਤਾਂ ਹੋਵੇਗਾ ।*

## ਕੈਪਸ਼ਨ ਮੁਕਾਬਲਾ-741



ਜੰਗਬਾਜ਼ਾਂ ਨੇ ਕਿੰਨਾ ਕਹਿਰ ਕਮਾਇਆ ਹੈ,
ਵਕਤ ਦਾ ਚੱਕਾ ਪੁੱਠਾ ਆਣ ਘੁੰਮਾਇਆ ਹੈ।
ਚੁੱਲ੍ਹਿਓਂ ਗੈਸ ਪਰ ਗੈਸੋਂ ਚੁੱਲ੍ਹਾ ਆਇਆ ਹੈ,
ਤਾਹੀਂ ਮਾਈਆਂ ਹਾਰਾ ਨਵਾਂ ਬਣਾਇਆ ਹੈ।
***-ਸੇਵਾ ਸਿੰਘ 'ਨੂਰਪੁਰੀ'***

---

ਟੁੱਟੇ ਤੌੜੇ ਦਾ ਲੈ ਕੇ ਕਾਂਢਾ
ਗੁੰਨ੍ਹ ਕੇ ਮਿੱਟੀ ਕਰੀ ਤਿਆਰੀ।
ਪਹਿਲਾ ਵਾਰ ਜਦ ਆਠਰ ਜਾਵੇ
ਫਿਰ ਦੂਜੇ ਦੀ ਆਉਂਦੀ ਵਾਰੀ।
ਤੂੜੀ ਮਿੱਟੀ ਦਾ ਫੇਰ ਕੇ ਪੋਚਾ
ਚੱਕਵੇਂ-ਹਾਰੇ ਦੀ ਕਰੀ ਉਸਾਰੀ।
ਸਹੇਲੀ ਆ ਕੇ ਕੋਲ਼ ਬੈਠ ਗਈ
ਖੋਲ੍ਹ ਕੇ ਪੁਰਾਣੀ ਯਾਦ ਪਟਾਰੀ।
ਝੁਰੜੀਆਂ ਵਿਚੋਂ ਸਿਆਣਪ ਝਾਕੇ
ਪੋਟਿਆਂ ਦੀ ਹੈ ਛੋਹ ਨਿਆਰੀ।
***- ਜਗਮੀਤ ਸਿੰਘ ਪੰਧੇਰ***
***ਫੋਨ:+1 825 760 7222***

---

ਹਾਰਾ ਚੁੱਲ੍ਹਾ ਸਭ ਹੋਏ ਅਲੋਪ,
ਸੰਗ ਤੌੜੀ ਕਾੜ੍ਹਨੀ ਚਾਟੀ।
ਨਾ ਥਿਆਵੇ ਕਿਤੇ ਥਾਲ ਪਿੱਤਲੀ,
ਛੰਨਾ ਕੈਂਹ ਸੰਦਾ ਨਾ ਬਾਟੀ।

ਇਹ ਸ਼ਿੰਗਾਰ ਅਜਾਇਬ ਘਰਾਂ ਦੇ,
ਜਾਂ ਵਿਕਣ ਹੱਟੀ ਹੱਟੀ।
ਜਾਂ ਫੇਰ ਸਿਰਨਾਵਾਂ ਓਥੇ,
ਜਿੱਥੇ ਵਿਰਸਾ ਸਾਂਭਣ ਘੁਲਾਟੀ।
ਨਾ ਦੱਬਦਾ ਏ ਚੁੱਲ੍ਹੇ ਅੱਗ ਕੋਈ,
ਨਾ ਮੰਗਣ ਹੀ ਕੋਈ ਆਵੇ।
ਨਾ ਕੋਈ ਬੂਹਾ ਰਖ ਖੁੱਲ੍ਹਾ ਬੈਠੇ,
ਨਾ ਲੰਘਦਾ ਕੋਈ ਬੁਲਾਵੇ।
ਨਾ ਪਿੰਡ ਹੁਣ ਪਿੰਡ ਕਹਾਉਂਦਾ,
ਨਾ ਪੇਂਡੂ ਹੀ ਕੋਈ ਸਦਾਵੇ।
'ਨਾਕਾਮ' ਕਹੇ ਲੱਖ ਸ਼ਹਿਰ ਬਣਾਓ,
ਪਰ ਸ਼ਹਿਰ ਨਾ ਪਿੰਡ ਨੂੰ ਖਾਵੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1864 318 5500***

---

ਬਜ਼ੁਰਗਾਂ ਦਾ ਸਤਿਕਾਰ ਕਰੋ,
ਬਿਪਤਾ ਵਿਚ ਨਵੀਆਂ ਸਕੀਮਾਂ ਦੱਸਦੇ।
ਨਵੀਂ ਪੀੜ੍ਹੀ ਭਾਵੇਂ ਤੇਜ਼ ਹੈ,
ਪਰ ਔਖਤਾਂ ਵੇਲੇ ਫਸਦੇ।
ਬਜ਼ੁਰਗ ਮਾਤਾ ਨੇ ਮਿੱਟੀ ਵਾਲਾ ਚੁੱਲ੍ਹਾ,
ਭੋਜਨ ਦੇ ਜੁਗਾੜ ਵਾਸਤੇ ਲੱਭਿਆ।
ਸਾਰਾ ਪਰਿਵਾਰ ਸੰਤੁਸ਼ਟ ਹੋ ਕੇ ਰੱਜਿਆ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਖਾਣ ਪਕਾਉਣ ਦੀ ਸਿਰਦਰਦੀ
ਅਕਸਰ ਸੁਆਣੀ ਦੀ
ਗੈਸ ਆਵੇ ਜਾਂ ਨਾ ਆਵੇ
ਨਾ ਲੋੜ ਸਮਝਦਿਆਂ ਚੁੱਲ੍ਹੇ ਤੰਦੂਰ
ਜੋ ਰੱਖ ਦਿੱਤਾ ਸੀ ਪੜਛੱਤੀ 'ਤੇ
ਮਾਰ ਸਿਰਾਂ 'ਤੇ ਹੱਥ
ਦੋ ਮਾਈਆਂ ਜੁਗਤ ਲੜਾਈ
ਲੈ ਚੀਕਣੀ ਮਿੱਟੀ ਲਾ ਲਿਆ ਪੋਚਾ
ਖਾਓ,ਪਕਾਓ, ਦੇਸੀ ਪਕਵਾਨ।
ਜੇ ਭੁੱਖ ਸਤਾਊ ਕੋਈ ਹੀਲਾ ਵੀ ਬਣ ਜਾਊ
ਐਵੇਂ ਨਾ ਹੱਥ ਖੇੜੀ ਕਰੀ ਜਾਓ।
***-ਦਰਸ਼ਨ ਪਾਲ ਦੋਸਾਂਝ***

# ਇੱਕ ਖ਼ੂਬਸੂਰਤ ਇਤਿਹਾਸਕ ਪੁਸਤਕ ਹੈ – 'ਹਮ ਐਸੇ ਅਪਰਾਧੀ'

ਪੁਸਤਕ ਰਿਵਿਊ

'ਹਮ ਐਸੇ ਅਪਰਾਧੀ' ਇੱਕ ਖ਼ੂਬਸੂਰਤ ਇਤਿਹਾਸਕ ਪੁਸਤਕ ਹੈ। ਮਾਲਵੇ ਖੇਤਰ ਦਾ ਕਾਫ਼ੀ ਲੰਬਾ ਇਤਿਹਾਸ ਇਸ ਵਿਚ ਸਮੋਇਆ ਹੋਇਆ ਹੈ। ਇਹ ਪੁਸਤਕ ਅਜਮੇਰ ਸਿੰਘ ਦੀਵਾਨਾ ਦੀ ਕਈ ਦਹਾਕਿਆਂ ਦੀ ਮਿਹਨਤ ਦਾ ਸਿੱਟਾ ਹੈ।

ਨਾਵਲ ਸਾਹਿਤ ਦੀ ਇੱਕ ਅਜਿਹੀ ਵਿਧੀ ਹੈ, ਜਿਸ 'ਤੇ ਸੈਂਕੜੇ ਲੇਖਕਾਂ ਨੇ ਹੱਥ ਅਜ਼ਮਾਇਆ ਹੈ। ਪਰ ਇਤਿਹਾਸਕ ਨਾਵਲ ਦੇ ਕਲਮ ਚਲਾਉਣ ਵਾਲੇ ਸਾਹਿਤਕਾਰ ਗਿਣਤੀ ਦੇ ਹਨ। ਇਤਿਹਾਸਕ ਨਾਵਲ ਲਿਖਣਾ ਬਹੁਤ ਮੁਸਕਿਲ ਭਰਿਆ ਕਾਰਜ ਹੁੰਦਾ ਹੈ, ਕਿਉਂਕਿ ਉਸ ਵਿਚ ਸੱਚ ਤੋਂ ਦੂਰ ਨਹੀਂ ਜਾਇਆ ਜਾ ਸਕਦਾ, ਬਹੁਤੀ ਕਲਪਨਾ ਨਹੀਂ ਪਰੋਸੀ ਜਾ ਸਕਦੀ। ਬਜ਼ੁਰਗ ਲੇਖਕ ਅਜਮੇਰ ਸਿੰਘ ਦੀਵਾਨਾ ਨੇ ਭਾਵੇਂ ਕਹਾਣੀਆਂ ਦੀਆਂ ਪੁਸਤਕਾਂ ਵੀ ਸਾਹਿਤ ਦੀ ਝੋਲੀ ਪਾਈਆਂ ਹਨ, ਪਰ ਦਹਾਕਿਆਂ ਦੀ



**ਬਲਵਿੰਦਰ ਸਿੰਘ ਭੁੱਲਰ**
**ਫੋਨ: 098882-75913**

ਮਿਹਨਤ ਨਾਲ ਇਹ ਇਤਿਹਾਸਕ ਨਾਵਲ ਲਿਖ ਕੇ ਇਸ ਵਿਧਾ ਵਿਚ ਝੰਡਾ ਵੀ ਗੱਡਿਆ ਹੈ। ਇਸ ਨਾਵਲ 'ਚੋਂ ਸਪਸ਼ਟ ਹੁੰਦਾ ਹੈ ਕਿ ਰਾਜਿਆਂ-ਮਹਾਰਾਜਿਆਂ ਅਮੀਰਾਂ ਦੀਆਂ ਮਨਮਾਨੀਆਂ, ਔਰਤਾਂ ਤੇ ਅੱਤਿਆਚਾਰ ਤੇ ਬਲਾਤਕਾਰ, ਅੰਧ ਵਿਸ਼ਵਾਸ, ਗਰੀਬਾਂ ਕਿਰਤੀਆਂ ਨਾਲ ਧੱਕੇਸ਼ਾਹੀ, ਕਬਜਿਆਂ ਦੀ ਲੜਾਈ ਆਦਿ ਕੁਰੀਤੀਆਂ ਤੇ ਧੱਕੇ ਹਜ਼ਾਰਾਂ ਸਾਲਾਂ ਤੋਂ ਹੀ ਹੋ ਰਹੇ ਹਨ ਅਤੇ ਅਜੇ ਵੀ ਇਹ ਖਤਮ ਨਹੀਂ ਹੋਏ।

ਸਦੀਆਂ ਲੰਬੇ ਸਫ਼ਰ ਦੀ ਬਾਤ ਪਾਉਂਦੇ ਇਸ ਨਾਵਲ ਵਿਚ ਦੁਸ਼ਿਅੰਤ-ਸਕੁੰਤਲਾ ਦੇ ਵਿਆਹ, ਮਹਾਰਾਜਾ ਵਿੱਕਰਮਾਦਿੱਤ ਦੇ ਰਾਜ ਭਾਗ, ਰਾਜਾ ਸਲਵਾਨ ਦੀ ਕਾਰਜਸ਼ੈਲੀ, ਲੂਣਾਂ ਦੀ ਵਾਰਤਾ, ਨਾਥ ਯੋਗੀਆਂ ਦੀ ਜਾਣਕਾਰੀ, ਭੱਟੀਆਂ ਦੇ ਰਾਜ ਭਾਗ, ਬਠਿੰਡਾ ਦਾ ਕਿਲਾ ਉਸਾਰਨਾ ਤੇ ਇਸ ਨੂੰ ਰਾਜਧਾਨੀ ਬਣਾਉਣਾ, ਬਿਨੈਪਾਲ ਦਾ ਕਬਜਾ, ਸੁਰਖਪੀਰ ਦੀ ਯਾਦ, ਵੱਖ ਵੱਖ ਬਹਾਦਰਾਂ ਅਮੀਰਾਂ ਦੇ ਨਾਵਾਂ ਤੇ ਪਿੰਡ ਬੰਨ੍ਹਣੇ, ਭਾਰਤ ਪਾਕਿਸਤਾਨ ਦੀ ਵੰਡ ਦੇ ਸਮੇਂ ਦੀ ਕਤਲੋਗਾਰਦ, ਉਜਾੜੇ ਦਾ ਸੰਤਾਪ ਹੰਢਾਉਣ ਵਾਲਿਆਂ ਨੂੰ ਜਮੀਨਾਂ ਅਲਾਟ ਕਰਨ ਦੀ ਨੀਤੀ ਅਤੇ ਬੁਰੇ ਕੰਮਾਂ ਦੇ ਫਲ ਭੋਗਣ ਨੂੰ ਲੇਖਕ ਨੇ ਬਾਖ਼ੂਬੀ ਪੇਸ਼ ਕੀਤਾ ਹੈ।

ਜਮੁਨਾ ਤੇ ਸਤਿਲੁਜ ਦੇ ਵਿਚਕਾਰਲੇ ਲੱਖੀ ਜੰਗਲ ਆਦਿ ਇਲਾਕੇ ਦੀ ਭਰਪੂਰ ਜਾਣਕਾਰੀ ਦਿੰਦਿਆਂ ਲੇਖਕ ਲਿਖਦਾ ਹੈ ਕਿ ਇਸ ਖੇਤਰ ਵਿਚ ਬਣੇ ਇੱਕ ਛੱਪੜ ਵਿਚ ਨਹਾਉਣ ਲਈ ਪਰੀਆਂ ਆਪਣੇ ਮੋਢਿਆਂ 'ਤੇ ਗੁਬਾਰੇ ਬੰਨ੍ਹ ਕੇ ਆਉਂਦੀਆਂ ਸਨ, ਉਹ ਪੁਲਾੜੇ ਨਾਲ ਝੂਟਦੀਆਂ ਤੇ ਇਸਨਾਨ ਕਰਕੇ ਵਾਪਸ ਚਲੀਆਂ ਜਾਂਦੀਆਂ। ਇੱਕ ਦਿਨ ਉਨ੍ਹਾਂ ਨੂੰ ਵੇਖਣ ਲਈ ਰਾਜਕੁਮਾਰ ਚਹਿਲ ਲੁਕ ਕੇ ਬੈਠ ਗਿਆ, ਜਦ ਉਨ੍ਹਾਂ ਗੁਬਾਰੇ ਉਤਾਰ ਦਿੱਤੇ ਤੇ ਨਹਾਉਣ ਲੱਗੀਆਂ ਤਾਂ ਚਹਿਲ ਨੇ ਇੱਕ ਗੁਬਾਰਾ ਲੁਕੋ ਲਿਆ। ਪਰੀਆਂ ਪਰੇਸਾਨ ਹੋਈਆਂ, ਗੁਬਾਰੇ ਬਗੈਰ ਉਹ ਪਰੀ ਉੱਡ ਨਹੀਂ ਸਕਦੀ ਸੀ, ਦੂਜੀਆਂ ਪਰੀਆਂ ਉਸਨੂੰ ਜੰਗਲ ਵਿਚ ਲੁਕ ਜਾਣ ਦਾ ਕਹਿ ਕੇ ਚਲੀਆਂ ਗਈਆਂ ਕਿ ਦੁਬਾਰਾ ਵਾਧੂ ਗੁਬਾਰਾ ਲੈ ਕੇ ਆਉਣਗੀਆਂ। ਬਾਅਦ ਵਿਚ ਚਹਿਲ ਉਸ ਪਰੀ ਕੋਲ ਪਹੁੰਚ ਗਿਆ ਅਤੇ ਜਾਨਵਰਾਂ ਤੋਂ ਖਤਰਾ ਦੱਸ ਕੇ ਉਸਨੂੰ ਰਥ ਵਿਚ ਬੈਠਣ ਲਈ ਕਿਹਾ। ਉਹ ਡਰਦੀ ਹੋਈ ਬੈਠ ਗਈ ਤਾਂ ਚਹਿਲ ਉਸਨੂੰ ਮੌਜੋ ਪਿੰਡ ਲੈ ਆਇਆ। ਉਸ ਪਰੀ ਦਾ ਨਾਂ ਮੱਤੀ ਸੀ। ਉਹ ਚਹਿਲ ਨਾਲ ਮੌਜੋ ਰਹੀ, ਫੇਰ ਚਹਿਲ ਨੇ ਉਸ ਲਈ ਪਿੰਡੋਂ ਬਾਹਰ ਮਹਿਲ ਪੁਆ ਦਿੱਤਾ, ਇਸ ਤਰ੍ਹਾਂ ਮੱਤੀ ਪਿੰਡ ਬੱਝਿਆ। ਬਹਾਦਰ ਵੈਰਲੀ ਦਾ ਇੱਕ ਪੁੱਤਰ ਬਹੁਤ ਰਲੌਟੇ ਸੁਭਾਅ ਦਾ ਸੀ, ਉਸਦੇ ਨਾਂ ਤੇ ਰੱਲਾ ਬੱਝਿਆ। ਜੋਗਰਾਜ ਦੇ ਨਾਂ ਤੇ ਜੋਗਾ ਵਸਿਆ। ਇਸ ਇਲਾਕੇ ਵਿਚ ਇੱਕ ਨਾਥਾਂ ਦਾ ਅਖਾੜਾ ਸੀ, ਜਿੱਥੇ ਚਿਰੰਗੀ ਨਾਥ ਵਰਗੇ ਉੱਚ ਦਰਜੇ ਦੇ ਜੋਗੀ ਵੀ ਆਇਆ ਕਰਦੇ ਸਨ, ਇਨ੍ਹਾਂ ਨਾਥਾਂ-ਜੋਗੀਆਂ ਦੇ ਇਸ ਅਖਾੜੇ ਦਾ ਨਾਂ ਹੀ ਜੋਗੀ ਪੀਰ ਪਿਆ। ਇਸ ਤਰ੍ਹਾਂ ਇਸ ਨਾਵਲ 'ਚੋਂ ਮਾਲਵੇ ਦੇ ਲੱਖੀ ਜੰਗਲ ਇਲਾਕੇ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਇਲਾਕੇ ਦੇ ਦਰਿਆ ਘੱਗਰ ਬਾਰੇ ਲੇਖਕ ਲਿਖਦਾ ਹੈ ਕਿ ਇਸ ਖੇਤਰ ਵਿਚ ਬਾਘੜ ਨਾਂ ਦਾ ਇੱਕ ਜੰਗਲ ਸੀ। ਜਿਸ ਵਿਚ ਦੀ ਛੋਟਾ ਦਰਿਆ ਲੰਘਦਾ ਸੀ, ਜਿਸ ਦੀਆਂ ਧਰਾਵਾਂ ਘੱਗਰੇ ਦੀਆਂ ਕਲੀਆਂ ਵਾਂਗ ਖਿੰਡੀਆਂ ਹੋਣ ਸਦਕਾ ਇਸਦਾ ਨਾਂ ਘੱਗਰ ਪਿਆ।

ਰਾਣੀ ਇੱਛਰਾਂ ਬਾਰੇ ਇੱਕ ਖ਼ੂਬਸੂਰਤ ਯਾਦ ਪੇਸ਼ ਕੀਤੀ ਗਈ ਹੈ। ਜਦੋਂ ਰਾਜਾ ਸਲਵਾਨ ਤੇ ਰਾਜਾ ਬਿਕਰਮਾਜੀਤ ਦਰਮਿਆਨ ਯੁੱਧ ਦੇ ਹਾਲਾਤ ਬਣ ਗਏ ਤਾਂ ਰਾਜਾ ਸਲਵਾਨ ਸਾਹਮਣੇ ਵੱਡੀ ਫੌਜ ਵੇਖ ਕੇ ਡਰ ਗਿਆ। ਇਸ ਮੌਕੇ ਰਾਣੀ ਛਿਤਰ ਮਤੀ ਨੇ ਕਿਹਾ, 'ਹੇ ਸ਼ੱਕ ਪੁੱਤਰ! ਪ੍ਰਸ਼ਨ ਜਿੱਤ ਹਾਰ ਦਾ ਨਹੀਂ, ਕਸ਼ੱਤਰੀ ਧਰਮ ਪਾਲਣ ਦਾ ਹੈ। ਕਸ਼ੱਤਰੀ ਹਮੇਸ਼ਾਂ ਸੱਚ ਦੇ ਨਾਲ ਖੜ੍ਹਦਾ ਹੈ ਤੇ ਅਨਿਆਂ ਦਾ ਵਿਰੋਧ ਕਰਦਾ ਹੈ। ਸ਼ਕਤੀ ਤਾਂ ਕੌਰਵਾਂ ਕੋਲ ਵੀ ਸੀ, ਪਰ ਜਿੱਤ ਪਾਂਡਵਾਂ ਦੀ ਹੋਈ, ਕਿਉਂਕਿ ਉਨ੍ਹਾਂ ਪਾਸ ਸੱਚ ਸੀ। ਇਸ ਲਈ ਯੁੱਧ ਲੜਿਆ ਜਾਵੇ।' ਇਹ ਯੁੱਧ ਲੜਿਆ ਗਿਆ ਤੇ ਜਿੱਤ ਸਲਵਾਨ ਦੀ ਹੋਈ। ਸਿਆਲਕੋਟ ਵਿਚ ਇਸ ਜਿੱਤ ਦਾ ਜਸ਼ਨ ਮਨਾਇਆ ਤਾਂ ਸੰਬੋਧਨ ਕਰਦਿਆਂ ਸਲਵਾਨ ਨੇ ਕਿਹਾ, 'ਇਹ ਜਿੱਤ ਰਾਣੀ ਛਿਤਰ ਮਤੀ ਦੀ ਇੱਛਾ ਦੀ ਹੈ।' ਇੱਥੋਂ ਹੀ ਉਹ ਰਾਣੀ ਇੱਛਰਾਂ ਦੇ ਨਾਂ ਨਾਲ ਜਾਣੀ ਜਾਣ ਲੱਗੀ। ਬਾਅਦ ਵਿਚ ਰਾਜਾ ਸਲਵਾਨ ਨੇ ਲੂਣਾ ਦੇ ਕਹਿਣ 'ਤੇ ਰਾਣੀ ਇੱਛਰਾਂ ਦੇ ਪੁੱਤਰ ਪੂਰਨ ਨੂੰ ਵੱਢ ਕੇ ਖੂਹ ਵਿਚ ਸੁੱਟਣ ਦਾ ਹੁਕਮ ਦਿਤਾ ਤੇ ਰਾਣੀ ਇੱਛਰਾਂ ਵਿਯੋਗ ਵਿਚ ਅੰਨ੍ਹੀ ਹੋ ਗਈ। ਮਮਤਾ ਦੀ ਮਿਸ਼ਾਲ ਵੀ ਰਾਣੀ ਇੱਛਰਾਂ ਦੇ ਵਿਚਾਰਾਂ ਤੋਂ ਮਿਲਦੀ ਹੈ। ਜਦੋਂ ਦਾਸੀ ਨੇ ਅੱਖਾਂ ਦਾ ਇਲਾਜ ਕਰਾਉਣ ਲਈ ਕਿਹਾ ਤਾਂ ਉਸਨੇ ਅੱਗੋਂ ਜਵਾਬ ਦਿੱਤਾ, 'ਕੁੜੇ ਧੀਏ! ਹੁਣ ਇਨ੍ਹਾਂ ਅੱਖਾਂ ਨਾਲ ਵੇਖਣ ਵਾਲਾ ਕੀ ਰਹਿ ਗਿਆ ਹੈ, ਜਗਤ ਵਿਚ ਬਾਕੀ।'

ਇਹ ਬਹੁਤ ਹੀ ਖ਼ੂਬਸੂਰਤ ਇਤਿਹਾਸਕ ਨਾਵਲ ਹੈ, ਜੋ ਬਹੁਤ ਜਾਣਕਾਰੀ ਭਰਪੂਰ ਹੈ ਅਤੇ ਲੇਖਕ ਦੀ ਕਰੀਬ ਪੰਜਾਹ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ। ਲੇਖਕ ਨੇ ਨਾਵਲ ਵਿਚ ਮਲਵਈ ਪੇਂਡੂ ਸ਼ਬਦਾਂ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਹੈ ਜਿਵੇਂ ਡਰੂ ਵਿਰਤੀ, ਖਿੜਕ, ਝੀਂਡ, ਵਾਗਲ, ਝਾਫ਼ਾ, ਵਾਯੂ ਵਾਹਨ, ਟੋਹੂ ਦਸਤਾ, ਗੁੱਠੇ ਆਦਿ। ਇੱਥੇ ਇਹ ਵੀ ਵਰਣਨਯੋਗ ਹੈ ਕਿ ਪੰਜਾਬੀ ਦੇ ਅਸਲ ਸ਼ਬਦਾਂ ਦੀ ਵਰਤੋਂ ਹੈਰਾਨ ਕਰਨ ਵਾਲੀ ਹੈ, ਜਿਵੇਂ ਵਾਯੂ ਵਾਹਨ ਜੋ ਅਸਲ ਵਿਚ ਹਵਾਈ ਜਹਾਜ਼




ਮੰਨਿਆਂ ਜਾ ਸਕਦਾ ਹੈ ਜੋ ਹਵਾ ਵਿਚ ਉੱਡਦਾ ਸੀ। ਇਸੇ ਤਰ੍ਹਾਂ ਟੋਹੂ ਦਸਤਾ, ਜੋ ਅਸਲ ਵਿਚ ਸੀ ਆਈ ਡੀ ਵਿਭਾਗ ਦੀ ਤਰ੍ਹਾਂ ਸੀ, ਜਿਸਨੇ ਗੁਪਤ ਤੌਰ ਤੇ ਜਾਣਕਾਰੀ ਮੁਹੱਈਆ ਕਰਨੀ ਹੁੰਦੀ ਸੀ। ਨਾਵਲ ਪੜ੍ਹਣਯੋਗ ਤੇ ਸੰਭਾਲਣਯੋਗ ਹੈ। ਪੰਜਾਬੀ ਵਿਚ ਅਜਿਹੇ ਹੋਰ ਇਤਿਹਾਸਕ ਨਾਵਲ ਲਿਖੇ ਜਾਣੇ ਚਾਹੀਦੇ ਹਨ। ਇਹ ਪੁਸਤਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਛਾਪੀ ਗਈ ਹੈ, ਜਿਸਦੇ ਪੰਨੇ 388 ਹਨ ਅਤੇ ਕੀਮਤ 595 ਰੁਪਏ ਹੈ।

# ਸਿਆਸਤ ਵਿਚ ਜਵਾਬਦੇਹੀ, ਨੈਤਿਕਤਾ ਅਤੇ ਆਦਰਸ਼ਾਂ ਦਾ ਘਾਣ

ਅਸਲ ਵਿਚ ਨੈਤਿਕਤਾ ਅਤੇ ਆਦਰਸ਼ ਇਹੋ ਜਿਹੇ ਸ਼ਬਦ ਹਨ, ਜਿਨ੍ਹਾਂ ਨੂੰ ਨਿਭਾਉਣ ਲਈ ਜਵਾਬਦੇਹੀ ਦਾ ਡਰ ਹੋਣਾ ਬੇਹੱਦ ਜ਼ਰੂਰੀ ਹੈ, ਪਰ ਭਾਰਤੀ ਸਿਆਸਤਦਾਨਾਂ ਨੇ ਇਸ ਨੂੰ ਬਿਲਕੁਲ ਭੁਲਾ ਦਿੱਤਾ ਹੈ। ਕੀ ਅੱਜ ਜਵਾਬਦੇਹੀ, ਨੈਤਿਕਤਾ ਅਤੇ ਆਦਰਸ਼ਾਂ ਦੀ ਗੱਲ ਕਰਨ ਦਾ ਸਮਾਂ ਨਹੀਂ ਆ ਗਿਆ? ਇਨ੍ਹਾਂ ਤਿੰਨਾਂ ਕਦਰਾਂ-ਕੀਮਤਾਂ ਦਾ ਭੰਡਾਰ ਤਾਂ ਸੱਤਾ ਪੱਖ ਵੱਲੋਂ ਖ਼ਤਮ ਹੋਇਆ ਪ੍ਰਤੀਤ ਹੁੰਦਾ ਹੈ। ਇੱਕ ਨਹੀਂ ਬੋਲਿਆ, ਦੋ ਨਹੀਂ ਬੋਲੇ, ਤਿੰਨ ਨਹੀਂ ਬੋਲੇ...ਅਤੇ ਜੇਕਰ ਕੋਈ ਵੀ ਕੁਝ ਨਹੀਂ ਬੋਲੇਗਾ, ਤਾਂ ਫਿਰ ਹਾਕਮ ਧਿਰ ਦੀ ਤਾਂ ਕੋਈ ਗ਼ਲਤੀ ਹੀ ਨਜ਼ਰ ਨਹੀਂ ਆਵੇਗੀ।

ਜੇਕਰ ਅਸੀਂ ਸਹੀ ਹੋਣ ਦੇ ਬਹੁਮਤ ਵਾਲੀ ਦਲੀਲ ਨੂੰ ਮੰਨ ਵੀ ਲਈਏ, ਤਾਂ ਵੀ 'ਨੀਟ' ਦੇ ਇਮਤਿਹਾਨ ਵਿਚ ਜੋ ਧੋਖਾਧੜੀ ਹੋਈ ਹੈ, ਉਸ ਉੱਤੇ ਆਪਣੀ ਜ਼ਿੰਮੇਵਾਰੀ ਤੋਂ ਚੁੱਪ ਵੱਟ ਕੇ ਹਾਕਮ ਧਿਰ ਨੇ ਮਾਮਲਾ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦ



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਸਰਕਾਰ ਹਰ ਪਾਸੇ ਬਚਤ ਦੀ ਗੱਲ ਕਰਦੀ ਹੈ ਅਤੇ ਦੂਜੇ ਮੁਲਕਾਂ ਵਿਚ ਨੇਤਾਵਾਂ ਤੋਂ ਲੈ ਕੇ ਜੱਜਾਂ ਤੱਕ ਦੇ ਸਾਈਕਲ 'ਤੇ ਦਫ਼ਤਰ ਜਾਣ ਦੀਆਂ ਮਿਸਾਲਾਂ ਸੁਣੀਆਂ ਜਾਂਦੀਆਂ ਹਨ, ਉੱਥੇ ਸਾਡੇ ਦੇਸ਼ ਵਿਚ ਨੀਟ ਇਮਤਿਹਾਨ ਦੁਬਾਰਾ ਲਿਆ ਜਾ ਰਿਹਾ ਹੈ। ਇਸ ਦੁਬਾਰਾ ਹੋਣ ਵਾਲੇ ਇਮਤਿਹਾਨ ਵਿਚ ਲੱਗਣ ਵਾਲੇ ਅਰਬਾਂ-ਖਰਬਾਂ ਰੁਪਈਆਂ ਦਾ ਬੋਝ ਆਮ ਜਨਤਾ ਦੀ ਜੇਬ 'ਤੇ ਪਵੇਗਾ। ਇਹ ਸਿਰੇ ਦੀ ਉਸ ਮਹਿਕਮੇ ਦੀ ਨਾਕਾਮੀ ਨਹੀਂ ਹੈ, ਜਿਹੜਾ ਇਹ ਇਮਤਿਹਾਨ ਆਯੋਜਿਤ ਕਰਦਾ ਹੈ? ਪਰ ਉਸ ਵਿਭਾਗ ਦੇ ਮੰਤਰੀ ਦੇ ਮੂੰਹੋਂ ਅਸਤੀਫ਼ੇ ਦੀ ਗੱਲ ਨਿਕਲਣੀ ਤਾਂ ਦੂਰ, ਜ਼ਿੰਮੇਵਾਰੀ ਕਬੂਲਣ ਤੱਕ ਦੀ ਕਾਰਵਾਈ ਵੀ ਦੇਖਣ ਨੂੰ ਨਹੀਂ ਮਿਲੀ। ਕੀ ਇਹ ਗ਼ੈਰ-ਜ਼ੁੰਮੇਵਾਰੀ ਦੀ ਹੱਦ ਨਹੀਂ ਹੈ?

ਇਸ ਸਮੁੱਚੇ ਘਟਨਾਕ੍ਰਮ 'ਤੇ ਗੱਲ ਕਰਦਿਆਂ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਉਹ ਬੋਲ ਯਾਦ ਆਉਂਦੇ ਹਨ, ਜਿਨ੍ਹਾਂ ਕੁਝ ਸਮਾਂ ਪਹਿਲਾਂ ਆਖਿਆ ਸੀ- 'ਸਾਡੀ ਸਰਕਾਰ ਵਿਚ ਅਸਤੀਫ਼ੇ ਨਹੀਂ ਹੁੰਦੇ, ਇਹ ਯੂ.ਪੀ.ਏ. ਵਿਚ ਹੁੰਦਾ ਸੀ।' ਇਨ੍ਹਾਂ ਸ਼ਬਦਾਂ ਦਾ ਸਿੱਧਾ ਤੇ ਸਪਸ਼ਟ ਅਰਥ ਕੀ ਹੈ? ਕੀ ਇਹੋ ਕਿ ਸਾਡੀ ਸਰਕਾਰ ਵਿਚ ਕੋਈ ਜਵਾਬਦੇਹੀ, ਕੋਈ ਨੈਤਿਕਤਾ ਨਹੀਂ ਹੈ ਅਤੇ ਇਹ ਸਭ ਕਦਰਾਂ-ਕੀਮਤਾਂ ਸਿਰਫ਼ ਯੂ.ਪੀ.ਏ. ਸਰਕਾਰ ਦੇ ਹਿੱਸੇ ਹੀ ਆਈਆਂ ਸਨ? ਜਦਕਿ ਰਾਜਗ ਸਰਕਾਰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉੱਤੇ ਅਤੇ ਮੁਕਤ ਹੈ। ਕੀ ਅਸਲ ਵਿਚ ਇਹ ਸ਼ਬਦ ਮੌਜੂਦਾ ਸਰਕਾਰ ਦੇ ਕੰਮਕਾਜ ਵਿਚ ਪੱਥਰ 'ਤੇ ਲਕੀਰ ਵਾਂਗ ਸੱਚ ਸਾਬਤ ਹੁੰਦੇ ਦਿਖਾਈ ਨਹੀਂ ਦੇ ਰਹੇ? ਸਰਕਾਰ ਦੇ ਮੰਤਰੀ ਭਾਵੇਂ ਕਿੱਡੀ ਵੀ ਵੱਡੀ ਨਾਕਾਮੀ ਦੀ ਸਿਖ਼ਰ 'ਤੇ ਪਹੁੰਚ ਜਾਣ, ਨਾ ਤਾਂ ਉਨ੍ਹਾਂ ਤੋਂ ਕੋਈ ਸਵਾਲ ਪੁੱਛਿਆ ਜਾਵੇਗਾ ਅਤੇ ਨਾ ਹੀ ਉਹ ਕਿਸੇ ਨੂੰ ਜਵਾਬ ਦੇਣ ਦੇ ਪਾਬੰਦ ਹੋਣਗੇ। ਕੀ ਇਹ ਠੀਕ ਹੈ?

ਜ਼ਮੀਨੀ ਸੱਚਾਈ ਤਾਂ ਇਹ ਹੈ ਕਿ ਜਿਹੜਾ ਮੰਤਰੀ ਆਪਣੇ ਵਿਭਾਗ ਦੇ ਕੰਮਕਾਰ ਤੋਂ ਜਿੰਨਾ ਦੂਰ ਅਤੇ ਨਿਰਲੇਪ ਰਹਿੰਦਾ ਹੈ, ਉਨਾ ਹੀ ਉਸ ਦਾ ਸਿਆਸੀ ਭਵਿੱਖ ਵਧੇਰੇ ਸੁਰੱਖਿਅਤ ਰਹਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਵਿਭਾਗ ਚਲਾਉਣ ਦੀ ਅਸਲ ਜ਼ਿੰਮੇਵਾਰੀ ਸਿੱਧੀ 'ਪ੍ਰਧਾਨ ਮੰਤਰੀ ਦਫ਼ਤਰ' (ਪੀ.ਐੱਮ.ਓ.) ਦੀ ਹੈ, ਜੋ ਕਿਸੇ ਵੀ ਮੰਤਰੀ ਦੀ ਆਪਣੇ ਹੀ ਵਿਭਾਗ ਵਿਚ ਬਹੁਤੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦਾ। ਉਂਝ ਵੀ, ਜਦੋਂ ਦੇਸ਼ ਹਰ ਵੇਲੇ 'ਚੋਣ ਮੋਡ' ਵਿਚ ਰਹਿੰਦਾ ਹੈ, ਤਾਂ ਵਿਭਾਗਾਂ ਦੇ ਮੰਤਰੀਆਂ ਨੂੰ ਚੋਣਾਂ ਜਿੱਤਣ ਲਈ ਇੱਕ ਫ਼ੌਜੀ ਅਫ਼ਸਰ ਵਾਂਗ ਉਨ੍ਹਾਂ ਸੂਬਿਆਂ ਵਿਚ ਤੈਨਾਤ ਕਰ ਦਿੱਤਾ ਜਾਂਦਾ ਹੈ, ਜਿੱਥੇ ਚੋਣਾਂ ਦਾ ਐਲਾਨ ਹੁੰਦਾ ਹੈ। ਇਹ ਮੰਤਰੀ ਉਸ ਸੂਬੇ ਦੇ ਚੋਣ ਨਤੀਜਿਆਂ ਤੱਕ ਉੱਥੇ ਹੀ ਡਟੇ ਰਹਿੰਦੇ ਹਨ। ਹਾਂ, ਕਦੇ-ਕਦੇ ਉਹ ਦਿੱਲੀ ਦਾ ਇੱਕ 'ਪਹਿਲਵਾਨੀ ਗੇੜਾ' ਜ਼ਰੂਰ ਮਾਰਦੇ ਹਨ, ਤਾਂ ਜੋ ਗ਼ੈਰ-ਚੋਣਵੇਂ ਕੰਮ-ਕਾਜ ਵਿਚ ਹਾਜ਼ਰੀ ਲਵਾਈ ਜਾ ਸਕੇ ਜਾਂ ਫਿਰ ਮਜਬੂਰੀ ਵੱਸ ਪਾਰਲੀਮੈਂਟ ਦੇ ਇਜਲਾਸ ਵਿਚ ਕੁਝ ਸਮਾਂ ਗੁਜ਼ਾਰਿਆ ਜਾ ਸਕੇ।

ਇਤਿਹਾਸ ਦੇ ਪੰਨੇ ਫਰੋਲੀਏ, ਤਾਂ ਸਾਲ 2024 ਵਿਚ 'ਰਾਸ਼ਟਰੀ ਪ੍ਰੀਖਿਆ ਏਜੰਸੀ' (ਯੂਜੀ) ਨੇ 5 ਮਈ ਨੂੰ ਨੀਟ ਪ੍ਰੀਖਿਆ ਕਰਵਾਈ ਸੀ। ਪ੍ਰੀਖਿਆ ਖ਼ਤਮ ਹੋਣ ਦੇ ਕੁਝ ਘੰਟਿਆਂ ਅੰਦਰ ਹੀ ਪੇਪਰ ਲੀਕ ਹੋਣ ਦੀਆਂ ਖ਼ਬਰਾਂ ਸੋਸ਼ਲ ਮੀਡੀਆ 'ਤੇ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਖ਼ੁਲਾਸਾ ਹੋਇਆ ਕਿ ਇੱਕ-ਇੱਕ ਪੇਪਰ 30 ਤੋਂ 50 ਲੱਖ ਰੁਪਏ ਵਿਚ ਵੇਚਿਆ ਗਿਆ। ਨਤੀਜਾ ਇਹ ਨਿਕਲਿਆ ਕਿ ਵਿਦਿਆਰਥੀਆਂ ਨੇ ਅਸਾਧਾਰਨ ਤੌਰ 'ਤੇ 720 ਵਿਚੋਂ 720 ਪੂਰੇ ਅੰਕ ਪ੍ਰਾਪਤ ਕਰ ਲਏ। ਜਦੋਂ ਵਿਵਾਦ ਵਧਿਆ, ਤਾਂ ਸ਼ੱਕੀ ਵਿਦਿਆਰਥੀਆਂ ਦੀ ਮੁੜ-ਪ੍ਰੀਖਿਆ ਕਰਵਾਈ ਗਈ, ਜਿੱਥੇ ਕਈਆਂ ਦੇ ਅੰਕ 718 ਜਾਂ 719 ਆਏ, ਜੋ ਕਿ ਨੀਟ ਦੀ ਮਾਰਕਿੰਗ ਸਕੀਮ ਮੁਤਾਬਕ ਪੂਰੀ ਤਰ੍ਹਾਂ ਗ਼ੈਰ-ਵਿਵਹਾਰਕ ਅਤੇ ਅਸੰਭਵ ਸਨ। ਇਸ ਤੋਂ ਬਾਅਦ ਇਹ ਇਮਤਿਹਾਨ ਸਿਆਸੀ ਦੰਗਲ ਦਾ ਮੈਦਾਨ ਬਣ ਗਿਆ। ਮਾਮਲਾ ਸੁਪਰੀਮ ਕੋਰਟ ਪਹੁੰਚਿਆ, ਪਰ ਉਸ ਸਮੇਂ ਕੋਰਟ ਨੇ ਪੇਪਰ ਲੀਕ ਨੂੰ 'ਖੇਤਰੀ' ਮੰਨਦਿਆਂ ਪੂਰੇ ਦੇਸ਼ ਵਿਚ ਮੁੜ ਪ੍ਰੀਖਿਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ।

ਅਫ਼ਸੋਸ! ਦੋ ਸਾਲਾਂ ਬਾਅਦ, ਜਦੋਂ ਨੀਟ ਪ੍ਰੀਖਿਆ ਦੇ ਪੇਪਰ ਲੀਕ ਹੋਣ ਦੀ ਖ਼ਬਰ ਆਉਂਦੀ ਹੈ, ਤਾਂ ਪਤਾ ਲੱਗਦਾ ਹੈ ਕਿ ਇੱਕ ਆਮ ਅਧਿਆਪਕ ਪੁਲਿਸ ਤੱਕ ਪਹੁੰਚਦਾ ਹੈ, ਪਰ ਕਿਸੇ ਨੇ ਵੀ ਉਸ ਦੀ ਆਵਾਜ਼ ਨੂੰ ਗੰਭੀਰਤਾ ਨਾਲ ਨਹੀਂ ਲਿਆ। ਜਦੋਂ ਦੇਸ਼ ਭਰ ਵਿਚ ਹੰਗਾਮਾ ਮਚਿਆ, ਤਾਂ ਪ੍ਰੀਖਿਆ ਦੁਬਾਰਾ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ। ਇਹ ਕਿੰਨੀ ਨਮੋਸ਼ੀ ਅਤੇ ਸਿਤਮ ਦੀ ਗੱਲ ਹੈ ਕਿ ਜੋ ਲੀਕ ਦੋ ਸਾਲ ਪਹਿਲਾਂ 'ਖੇਤਰੀ' ਸੀ, ਉਹ ਅੱਜ ਪੂਰੇ ਰਾਸ਼ਟਰ ਵਿਚ ਕੋੜ੍ਹ ਵਾਂਗ ਫੈਲ ਚੁੱਕੀ ਹੈ, ਪਰ ਕਿਸੇ ਵੀ ਮੰਤਰੀ ਜਾਂ ਉੱਚ ਹਾਕਮ ਨੇ ਅਸਤੀਫ਼ਾ ਦੇਣਾ ਜਾਂ ਜ਼ਿੰਮੇਵਾਰੀ ਲੈਣਾ ਮੁਨਾਸਿਬ ਨਹੀਂ ਸਮਝਿਆ। ਕੀ ਇਹ ਨੈਤਿਕਤਾ ਹੈ?

ਦੇਸ਼ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ 2024 ਵਿਚ ਬਿਆਨ ਦਿੱਤਾ ਸੀ ਕਿ 'ਪੇਪਰ ਲੀਕ ਦਾ ਕੋਈ ਸਬੂਤ ਨਹੀਂ ਮਿਲਿਆ' ਅਤੇ ਇਸ ਨੂੰ ਵਿਰੋਧੀ ਧਿਰ ਦੀ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਭੜਕਾਇਆ ਜਾ ਰਿਹਾ ਹੈ। ਪਰ ਫਿਰ ਬਿਨਾਂ ਸਮਾਂ ਗੁਆਏ ਉਨ੍ਹਾਂ ਨੇ ਕੁਝ ਵਿਦਿਆਰਥੀਆਂ ਲਈ ਦੁਬਾਰਾ ਪ੍ਰੀਖਿਆ ਦਾ ਐਲਾਨ ਵੀ ਕਰ ਦਿੱਤਾ ਅਤੇ ਆਖਿਆ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਕੋਈ ਸਬੂਤ ਨਹੀਂ ਸੀ, ਤਾਂ ਪ੍ਰੀਖਿਆ ਦੁਬਾਰਾ ਕਿਉਂ ਹੋਈ? ਅਤੇ ਜੇ ਦੋਸ਼ੀ ਸਨ, ਤਾਂ ਉਨ੍ਹਾਂ ਨੂੰ ਉਦੋਂ ਕਿਉਂ ਬਖ਼ਸ਼ ਦਿੱਤਾ ਗਿਆ? ਕੀ ਗਾਰੰਟੀ ਹੈ ਕਿ ਇਸ ਦੌਰਾਨ ਪੇਪਰ ਲੀਕ ਦਾ ਇਹ ਗੋਰਖਧੰਦਾ ਬੰਦ ਰਿਹਾ ਹੋਵੇਗਾ?

ਇੰਨੇ ਵੱਡੇ ਮਸਲੇ 'ਤੇ ਹਾਕਮਾਂ ਦੀ ਇਹ ਗੂੜ੍ਹੀ ਚੁੱਪੀ ਬੇਹੱਦ ਰੜਕਦੀ ਹੈ। ਅੱਜ ਹਰ ਆਮ ਆਦਮੀ ਇੰਟਰਨੈੱਟ ਰਾਹੀਂ ਸੱਤਾ ਅਤੇ 'ਰਾਸ਼ਟਰੀ ਪ੍ਰੀਖਿਆ ਏਜੰਸੀ'(ਐੱਨ.ਟੀ.ਏ) ਦੇ ਵਜੂਦ 'ਤੇ ਸਵਾਲ ਚੁੱਕ ਰਿਹਾ ਹੈ। ਇਹ ਗੰਭੀਰ ਦੋਸ਼ ਲਾਏ ਜਾ ਰਹੇ ਹਨ ਕਿ ਇਸ ਪੂਰੇ ਖੇਡ ਵਿਚ ਵੱਡੇ-ਵੱਡੇ ਕੋਚਿੰਗ ਇੰਸਟੀਚਿਊਟਾਂ ਅਤੇ ਮਾਫ਼ੀਆ ਦਾ ਹੱਥ ਹੈ। ਕਿਸੇ ਵੀ ਦੇਸ਼ ਦੀ ਹਕੂਮਤ ਲਈ ਇਸ ਤੋਂ ਵੱਡੀ ਨਾਕਾਮੀ ਹੋਰ ਕੀ ਹੋ ਸਕਦੀ ਹੈ ਕਿ ਉਹ ਆਪਣੇ ਮੁਲਕ ਦੀਆਂ ਰਾਸ਼ਟਰੀ ਸੰਸਥਾਵਾਂ ਦੀ ਪਵਿੱਤਰਤਾ ਅਤੇ ਲੱਖਾਂ ਬੱਚਿਆਂ ਦੇ ਭਵਿੱਖ ਦੀ ਰੱਖਿਆ ਕਰਨ ਵਿਚ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ। ਕਿਸੇ ਵੀ ਦੇਸ਼ ਦੀ ਸਾਖ ਅਤੇ ਮਜ਼ਬੂਤੀ ਲਈ ਉਸ ਦੀਆਂ ਰਾਸ਼ਟਰੀ ਸੰਸਥਾਵਾਂ ਦਾ ਨਿਰਪੱਖ ਹੋਣਾ ਬੇਹੱਦ ਜ਼ਰੂਰੀ ਹੈ। ਪਰ ਅਫ਼ਸੋਸ ਕਿ 2024 ਤੋਂ ਪ੍ਰੀਖਿਆ ਦੀ ਪਵਿੱਤਰਤਾ ਲਗਾਤਾਰ ਭੰਗ ਹੋਣ ਤੋਂ ਬਾਅਦ ਵੀ, ਇਸ ਪ੍ਰਣਾਲੀ ਨਾਲ ਜੁੜੇ ਮੁੱਖ ਜ਼ਿੰਮੇਵਾਰਾਂ ਨੂੰ ਹਮੇਸ਼ਾਂ 'ਪਵਿੱਤਰ' (ਪਾਕ-ਸਾਫ਼) ਹੀ ਮੰਨਿਆ ਗਿਆ। ਕਿਸੇ ਵੀ ਵੱਡੇ ਅਹੁਦੇਦਾਰ 'ਤੇ ਕੋਈ ਸਖ਼ਤ ਕਾਰਵਾਈ ਨਹੀਂ ਹੋਈ। ਇਸੇ ਨਾਕਾਮੀ ਦਾ ਨਤੀਜਾ ਹੈ ਕਿ ਅੱਜ ਲੱਖਾਂ ਹੋਣਹਾਰ ਵਿਦਿਆਰਥੀ ਰੋਂਦੇ ਹੋਏ ਇਹ ਸਵਾਲ ਕਰ ਰਹੇ ਹਨ ਕਿ ਆਖ਼ਰ ਉਨ੍ਹਾਂ ਦਾ ਕਸੂਰ ਕੀ ਹੈ? ਸ਼ਾਇਦ ਉਨ੍ਹਾਂ ਦਾ ਕਸੂਰ ਸਿਰਫ਼ ਇਹੀ ਹੈ ਕਿ ਉਨ੍ਹਾਂ ਵਿਚੋਂ ਕਿਸੇ ਇੱਕ ਨੇ ਇੰਨੇ ਵੱਡੇ ਭ੍ਰਿਸ਼ਟਾਚਾਰ ਨੂੰ ਹਿੰਮਤ ਕਰਕੇ ਲੋਕਾਂ ਸਾਹਮਣੇ ਲਿਆਂਦਾ। ਇਹੋ ਜਿਹੇ ਹਾਲਾਤ ਨੂੰ ਦੇਖ ਕੇ ਡਰ ਲੱਗਦਾ ਹੈ ਕਿ ਸਾਨੂੰ ਹਾਲੇ ਉਨੇ ਕੁ ਹੀ ਭ੍ਰਿਸ਼ਟਾਚਾਰ ਦਾ ਪਤਾ ਹੈ ਜਿੰਨਾ ਕੁ ਸਾਹਮਣੇ ਆਇਆ ਹੈ, ਨਾ ਜਾਣੇ ਪਰਦੇ ਪਿੱਛੇ ਅਸਲੀ ਹਾਲਾਤ ਕਿੰਨੇ ਡਰਾਉਣੇ ਹੋਣਗੇ। ਸਿਤਮ ਦੇਖੋ ਦੇਸ਼ ਦੇ 551 ਸ਼ਹਿਰਾਂ ਅਤੇ ਵਿਦੇਸ਼ਾਂ ਦੇ 14 ਕੇਂਦਰਾਂ ਵਿਚ ਹੋਈ ਇਸ ਪ੍ਰਵੇਸ਼ ਪ੍ਰੀਖਿਆ ਬਾਰੇ ਇਹ ਦੋਸ਼ ਸਹੀ ਸਾਬਤ ਹੋ ਚੁੱਕਾ ਹੈ ਕਿ ਜੋ ਪ੍ਰਸ਼ਨ-ਪੱਤਰ ਲੀਕ ਹੋਏ, ਹੂ-ਬਹੂ ਉਹੀ ਪ੍ਰੀਖਿਆ ਵਿਚ ਪਾਏ ਗਏ।

ਨੈਤਿਕਤਾ, ਆਦਰਸ਼ ਅਤੇ ਜਵਾਬਦੇਹੀ ਦੀ ਬਾਤ ਇਕੱਲੀ 'ਨੀਟ' ਦੀ ਪ੍ਰੀਖਿਆ ਤੱਕ ਹੀ ਸੀਮਤ ਨਹੀਂ ਹੈ। ਇਹ ਨੈਤਿਕਤਾ ਅਤੇ ਜਵਾਬਦੇਹੀ ਦਾ ਸਵਾਲ ਸਿੱਧਾ ਦੇਸ਼ ਦੇ ਸਭ ਤੋਂ ਵੱਡੇ ਹਾਕਮ ਦੇ ਕਿਰਦਾਰ ਤੱਕ ਪੁੱਜਦਾ ਹੈ। ਉਹ ਹਾਕਮ, ਜਿਹੜਾ ਆਮ ਲੋਕਾਂ ਨੂੰ ਵਿਦੇਸ਼ ਯਾਤਰਾਵਾਂ ਨਾ ਕਰਨ ਦੀ ਸਲਾਹ ਦਿੰਦਾ ਹੈ ਅਤੇ ਪੈਟਰੋਲ ਦੀ ਬਚਤ ਕਰਨ ਦੇ ਉਪਦੇਸ਼ ਦਿੰਦਾ ਹੈ, ਉਹ ਖ਼ੁਦ ਪੰਜ-ਪੰਜ ਦੇਸ਼ਾਂ ਦੀਆਂ ਯਾਤਰਾਵਾਂ 'ਤੇ ਨਿਕਲ ਜਾਂਦਾ ਹੈ। ਸਰਕਾਰੀ ਖ਼ਰਚਿਆਂ ਦੀ ਹੱਦ ਵੇਖੋ ਕਿ ਕਿਸੇ ਪ੍ਰੋਜੈਕਟ ਦਾ ਉਦਘਾਟਨ ਕਰਨ ਜਾਂ ਸੌਂਹ ਚੁੱਕ ਸਮਾਗਮਾਂ ਲਈ ਲਗਭਗ ਹਰ ਦੂਜੇ ਦਿਨ ਦੇਸ਼ ਦੇ ਕਿਸੇ ਨਾ ਕਿਸੇ ਕੋਨੇ ਲਈ ਹਵਾਈ ਉਡਾਨਾਂ ਭਰੀਆਂ ਜਾਂਦੀਆਂ ਹਨ।


ਨੈਤਿਕ ਕਦਰਾਂ-ਕੀਮਤਾਂ ਨੂੰ ਲਤਾੜਨ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਪ੍ਰਧਾਨ ਮੰਤਰੀ ਦੇਸ਼ ਦੇ ਗ਼ਰੀਬ ਕਿਸਾਨਾਂ ਨੂੰ ਵਿਦੇਸ਼ਾਂ ਤੋਂ ਆਉਣ ਵਾਲੀ ਕੀਮਤੀ ਖਾਦ ਦੀ ਵਰਤੋਂ ਛੱਡ ਕੇ, ਪੁਰਾਣੇ ਤਰੀਕਿਆਂ ਨਾਲ ਖੇਤੀ ਕਰਨ ਦਾ ਮਸ਼ਵਰਾ ਦਿੰਦੇ ਹਨ। ਸ਼ਾਇਦ ਪ੍ਰਧਾਨ ਮੰਤਰੀ ਉਹ ਦੌਰ ਭੁੱਲ ਗਏ ਹਨ ਜਦੋਂ ਦੇਸ਼ ਵਿਚ ਅਨਾਜ ਦੀ ਭਾਰੀ ਕਮੀ ਸੀ ਅਤੇ ਸਾਨੂੰ ਪੇਟ ਭਰਨ ਲਈ ਸਮੁੰਦਰ ਦੇ ਰਸਤੇ ਵਿਦੇਸ਼ਾਂ (ਖ਼ਾਸ ਕਰਕੇ ਅਮਰੀਕਾ) ਤੋਂ ਕਣਕ ਤੇ ਚੌਲ ਮੰਗਵਾਉਣੇ ਪੈਂਦੇ ਸਨ। ਕੀ ਪ੍ਰਧਾਨ ਮੰਤਰੀ ਦੇਸ਼ ਨੂੰ ਮੁੜ ਉਸੇ ਪਰਨਿਰਭਰਤਾ ਅਤੇ ਸੰਕਟ ਦੇ ਦੌਰ ਵਿਚ ਲੈ ਕੇ ਜਾਣ ਦੇ ਚਾਹਵਾਨ ਹਨ?

ਪ੍ਰਧਾਨ ਮੰਤਰੀ ਲੋਕਾਂ ਨੂੰ ਤਾਂ ਵੱਡੇ-ਵੱਡੇ ਉਪਦੇਸ਼ ਦਿੰਦੇ ਹਨ, ਪਰ ਕੀ ਉਹ ਖ਼ੁਦ ਇਸ ਸੰਕਟ ਦੀ ਘੜੀ ਵਿਚ ਨੈਤਿਕ ਹੌਸਲਾ ਦਿਖਾਉਂਦੇ ਹੋਏ ਆਪਣੇ ਮੰਤਰੀਆਂ-ਸੰਤਰੀਆਂ ਨੂੰ ਵੀ ਵੀ.ਆਈ.ਪੀ. ਕਲਚਰ ਛੱਡ ਕੇ ਆਮ ਲੋਕਾਂ ਵਾਂਗ ਰਹਿਣ ਦੀ ਪ੍ਰੇਰਨਾ ਨਹੀਂ ਦੇ ਸਕਦੇ? ਕੀ ਉਹ ਨੇਤਾਵਾਂ ਨੂੰ ਲਗਜ਼ਰੀ ਕੋਠੀਆਂ ਅਤੇ ਵੱਡੀਆਂ ਗੱਡੀਆਂ ਦੇ ਕਾਫ਼ਲਿਆਂ ਦੀ ਆਦਤ ਛੱਡਣ ਲਈ ਨਹੀਂ ਕਹਿ ਸਕਦੇ? ਯਾਦ ਰੱਖਣਾ ਚਾਹੀਦਾ ਹੈ ਕਿ ਪੱਛਮੀ ਅਤੇ ਵਿਕਸਿਤ ਦੇਸ਼ਾਂ ਵਿਚ ਪ੍ਰਧਾਨ ਮੰਤਰੀ ਅਜਿਹੇ ਸ਼ਾਹੀ ਕਾਫ਼ਲਿਆਂ ਦੀ ਵਰਤੋਂ ਨਹੀਂ ਕਰਦੇ। ਉੱਥੋਂ ਦੇ ਸਿਆਸਤਦਾਨ ਅਕਸਰ ਮੈਟਰੋ ਵਿਚ ਸਫ਼ਰ ਕਰਦੇ ਹਨ, ਆਪਣਾ ਬਾਲਣ, ਗੈਸ ਅਤੇ ਬਿਜਲੀ ਖ਼ੁਦ ਬਚਾਉਂਦੇ ਹਨ ਅਤੇ ਜਨਤਾ ਦੇ ਪੈਸੇ ਦੀ ਜਵਾਬਦੇਹੀ ਤੈਅ ਕਰਦੇ ਹਨ।

ਜਦੋਂ ਤੱਕ ਦੇਸ਼ ਦੇ ਹਾਕਮ ਆਪਣੀ ਕਥਨੀ ਅਤੇ ਕਰਨੀ ਦੇ ਇਸ ਪਾੜੇ ਨੂੰ ਖ਼ਤਮ ਨਹੀਂ ਕਰਦੇ, ਉਦੋਂ ਤੱਕ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰਨਾ ਬੇਮਾਅਨਾ ਹੈ। ਜੇਕਰ ਦੇਸ਼ ਦੇ ਲੱਖਾਂ ਨੌਜਵਾਨਾਂ ਦਾ ਭਵਿੱਖ ਪੇਪਰ ਲੀਕ ਮਾਫ਼ੀਆ ਦੇ ਹੱਥਾਂ ਵਿਚ ਸੁਰੱਖਿਅਤ ਨਹੀਂ ਹੈ, ਅਤੇ ਸਰਕਾਰ ਜ਼ਿੰਮੇਵਾਰੀ ਲੈਣ ਦੀ ਬਜਾਏ ਚੁੱਪੀ ਧਾਰੀ ਬੈਠੀ ਹੈ, ਤਾਂ 'ਆਦਰਸ਼' ਅਤੇ 'ਨੈਤਿਕਤਾ' ਸਿਰਫ਼ ਭਾਸ਼ਣਾਂ ਦੇ ਸ਼ਬਦ ਬਣ ਕੇ ਰਹਿ ਜਾਣਗੇ। ਜਵਾਬਦੇਹੀ ਦਾ ਡਰ ਸਿਰਫ਼ ਕਾਨੂੰਨ ਨਾਲ ਨਹੀਂ, ਬਲਕਿ ਸੱਤਾ ਦੇ ਸਿਖ਼ਰ 'ਤੇ ਬੈਠੇ ਲੋਕਾਂ ਦੇ ਆਪਣੇ ਆਚਰਣ ਤੋਂ ਸ਼ੁਰੂ ਹੋਣਾ ਚਾਹੀਦਾ ਹੈ। ਜੇਕਰ ਅੱਜ ਵੀ ਅਸੀਂ ਸਵਾਲ ਨਾ ਪੁੱਛੇ, ਤਾਂ ਇਹ ਸਿਸਟਮ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਭਵਿੱਖ ਇੰਝ ਹੀ ਦਾਅ 'ਤੇ ਲਾਉਂਦਾ ਰਹੇਗਾ।

# ਬਾਪ ਦਾ ਕੋਲਾਜ ਅਤੇ ਮਨ

ਅਸੀਂ ਆਪਣੇ ਰਿਸ਼ਤਿਆਂ ਵਿਚੋਂ ਮਾਂ ਬਾਰੇ ਬਹੁਤ ਸੋਚਦੇ ਹਾਂ ਤੇ ਮਾਂ ਬਾਰੇ ਹੀ ਗੱਲਾਂ ਕਰਦੇ ਰਹਿੰਦੇ ਹਾਂ। ਵੱਡੇ-ਛੋਟੇ ਲੇਖਕਾਂ ਨੇ ਵੀ ਮਾਂ ਦੇ ਰਿਸ਼ਤੇ ਬਾਰੇ ਬਹੁਤ ਕੁਝ ਲਿਖਿਆ ਹੈ। ਹੈਰਾਨੀ ਦੀ ਗੱਲ ਹੈ ਕਿ ਬਾਪ ਬਾਰੇ ਏਨਾ ਜ਼ਿਆਦਾ ਲਿਖਿਆ ਨਹੀਂ ਮਿਲਦਾ। ਕਿਤੇ ਕਿਤੇ ਮਾਪਿਆਂ ਬਾਰੇ ਸਾਂਝੇ ਤੌਰ 'ਤੇ ਤਾਂ ਕੁਝ ਹੈ। ਮੇਰੀ ਜਾਣਕਾਰੀ ਵਿਚ ਪਿਉ ਬਾਰੇ ਸਿਰਫ ਰਾਜਿੰਦਰ ਸਿੰਘ ਬੇਦੀ ਨੇ ਕਹਾਣੀ ਲਿਖੀ ਹੈ: 'ਇਕ ਪਿਉ ਵਿਕਾਊ ਹੈ।' ਕਹਾਣੀ ਅਨੁਸਾਰ ਕਿਸੇ ਦਾ ਪਿਉ ਬਿਮਾਰ ਰਹਿੰਦਾ ਹੈ ਤੇ ਉਹ ਆਪਣੇ ਪਿਉ ਤੋਂ ਤੰਗ ਆ ਚੁੱਕਾ ਹੈ। ਪਿਉ ਸ਼ਾਇਦ ਮਾਂ ਨਾਲੋਂ ਉਮਰ ਵਿਚ ਵੱਡੇ ਹੁੰਦੇ ਹਨ ਤੇ ਛੇਤੀ ਬਿਮਾਰ ਰਹਿਣ ਲੱਗ ਪੈਂਦੇ ਹਨ। ਵੈਸੇ ਵੀ ਪਿਉ ਅਕਸਰ ਵਧੇਰੇ ਕੁਪੱਤੇ ਹੁੰਦੇ ਹਨ। ਇਸ ਲਈ ਲੋਕ ਆਪਣੀ ਮਾਂ ਤੋਂ ਨਹੀਂ ਅੱਕਦੇ, ਪਿਉ ਤੋਂ ਅੱਕ ਜਾਂਦੇ ਹਨ। ਬੇਦੀ ਦੀ ਕਹਾਣੀ ਅਨੁਸਾਰ ਮੁੰਡਾ ਆਪਣੇ ਪਿਉ ਤੋਂ ਮੁਕਤ ਹੋਣ ਲਈ ਉਸ ਬਾਰੇ ਅਖਬਾਰ ਵਿਚ ਇਸ਼ਤਿਹਾਰ ਦਿੰਦਾ ਹੈ: ਇਕ ਪਿਉ ਵਿਕਾਊ ਹੈ। ਲੋਕ ਇਸ਼ਤਿਹਾਰ ਪੜ੍ਹ



**ਅਵਤਾਰ ਸਿੰਘ (ਪ੍ਰੋ.)**
ਫੋਨ: +91-94175-18384

ਕੇ ਹੱਸਦੇ ਹਨ ਕਿ ਵਿਆਹ ਸ਼ਾਦੀ ਦੇ ਇਸ਼ਤਿਹਾਰ ਤਾਂ ਹੋਏ ਜਾਂ ਜ਼ਮੀਨ ਜਾਇਦਾਦ ਤੇ ਘਰ-ਘਾਟ ਵੇਚਣ ਦੀ ਗੱਲ ਵੀ ਸਮਝ ਆਉਂਦੀ ਹੈ। ਪਰ ਇਹ ਪਿਉ ਵਿਕਾਊ ਦੀ ਗੱਲ ਸਮਝ ਦੇ ਬਾਹਰ ਹੈ। ਲੋਕ ਇਹ ਵੀ ਸੋਚਦੇ ਕਿ ਚਲੋ ਕਿਸੇ ਦਾ ਦਿਮਾਗ ਫਿਰ ਗਿਆ ਤੇ ਉਸਨੇ ਆਪਣੇ ਪਿਉ ਬਾਰੇ ਇਸ਼ਤਿਹਾਰ ਦੇ ਦਿਤਾ ਤਾਂ ਹੁਣ ਏਨਾ ਦਿਮਾਗ ਕਿਹਦਾ ਖਰਾਬ ਹੋਵੇਗਾ ਜੋ ਕਿਸੇ ਦੇ ਪਿਉ ਨੂੰ ਖਰੀਦੇਗਾ।

ਸਾਡੇ ਸਮਾਜ ਵਿਚ ਕਾਸੇ ਦੀ ਕਮੀ ਨਹੀਂ ਹੈ। ਹਰ ਤਰ੍ਹਾਂ ਦੇ ਲੋਕ ਮਿਲ ਜਾਂਦੇ ਹਨ। ਕੰਜੂਸ ਵੀ, ਦਾਨੀ ਵੀ, ਜਾਲਮ ਵੀ, ਦਿਆਲੂ ਵੀ, ਗਰੀਬ ਵੀ, ਅਮੀਰ ਵੀ, ਮੂਰਖ ਵੀ ਤੇ ਸਿਆਣੇ ਵੀ। ਹਰ ਤਰ੍ਹਾਂ ਦਾ ਸੌਦਾ ਮੌਜੂਦ ਹੈ। ਇਸ ਲਈ ਇਕ ਬੰਦਾ ਇਸ਼ਤਿਹਾਰ ਪੜ੍ਹ ਕੇ ਦਿਤੇ ਪਤੇ 'ਤੇ ਜਾ ਕੇ ਉਸ ਪਿਉ ਨੂੰ ਖਰੀਦ ਲਿਆਉਂਦਾ ਹੈ। ਲੋਕ ਉਸਨੂੰ ਪੁੱਛਦੇ ਹਨ ਕਿ ਬਿਮਾਰ ਬੁੱਢੇ ਦਾ ਉਸਨੇ ਕੀ ਕਰਨਾ ਸੀ, ਜੋ ਖਰੀਦ ਕੇ ਲੈ ਆਇਆ ਹੈ। ਉਹ ਬੰਦਾ ਸਾਰਿਆਂ ਨੂੰ ਦੱਸਦਾ ਹੈ ਕਿ ਲੋਕ ਮੇਰਾ ਸਤਿਕਾਰ ਕਰਦੇ ਹਨ ਤੇ ਮੈਨੂੰ ਮੱਥਾ ਟੇਕਦੇ ਹਨ। ਮੇਰਾ ਵੀ ਜੀ ਕਰਦਾ ਹੈ ਕਿ ਮੈਂ ਕਿਸੇ ਦਾ ਸਤਿਕਾਰ ਕਰਾਂ ਤੇ ਕਿਸੇ ਨੂੰ ਮੱਥਾ ਟੇਕਾਂ। ਇਹ ਕਹਾਣੀ ਆਪਣੇ ਵਿਸ਼ੇ ਵਜੋਂ ਹੀ ਰਾਜਿੰਦਰ ਸਿੰਘ ਬੇਦੀ ਨੂੰ ਵਿਸ਼ਵ ਵਿਚ ਨਿਵੇਕਲਾ ਦਰਜਾ ਦੇਣ ਵਾਲੀ ਹੈ। ਇਸ ਕਹਾਣੀ ਵਿਚ ਕਹਾਣੀ ਕਿੰਨੀ ਹੈ, ਉਹਦੇ ਬਾਰੇ ਮੱਤਭੇਦ ਹੋ ਸਕਦੇ ਹਨ, ਪਰ ਕਹਾਣੀ ਕਲਾ ਪੱਖੋਂ ਉਹ ਬਿਹਤਰੀਨ ਕਹਾਣੀ ਹੈ।

ਮੈਂ ਰਾਜਿੰਦਰ ਸਿੰਘ ਬੇਦੀ ਦੀ ਕਹਾਣੀ ਕਲਾ ਬਾਰੇ ਗੱਲ ਨਹੀਂ ਕਰਨੀ। ਮੇਰਾ ਮਤਲਬ ਤਾਂ ਏਨਾ ਹੈ ਕਿ ਪਿਉ ਦੀ ਅਹਿਮੀਅਤ ਕਦੇ ਕਿਸੇ ਨੇ ਇਸਤਰ੍ਹਾਂ ਨਹੀਂ ਸਮਝਾਈ, ਜਿਸਤਰ੍ਹਾਂ ਰਾਜਿੰਦਰ ਸਿੰਘ ਬੇਦੀ ਦੇ ਹਿੱਸੇ ਆਈ।

ਬੇਸ਼ਕ ਮੇਰਾ ਹਿਸਾਬ ਇਸਤਰ੍ਹਾਂ ਦਾ ਨਹੀਂ ਹੈ ਕਿ ਲੋਕ ਮੇਰਾ ਸਤਿਕਾਰ ਕਰਦੇ ਹਨ ਤੇ ਮੈਨੂੰ ਮੱਥਾ ਟੇਕਦੇ ਹਨ। ਪਰ ਮੇਰੇ ਦਿਲ ਵਿਚ ਕੁਝ ਵਿਦਵਾਨਾਂ ਦਾ ਬੇਹਦ ਸਤਿਕਾਰ ਹੈ। ਇਨ੍ਹਾਂ ਵਿਚ ਕਈ ਮੇਰੇ ਬਾਪ ਦੀ ਉਮਰ ਦੇ ਹਨ, ਕੁਝ ਮੇਰੇ ਹਮ-ਉਮਰ ਤੇ ਕੁਝ ਮੇਰੇ ਬੱਚਿਆਂ ਦੀ ਉਮਰ ਦੇ ਵੀ ਹਨ। ਮੈਂ ਇਨ੍ਹਾਂ ਸਾਰਿਆਂ ਦਾ ਹੀ ਸਤਿਕਾਰ ਕਰਦਾ ਹਾਂ। ਹੁਣ ਤਾਂ ਮੇਰੇ ਬੱਚੇ ਵੀ ਬੜੀਆਂ ਸਿਆਣੀਆਂ ਗੱਲਾਂ ਕਰਨ ਲਗ ਪਏ ਹਨ ਤੇ ਮੈਂ ਉਨ੍ਹਾਂ ਦਾ ਵੀ ਸਤਿਕਾਰ ਕਰਨਾ ਸ਼ੁਰੂ ਕਰ ਦਿਤਾ ਹੈ। ਬੇਸ਼ਕ ਮੈਂ ਲਾਡ ਦਾ ਅਧਿਕਾਰ ਵੀ ਰੱਖਿਆ ਹੋਇਆ ਹੈ। ਮੇਰੇ ਸਤਿਕਾਰ ਵਾਲੇ ਰਿਸ਼ਤਿਆਂ ਵਿਚ ਮੇਰੇ ਦੋਸਤਾਂ ਦੇ ਬੱਚੇ ਵੀ ਸ਼ਾਮਲ ਹਨ ਤੇ ਮੇਰੇ ਦੋਸਤ ਤਾਂ ਹਨ ਹੀ।

ਜਿਹੜੇ ਸਿਆਣਿਆਂ ਨੂੰ ਮੈਂ ਆਪਣੇ ਪਿਉ ਵਾਲਾ ਸਤਿਕਾਰ ਦਿਤਾ ਤੇ ਦੇ ਰਿਹਾ ਹਾਂ, ਉਨ੍ਹਾਂ ਵਿਚ ਮੇਰੇ ਅਧਿਆਪਕ ਡਾ ਸੱਚਰ ਸਨ ਤੇ ਦੂਜੇ ਡਾ ਮੋਹਨ ਸਿੰਘ ਦੀਵਾਨਾ ਦੇ ਬੇਟੇ ਪ੍ਰੋ. ਜੇ ਪੀ ਐੱਸ ਉਬਰਾਇ। ਇਨ੍ਹਾਂ ਪ੍ਰਤੀ ਮੇਰਾ ਸਤਿਕਾਰ ਤਾਂ ਸੀ ਹੀ। ਪਰ ਇਹ ਵੀ ਮੈਨੂੰ ਪਿਆਰ ਕਰਦੇ ਸਨ। ਡਾ ਸੱਚਰ ਦੇ ਪਿਆਰ ਦਾ ਇਕ ਸਬੂਤ ਦੇਣਾ ਹੋਵੇ ਤਾਂ ਇਹ ਦਿੱਤਾ ਜਾ ਸਕਦਾ ਹੈ ਕਿ ਇਕ ਵਾਰੀ ਰੋਪੜ ਤੋਂ ਅੱਗੇ ਸਰਹਿੰਦ ਨਹਿਰ 'ਤੇ ਬਣੇ ਪੁਲ ਉਤੋਂ ਚੰਡੀਗੜ੍ਹ ਜਾਣ ਵਾਲੀ ਬੱਸ ਨਹਿਰ ਵਿਚ ਡਿਗ ਪਈ। ਡਾ. ਸੱਚਰ ਨੇ ਮੈਨੂੰ ਫੋਨ ਕਰ ਕੇ ਪੁੱਛਿਆ ਕਿ ਮੈਂ ਘਰੇ ਹੀ ਹਾਂ। ਕਿਉਂਕਿ ਮੈਂ ਅਕਸਰ ਚੰਡੀਗੜ੍ਹ ਜਾਂਦਾ ਰਹਿੰਦਾ ਸੀ।

ਮੈਂ ਡਾ. ਸੱਚਰ ਦਾ ਆਪਣੇ ਪਿਤਾ ਦੀ ਤਰ੍ਹਾਂ ਖਿਆਲ ਰਖਦਾ ਰਿਹਾ ਹਾਂ ਤੇ ਉਹ ਮੈਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਸਮਝਦੇ। ਉਨ੍ਹਾਂ ਦਾ ਬੇਟਾ ਨਵੀਨ ਤੇ ਬੇਟੀ ਸੰਵੇਦਨ ਮੈਨੂੰ ਆਪਣਾ ਵੱਡਾ ਭਾਈ ਸਮਝਦੇ ਹਨ। ਉਨ੍ਹਾਂ ਦਾ ਮੈਨੂੰ ਸਹਾਰਾ ਹੈ। ਜਦ ਮੇਰੇ ਬੇਟੇ ਦਿਲਦਾਰ ਦਾ ਯੂਨੀਵਰਸਿਟੀ ਵਿਚ ਦਾਖਲਾ ਹੋਣਾ ਸੀ ਤਾਂ ਨਵੀਨ ਨੇ ਮੈਨੂੰ ਕਿਹਾ ਕਿ ਮੈਂ ਯੂਨੀਵਰਸਿਟੀ ਦੀ ਚੋਣ ਕਰਕੇ ਉਸਨੂੰ ਦੱਸ ਦੇਵਾਂ। ਅਜ ਦੇ ਜ਼ਮਾਨੇ ਵਿਚ ਏਨਾ ਕੌਣ ਕਰਦਾ। ਪਿੱਛੇ ਜਿਹੇ ਬੇਟਾ ਮਹਿਤਾਬ ਤੇ ਮੈਂ ਉਸਦੇ ਬੇਟੇ ਦੇ ਵਿਆਹ 'ਤੇ ਡੁਬਈ ਗਏ ਤਾਂ ਉਸਨੇ ਮੇਰਾ ਸਿਰਫ ਏਨਾ ਹੀ ਖਰਚ ਕਰਾਇਆ ਕਿ ਸਾਨੂੰ ਆਪਣੇ ਪਾਸਪੋਰਟ ਰਿਨਿਊ ਕਰਾਉਣੇ ਪਏ। ਵਿਆਹ 'ਤੇ ਗਏ ਤਾਂ ਸੰਵੇਦਨ, ਨਵੀਨ ਤੇ ਨਵੀਨ ਦੀ ਪਤਨੀ ਪ੍ਰੀਤੀ ਪਲ ਪਲ ਸਾਡਾ ਖਿਆਲ ਰਖਦੇ ਰਹੇ। ਇਥੋਂ ਤਕ ਕਿ ਨਵੀਨ ਦਾ ਬੇਟਾ, ਨੂੰਹ ਤੇ ਕੁੜਮ ਕੁੜਮਣੀ ਵੀ ਮੇਰਾ ਇਸਤਰ੍ਹਾਂ ਖਿਆਲ ਰਖਦੇ ਰਹੇ, ਜਿਵੇਂ ਮੈਂ ਉਨ੍ਹਾਂ ਦਾ ਵਡੇਰਾ ਹੋਵਾਂ। ਮੈਨੂੰ ਮਹਿਸੂਸ ਹੋਇਆ ਕਿ ਜੇ ਡਾ. ਸੱਚਰ ਹੁੰਦੇ ਤਾਂ ਉਨ੍ਹਾਂ ਦਾ ਹੀ ਏਨਾ ਖਿਆਲ ਰੱਖਿਆ ਜਾਣਾ ਸੀ। ਇਸ ਰਿਸ਼ਤੇ ਦਾ ਅਧਾਰ ਡਾ. ਸੱਚਰ ਹਨ, ਜਿਨ੍ਹਾਂ ਦਾ ਮੈਂ ਆਪਣੇ ਪਿਤਾ ਤੋਂ ਵੀ ਵਧੇਰੇ ਸਤਿਕਾਰ ਕਰਦਾ ਰਿਹਾ ਹਾਂ। ਮੇਰਾ ਜੀ ਕਰਦਾ ਹੈ ਕਿ ਉਨ੍ਹਾਂ ਦਾ ਬੁੱਤ ਬਣਾ ਕੇ ਘਰੇ ਰਖ ਲਵਾਂ ਤੇ ਚਿਰਾਗ ਬਾਲ ਕੇ ਧੂਫ ਬੱਤੀ ਕਰਿਆ ਕਰਾਂ।

ਪ੍ਰੋ ਉਬਰਾਇ ਬੇਸ਼ਕ ਮੇਰੇ ਅਧਿਆਪਕ ਨਹੀਂ ਸਨ। ਪਰ ਮੈਂ ਉਨ੍ਹਾਂ ਨੂੰ ਆਪਣੇ ਅਧਿਆਪਕ ਮੰਨਿਆ ਹੋਇਆ ਸੀ ਤੇ ਮੈਂ ਜਦ ਵੀ ਉਨ੍ਹਾਂ ਨਾਲ ਗੱਲ ਕਰਦਾ ਤਾਂ ਸਭ ਤੋਂ ਪਹਿਲਾਂ ਉਹ ਘਰ ਦੀ ਰਾਜ਼ੀ-ਖੁਸ਼ੀ ਪੁੱਛਦੇ। ਫਿਰ ਮੇਰੇ ਬੇਟੇ ਦਿਲਦਾਰ ਬਾਰੇ ਤੇ ਮਹਿਤਾਬ ਬਾਰੇ ਪੁੱਛਦੇ ਕਿ ਉਹ ਕੀ ਕਰਦੇ ਹਨ ਕਿੱਥੇ ਪੜ੍ਹਦੇ ਹਨ। ਮੈਨੂੰ ਕਈ ਵਾਰੀ ਹੈਰਾਨੀ ਹੋਣੀ ਕਿ ਉਨ੍ਹਾਂ ਨੂੰ ਮੇਰੀਆਂ ਕਈ ਸਧਾਰਣ ਗੱਲਾਂ ਵੀ ਚੇਤੇ ਸਨ। ਇਥੋਂ ਤਕ ਕਿ ਉਨ੍ਹਾਂ ਨੂੰ ਦਿਲਦਾਰ ਦੀ ਕੰਪਿਊਟਰ ਦੀ ਕੰਪਾਰਟਮੈਂਟ ਦਾ ਵੀ ਫਿਕਰ ਸੀ। ਉਹ ਅਕਸਰ ਪੁੱਛਦੇ 'ਤੇ ਦਿਲਦਾਰ ਦੀ ਕੰਪਾਰਟਮੈਂਟ ਕਲੀਅਰ ਹੋ ਗਈ।' ਮੈਂ 'ਕਹਿਣਾ ਹਾਲੇ ਨਹੀਂ ਹੋਈ' ਤਾਂ ਉਨ੍ਹਾਂ ਨੇ ਹੌਸਲਾ ਦੇਣਾ 'ਹੋ ਜਾਏਗੀ, ਉਹ ਕਰ ਲਏਗਾ'। ਇਕ ਵਾਰੀ ਉਹ ਫਗਵਾੜੇ ਆਏ, ਇਕ ਵਾਰੀ ਖਡੂਰ ਸਾਹਿਬ ਤੇ ਇਕ ਵਾਰੀ ਅੰਮ੍ਰਿਤਸਰ ਆਏ। ਹਰ ਵਾਰੀ ਦਿਲਦਾਰ ਤੇ ਮੈਂ ਉਨ੍ਹਾਂ ਦੇ ਨਾਲ ਰਹੇ। ਦਿਲਦਾਰ ਕਾਰ ਚਲਾਉਂਦਾ ਤੇ ਉਹ ਪਿੱਛੇ ਬੈਠੇ ਪ੍ਰਵਚਨ ਕਰਦੇ। ਉਨ੍ਹਾਂ ਦੇ ਪਤਨੀ ਪਟਰੀਸ਼ੀਆ ਮੈਡਮ ਚੁੱਪਚਾਪ ਨਾਲ ਬੈਠੇ ਰਹਿੰਦੇ ਤੇ ਕਦੇ ਕਦੇ ਦਿਲਦਾਰ ਨੂੰ ਗੱਡੀ ਹੌਲੀ ਚਲਾਉਣ ਲਈ ਕਹਿੰਦੇ। ਉਨ੍ਹਾਂ ਨੂੰ ਦਿਲਦਾਰ ਨਾਲ ਵੀ ਪਿਆਰ ਹੋ ਗਿਆ ਸੀ ਤੇ ਉਸਦਾ ਵੀ ਉਹ ਫਿਕਰ ਕਰਨ ਲਗ ਪਏ।

ਮੇਰੇ ਪਿਤਾ ਜੀ ਨੂੰ ਵੀ ਮੇਰੇ ਬੱਚਿਆਂ ਦਾ ਫਿਕਰ ਰਹਿੰਦਾ, ਪਰ ਉਨ੍ਹਾਂ ਦਾ ਫਿਕਰ ਵੱਖਰਾ ਸੀ। ਆਪਣੇ ਬੱਚਿਆਂ ਬਾਰੇ ਉਨ੍ਹਾਂ ਦਾ ਵਿਚਾਰ ਸੀ ਕਿ ਰੰਬਾ ਤੇ ਮੁੰਡਾ ਜਿੰਨੇ ਚੰਡ ਕੇ ਰੱਖੇ ਜਾਣ ਓਨੇ ਹੀ ਸਹੀ ਰਹਿੰਦੇ ਹਨ। ਪਿੰਡਾਂ ਵਿਚ ਕਈ ਬਜ਼ੁਰਗਾਂ ਲਈ ਵਿਹਲੇ ਬਹਿਣਾ ਮੁਸ਼ਕਲ ਹੁੰਦਾ ਸੀ, ਜਿਸ ਕਰਕੇ ਉਹ ਅਕਸਰ ਬਹਿ ਕੇ ਰੰਬੇ ਦਾਤੀਆਂ ਚੰਡਣ ਲਗ ਪੈਂਦੇ। ਮੇਰੇ ਪਿਤਾ ਜੀ ਵੀ ਸਾਨੂੰ ਤਿੰਨਾਂ ਭਰਾਵਾਂ ਨੂੰ ਰੰਬਿਆਂ ਵਾਂਗ ਹੀ ਚੰਡਦੇ ਰਹਿੰਦੇ। ਪਰ ਮੈਂ ਹੈਰਾਨ ਰਹਿ ਗਿਆ ਕਿ ਇਕ ਵਾਰੀ ਅਸੀਂ ਪਿੰਡ ਗਏ ਤਾਂ ਉਹ ਮੈਨੂੰ ਆਪਣੇ ਕੋਲ ਬਹਾ ਕੇ ਕਹਿਣ ਲੱਗੇ, 'ਕਾਕਾ, ਦਿਲਦਾਰ ਨੂੰ ਡਾਂਟਿਆ ਨਾ ਕਰ। ਬੱਚੇ ਫੁੱਲਾਂ ਜਿਹੇ ਹੁੰਦੇ।'

ਦੋ ਵਿਦਵਾਨ ਹੋਰ ਹਨ, ਜਿਨ੍ਹਾਂ ਦਾ ਮੇਰੇ ਮਨ ਵਿਚ ਬਾਪ ਜਿਹਾ ਸਤਿਕਾਰ ਹੈ। ਇਨ੍ਹਾਂ ਵਿਚ ਇਕ ਪ੍ਰੋ ਗਿੱਲ ਹਨ ਤੇ ਦੂਜੇ ਪ੍ਰੋ ਮਿਨਹਾਸ। ਇਹ ਦੋਵੇਂ ਵਿਦਵਾਨ ਹਨ ਪਰ ਇਹ ਦੋਵੇਂ ਹੀ ਇਕ ਦੂਜੇ ਤੋਂ ਵੱਖਰੀ ਤਬੀਅਤ ਦੇ ਮਾਲਕ ਹਨ। ਪ੍ਰੋ ਗਿੱਲ ਰਤਾ ਬੇਪ੍ਰਵਾਹ ਹਨ, ਪਰ ਪ੍ਰੋ ਮਿਨਹਾਸ ਹਰ ਗੱਲ ਦੀ ਪ੍ਰਵਾਹ ਕਰਨ ਵਾਲੇ ਹਨ। ਪ੍ਰੋ ਗਿੱਲ ਨੂੰ ਕੋਈ ਸਵਾਲ ਕਰੀਏ ਤਾਂ ਉਹ ਅਕਸਰ ਟਾਲ ਦਿੰਦੇ ਹਨ ਤੇ ਕਦੇ ਹੀ ਗੰਭੀਰਤਾ ਨਾਲ ਜਵਾਬ ਦਿੰਦੇ ਹਨ। ਉਹ ਅਕਸਰ ਆਪਣੀ ਲਹਿਰ ਵਿਚ ਰਹਿੰਦੇ ਹਨ, ਦੂਜੇ ਦੀ ਲਹਿਰ ਹਵਾ ਵਿਚ ਉੜਾ ਦਿੰਦੇ ਹਨ। ਇਕ ਵਾਰੀ ਰਿਫਰੈਸ਼ਰ ਕੋਰਸ ਵਿਚ ਉਨ੍ਹਾਂ ਨੇ ਲੈਕਚਰ ਦਿਤਾ। ਉਹ ਏਨੇ ਉਸਲਵੱਟੇ ਲੈ ਰਹੇ ਸਨ ਕਿ ਲਗਦਾ ਉਹ ਬੇਹੱਦ ਬੇਅਰਾਮ (ਨਚੋਮੋਰਟਅਬਲਏ) ਹਨ। ਬੇਸ਼ਕ ਉਹ ਲੈਕਚਰ ਮਾਰਮਕ ਸੀ। ਪਰ ਲਗਦਾ ਸੀ ਕਿ ਉਹ ਮਹਿਸੂਸ ਕਰ ਰਹੇ ਹਨ ਕਿ ਜਿਨ੍ਹਾਂ



ਅੱਗੇ ਉਹ ਬੋਲ ਰਹੇ ਹਨ ਉਨ੍ਹਾਂ ਨੂੰ ਇਸਦੀ ਕਦਰ ਨਹੀਂ ਹੈ। ਲੈਕਚਰ ਸਮਾਪਤ ਹੋਇਆ ਤਾਂ ਕਿਸੇ ਨੇ ਉਨ੍ਹਾਂ ਨੂੰ ਸਵਾਲ ਪੁੱਛ ਲਿਆ। ਜਵਾਬ ਵਿਚ ਪ੍ਰੋ ਗਿੱਲ ਨੇ ਏਨਾ ਹੀ ਕਿਹਾ 'ਮੈਨੂੰ ਕੁਛ ਨੀ ਪਤਾ' ਤੇ ਚੁੱਪ ਕਰ ਗਏ। ਅਸੀਂ ਸਾਰੇ ਹੱਕੇ-ਬੱਕੇ ਰਹਿ ਗਏ।

ਮੈਨੂੰ ਲਗਦਾ ਹੈ ਕਿ ਉਹ ਮੈਨੂੰ ਪਿਆਰ ਕਰਦੇ ਹਨ, ਜਿਸਦਾ ਇਕ ਸਬੂਤ ਇਹ ਹੈ ਕਿ ਮੈਂ ਉਨ੍ਹਾਂ ਦੇ ਕਈ ਔਨਲਈਨ ਤੇ ਔਫਲਾਈਨ ਲੈਕਚਰ ਕਰਵਾਏ। ਇਕ ਵਾਰੀ ਤਾਂ ਉਨ੍ਹਾਂ ਨੇ ਆਪ ਕਹਿ ਕੇ ਲੈਕਚਰ ਦਿਤਾ। ਜਿਹੜੇ ਉਨ੍ਹਾਂ ਨੂੰ ਜਾਣਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਪ੍ਰੋ ਗਿੱਲ ਨੂੰ ਲੈਕਚਰ ਲਈ ਮਨਾਉਣਾ ਕਿੰਨਾ ਮੁਸ਼ਕਲ ਹੈ। ਉਹ ਪਟਿਆਲੇ ਤੋਂ ਅੰਮ੍ਰਿਤਸਰ ਜਾ ਰਹੇ ਸਨ ਤਾਂ ਫਗਵਾੜੇ ਆ ਕੇ ਉਨ੍ਹਾਂ ਨੇ ਮੈਨੂੰ ਫੋਨ ਕੀਤਾ ਤੇ ਮੇਰੀ ਖਬਰਸਾਰ ਪੁੱਛੀ। ਉਹ ਪੰਜਾਬ ਯੂਨੀਵਰਸਿਟੀ ਵਿਚ ਗਏ ਹੋਏ ਸਨ ਤੇ ਉਥੇ ਦਿਲਦਾਰ ਉਨ੍ਹਾਂ ਨੂੰ ਮਿਲਿਆ। ਜਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹ ਮੇਰਾ ਬੇਟਾ ਹੈ ਤਾਂ ਉਨ੍ਹਾਂ ਨੇ ਉਸਨੂੰ ਕਲਾਵੇ ਵਿਚ ਲਿਆ ਤੇ ਉਸਦੇ ਸਾਹਮਣੇ ਮੇਰੀ ਤਰੀਫ ਕੀਤੀ। ਉਨ੍ਹਾਂ ਨੇ ਆਪਣੇ ਘਰੇ ਅਖੰਡਪਾਠ ਕਰਾਉਣਾ ਸੀ ਤਾਂ ਛੇ ਮਹੀਨੇ ਪਹਿਲਾਂ ਹੀ ਫੋਨ ਕਰ ਕੇ ਮੈਨੂੰ ਆਉਣ ਲਈ ਕਿਹਾ ਤੇ ਇਹ ਵੀ ਕਿਹਾ ਕਿ ਦਿਲਦਾਰ ਨੂੰ ਜ਼ਰੂਰ ਲਿਆਉਣਾ। ਜਦ ਅਸੀਂ ਗਏ ਤਾਂ ਉਥੇ ਬਹੁਤ ਹੀ ਥੋੜ੍ਹੇ ਜਿਹੇ ਲੋਕ ਸਨ, ਜਿਨ੍ਹਾਂ ਵਿਚ ਪ੍ਰੋ ਗੁਰਉਪਦੇਸ਼ ਸਿੰਘ, ਪ੍ਰੋ ਰਾਜੇਸ਼ ਕੁਮਾਰ, ਪ੍ਰੋ ਪਰਮਿੰਦਰ ਸਿੰਘ, ਪ੍ਰੋ ਮਨਜਿੰਦਰ ਤੇ ਅਸੀਂ। ਖਾਸ ਗੱਲ ਇਹ ਹੋਈ ਕਿ ਉਨ੍ਹਾਂ ਨੇ ਆਪਣੀ ਫਰਾਂਸੀਸੀ ਬੇਟੀ ਨੂੰ ਮੇਰੇ ਤੇ ਦਿਲਦਾਰ ਬਾਰੇ ਦੱਸਿਆ। ਫਿਰ ਉਨ੍ਹਾਂ ਨੇ ਪ੍ਰੋ ਗੁਰਉਪਦੇਸ਼ ਤੇ ਰਾਜੇਸ਼ ਸਾਹਮਣੇ ਮੇਰੀ ਏਨੀ ਤਰੀਫ ਕੀਤੀ ਕਿ ਮੈਨੂੰ ਮਜ਼ਾਕ ਲੱਗਣ ਲਗ ਪਈ। ਜਦ ਕਦੇ ਮੈਂ ਪ੍ਰੋ ਗਿੱਲ ਨੂੰ ਫੋਨ ਕਰਦਾ ਹਾਂ ਤਾਂ ਉਹ ਦਿਲਦਾਰ ਬਾਰੇ ਜ਼ਰੂਰ ਪੁੱਛਦੇ।

ਪ੍ਰੋ ਮਿਨਹਾਸ ਨੂੰ ਜਦ ਮੈਂ ਪਹਿਲੀ ਵਾਰੀ ਦੇਖਿਆ ਤਾਂ ਦੇਖਦੇ ਹੀ ਮੈਂ ਉਨ੍ਹਾਂ ਦਾ ਮੁਰੀਦ ਹੋ ਗਿਆ। ਉਹ ਬੋਲਦੇ ਤਾਂ ਮੈਨੂੰ ਲਗਦਾ ਮੈਂ ਬਾਬਾ ਫਰੀਦ ਦੇ ਮਲਫ਼ੂਜ਼ਾਤ ਪੜ੍ਹ ਰਿਹਾ ਹਾਂ। ਜਦ ਉਨ੍ਹਾਂ ਨਾਲ ਗੱਲ ਹੁੰਦੀ ਤਾਂ ਹਰ ਗੱਲ ਬਰੀਕੀ ਨਾਲ ਪੁੱਛਦੇ ਤੇ ਧਿਆਨ ਨਾਲ ਸੁਣਦੇ। ਉਨ੍ਹਾਂ ਨੂੰ ਮੇਰੇ ਘਰ ਦੀ ਹਰ ਗੱਲ ਦਾ ਪਤਾ ਹੈ।

ਇਕ ਵਾਰੀ ਮਹਿਤਾਬ, ਦਿਲਦਾਰ ਤੇ ਮੈਂ ਉਨ੍ਹਾਂ ਕੋਲ ਗਏ ਤਾਂ ਉਨ੍ਹਾਂ ਨੇ ਬੜੀ ਹੀ ਅਪਣੱਤ ਨਾਲ ਕਿਹਾ 'ਅੱਜ ਫੌਜਾਂ ਆਈਆਂ'। ਮੇਰੇ ਪਿਤਾ ਜੀ ਵੀ ਅਕਸਰ ਆਉਣ ਵਾਲਿਆਂ ਨੂੰ ਕਹਿੰਦੇ, 'ਅੱਜ ਫੌਜਾਂ ਆਈਆਂ।' ਪ੍ਰੋ ਮਿਨਹਾਸ ਨੂੰ ਮੇਰੇ ਬੱਚਿਆਂ ਬਾਰੇ ਮੇਰੇ ਜਿੰਨਾਂ ਹੀ ਪਤਾ ਹੈ। ਪਰ ਉਨ੍ਹਾਂ ਦਾ ਫਿਕਰ ਮੇਰੇ ਤੋਂ ਵਧੇਰੇ ਹੈ। ਉਹ ਅਕਸਰ ਦਿਲਦਾਰ ਦੀ ਪੜ੍ਹਾਈ ਤੇ ਉਸਦੀ ਨੌਕਰੀ ਬਾਰੇ ਫਿਕਰਮੰਦ ਰਹਿੰਦੇ ਹਨ ਤੇ ਅਕਸਾਰ ਸਲਾਹ ਦਿੰਦੇ ਹਨ ਕਿ ਉਸਨੂੰ ਹੁਣ ਕੀ ਕਰਨਾ ਚਾਹੀਦਾ ਹੈ। ਇਥੋਂ ਤਕ ਕਿ ਉਨ੍ਹਾਂ ਨੂੰ ਦਿਲਦਾਰ ਦੇ ਵਿਆਹ ਦਾ ਵੀ ਫਿਕਰ ਹੈ ਕਿ ਠੀਕ ਸਮੇਂ ਸਿਰ ਹੋ ਜਾਵੇ। ਮੈਨੂੰ ਲਗਦਾ ਹੈ ਕਿ ਉਹ ਏਨਾ ਫਿਕਰ ਆਪਣੀ ਸਿਹਤ ਦਾ ਨਹੀਂ ਕਰਦੇ ਹੋਣੇ, ਜਿੰਨਾਂ ਮੇਰਾ ਕਰਦੇ ਹਨ। ਮੇਰੀ ਤੰਦਰੁਸਤੀ ਬਾਰੇ ਉਹ ਹਮੇਸ਼ਾ ਪੁੱਛਦੇ ਹਨ ਤੇ ਬਿਮਾਰੀਆਂ ਤੋਂ ਸੁਚੇਤ ਕਰਦੇ ਰਹਿੰਦੇ ਹਨ। ਉਨ੍ਹਾਂ ਨੂੰ ਮੇਰੀ ਸ਼ੂਗਰ ਦਾ ਫਿਕਰ ਰਹਿੰਦਾ ਹੈ ਤੇ ਉਹ ਫੋਨ 'ਤੇ ਹੀ ਮੌਨੀਟਰ ਕਰਦੇ ਰਹਿੰਦੇ ਹਨ। ਸ਼ਾਇਦ ਉਨ੍ਹਾਂ ਤੋਂ ਵੱਧ ਮੇਰਾ ਫਿਕਰ ਹੋਰ ਕਿਸੇ ਨੂੰ ਨਹੀਂ ਹੈ। ਮੈਂ ਉਨ੍ਹਾਂ ਤੋਂ ਏਨਾ ਕੁਝ ਸਿੱਖਿਆ। ਭਾਵੇਂ ਮੈਂ ਆਪਣੀ ਯਾਦਾਸ਼ਤ ਦੀ ਕਮਜ਼ੋਰੀ ਕਾਰਨ ਸਭ ਕੁਝ ਯਾਦ ਨਹੀਂ ਰਖ ਸਕਿਆ, ਪਰ ਫਿਰ ਵੀ ਜਿੰਨਾ ਯਾਦ ਹੈ ਉਹ ਮੇਰੇ ਲਈ ਬਹੁਤ ਹੈ।

ਇਸ ਲੜੀ ਵਿਚ ਜੇ ਪ੍ਰੋ ਜਗਬੀਰ ਸਿੰਘ ਤੇ ਪ੍ਰੋ ਕਪਿਲ ਕਪੂਰ ਦਾ ਜ਼ਿਕਰ ਨਾ ਹੋਵੇ ਤਾਂ ਗੱਲ ਅਧੂਰੀ ਰਹੇਗੀ। ਪ੍ਰੋ ਜਗਬੀਰ ਸਿੰਘ ਨੂੰ ਮੈਂ ਪਹਿਲੀ ਵਾਰੀ ਗੁਰੂ ਨਾਨਕ ਯੂਨੀਵਰਸਿਟੀ ਦੇ ਰਿਫਰੈਸ਼ਰ ਕੋਰਸ ਵਿਚ ਸੁਣਿਆ ਸੀ। ਪੰਜਾਬੀ ਨਾਵਲ 'ਤੇ ਲੈਕਚਰ ਸੀ ਤੇ ਮੈਨੂੰ ਗਲਪ ਦਾ ਪੇਪਰ ਪੜ੍ਹਾਉਣਾ ਪੈਂਦਾ ਸੀ। ਉਹ ਲੈਕਚਰ ਸੁਣ ਕੇ ਮੈਨੂੰ ਗਲਪ ਪੜ੍ਹਾਉਣੀ ਚੰਗੀ ਲੱਗਣ ਲੱਗੀ। ਮੈਂ ਉਨ੍ਹਾਂ ਦਾ ਉਪਾਸ਼ਕ ਹੋ ਗਿਆ। ਫਿਰ ਬੜੀ ਦੇਰ ਬਾਅਦ ਜਦ ਮੈਂ ਸੈਮੀਨਾਰਾਂ ਵਿਚ ਜਾਣਾ ਸ਼ੁਰੂ ਕੀਤਾ ਤਾਂ ਮੈਂ ਉਨ੍ਹਾਂ ਨੂੰ ਜ਼ਰੂਰ ਸੁਣਦਾ। ਮੈਂ ਹੈਰਾਨ ਹੋਣਾ ਕਿ ਉਹ ਵੀ ਮੈਨੂੰ ਜ਼ਰੂਰ ਸੁਣਦੇ ਤੇ ਹਮੇਸ਼ਾ ਕਹਿੰਦੇ ਕਿ ਮੈਂ ਤੇਰੇ ਕਰਕੇ ਬੈਠਾਂ। ਉਹ ਹਮੇਸ਼ਾ ਮੇਰਾ ਨਾਂ ਲੈਂਦੇ ਤੇ ਕਦੇ ਕਦੇ ਬੇਟਾ ਕਹਿੰਦੇ। ਉਨ੍ਹਾਂ ਦੀ ਬੇਟੀ ਹਰਮੀਤ ਤੇ ਬੇਟਾ ਰਵਿੰਦਰ ਮੈਨੂੰ ਜਦ ਵੀ ਮਿਲਦੇ ਹਨ, ਬੜੀ ਅਪਣੱਤ ਨਾਲ ਮਿਲਦੇ ਹਨ। ਮੈਂ ਅਕਸਰ ਉਨ੍ਹਾਂ ਦੀ ਖਬਰਸਾਰ ਪਤਾ ਕਰਦਾ ਰਹਿੰਦਾ ਹਾਂ ਤੇ ਉਹ ਵੀ ਮੇਰਾ ਫਿਕਰ ਤੇ ਅਕਸਰ ਪੁੱਛਦੇ ਰਹਿੰਦੇ ਹਨ।

ਪ੍ਰੋ ਕਪਿਲ ਕਪੂਰ ਨੂੰ ਮੈਂ ਅਕਸਰ ਸੈਮੀਨਾਰਾਂ 'ਤੇ ਮਿਲਦਾ ਹਾਂ। ਉਹ ਮਿਲਦੇ ਹਨ ਤਾਂ ਕਹਿੰਦੇ ਹਨ 'ਭਾਈ ਸਾਹਬ ਮੈਂ ਤੁਹਾਨੂੰ ਹੀ ਢੂੰਡ ਰਿਹਾ ਸੀ। ਉਹ ਪਿੱਛੋ ਹਦੀਆਬਾਦ ਦੇ ਹਨ ਤੇ ਇਥੋਂ ਦੀਆਂ ਗੱਲਾਂ ਚੇਤੇ ਕਰਦੇ ਰਹਿੰਦੇ ਹਨ। ਇਕ ਵਾਰੀ ਮੈਂ ਉਨ੍ਹਾਂ ਦੇ ਰਿਸ਼ਤੇਦਾਰ ਨਾਲ ਗੱਲ ਕਰਾਈ ਤਾਂ ਉਨ੍ਹਾਂ ਨੇ ਜਿਸ ਜਿਸ ਬਾਰੇ ਪੁੱਛਿਆ ਉਹ ਸਭ ਜਾ ਚੁਕੇ ਸਨ। ਪ੍ਰੋ ਸਾਹਿਬ ਉਦਾਸ ਹੋ ਗਏ ਤੇ ਮੈਨੂੰ ਕਹਿਣ ਲੱਗੇ ਜਦ ਮੈਂ ਫਗਵਾੜੇ ਆਇਆ ਤਾਂ ਭਲਵਾਨ ਦੀ ਲੱਸੀ ਪੀਣੀ ਹੈ।

ਉਹ ਜਦ ਵੀ ਮੇਰੇ ਨਾਲ ਗੱਲ ਕਰਦੇ ਹਨ ਤਾਂ ਮੈਂ ਹਿੰਦੀ ਬੋਲਣ ਦੀ ਕੋਸ਼ਿਸ਼ ਕਰਦਾ ਹਾਂ। ਉਹ ਅੱਗੋਂ ਹਦੀਆਬਾਦ ਵਾਲੀ ਪੰਜਾਬੀ ਬੋਲਦੇ ਹਨ। ਸੈਮੀਨਾਰਾਂ ਵਿਚ ਉਹ ਅੰਬਾਲੇ ਵਾਲੀ ਹਿੰਦੀ ਤੇ ਦਿੱਲੀ ਵਾਲੀ ਅੰਗਰੇਜ਼ੀ ਬੋਲਦੇ ਹਨ। ਇਕ ਵਾਰੀ ਉਨ੍ਹਾਂ ਨੇ ਆਪਣੇ ਜਨਮ ਦਿਨ 'ਤੇ ਮੈਨੂੰ ਦਿੱਲੀ ਬੁਲਾਇਆ ਤੇ ਆਪਣੇ ਦੋਸਤਾਂ ਨਾਲ ਮਿਲਾਇਆ। ਉਹ ਮੇਰੇ ਜੀਵਨ ਦੇ ਖੁਸ਼ਗਵਾਰ ਪਲ ਸਨ, ਜਦ ਉਨ੍ਹਾਂ ਦੇ ਦੋਸਤਾਂ ਨਾਲ ਮੈਂ ਖਾਣਾ ਖਾਧਾ ਤੇ ਸਮਾਂ ਬਤੀਤ ਕੀਤਾ। ਪ੍ਰੋ ਕਪੂਰ ਦੀ ਪਤਨੀ ਰੰਗਾ ਮੈਡਮ ਫੇਸਬੁੱਕ ਤੋਂ ਮੇਰੀਆਂ ਲਿਖਤਾਂ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਪੜ੍ਹਦੇ ਹਨ। ਪ੍ਰੋ ਕਪਿਲ ਕਪੂਰ ਅਕਸਰ ਮੈਨੂੰ ਦਿੱਲੀ ਬੁਲਾਉਂਦੇ ਰਹਿੰਦੇ ਹਨ। ਮੇਰੇ ਤੋਂ ਹਰ ਵਾਰੀ ਜਾਇਆ ਨਹੀਂ ਜਾਂਦਾ। ਉਨ੍ਹਾਂ ਦਾ ਵਿਦਿਆਰਥੀ ਪ੍ਰੋ ਰਜਨੀਸ਼ ਮਿਸ਼ਰਾ ਸੰਸਕ੍ਰਿਤ ਦਾ ਵੱਡਾ ਵਿਦਵਾਨ ਹੈ। ਅੱਗੋਂ ਉਸਦੇ ਵਿਦਿਆਰਥੀ ਦਿਵਿਆ ਤੇ ਦੀਪਕ ਵੀ ਬੜੇ ਹੁਸ਼ਿਆਰ, ਨਿੱਘੇ ਤੇ ਸਲੀਕੇ ਵਾਲੇ ਹਨ ਤੇ ਮੈਨੂੰ ਆਪਣੇ ਅਧਿਆਪਕ ਦੀ ਤਰ੍ਹਾਂ ਹੀ ਪਿਆਰ ਤੇ ਸਤਿਕਾਰ ਦਿੰਦੇ ਹਨ। ਉਹੋ ਜਿਹੇ ਪਿਆਰੇ ਲੋਕ ਭਾਗਾਂ ਨਾਲ ਹੀ ਮਿਲਦੇ ਹਨ।

ਕੁਝ ਸਮੇਂ ਤੋਂ ਪ੍ਰੋ ਕਪਿਲ ਕਪੂਰ ਬਿਮਾਰ ਹਨ ਤੇ ਆਪਣੀ ਬੇਟੀ ਕੋਲ ਲਖਨਊ ਗਏ ਹੋਏ ਹਨ। ਉਹ ਹਸਪਤਾਲ ਵਿਚ ਦਾਖਲ ਰਹੇ ਤਾਂ ਮੈਂ ਰੋਜ਼ ਫੋਨ ਕਰ ਕੇ ਖਬਰਸਾਰ ਪੁੱਛਣੀ ਤਾਂ ਮੈਡਮ ਰੰਗਾ ਦੀਆਂ ਗੱਲਾਂ 'ਚ ਨਿਰਾਸ਼ਾ ਹੋਣੀ। ਇਕ ਦਿਨ ਪਤਾ ਲੱਗਾ ਪ੍ਰੋ ਸਾਹਿਬ ਨੇ ਦਿਲ ਵੀ ਛੱਡ ਦਿਤਾ ਹੈ ਤੇ ਖਾਣਾ ਵੀ। ਮੈਡਮ ਕਹਿਣ ਲੱਗੇ 'ਭਰਾ ਜੀ ਆਪਣੇ ਸਰ ਨੂੰ ਮਿਲ ਜਾਉ'। ਮੇਰਾ ਫਿਕਰ ਵਧ ਗਿਆ ਤੇ ਮੈਂ ਅਰਦਾਸ ਕੀਤੀ ਵਾਹਿਗੁਰੂ ਮਿਹਰ ਕਰੇ।

ਇਕ ਦਿਨ ਪ੍ਰੋ ਕਪਿਲ ਕਪੂਰ ਦਾ ਆਪ ਹੀ ਫੋਨ ਆ ਗਿਆ। ਕਹਿਣ ਲੱਗੇ 'ਭਾਈ ਸਾਹਬ ਲਖਨਊ ਆ ਕੇ ਮਿਲ ਜਾਉ'। ਮੈਂ ਕਿਹਾ 'ਮੈਂ ਸੋਚ ਹੀ ਰਿਹਾਂ'। ਉਹ ਆਪਣੇ ਅੰਦਾਜ਼ ਵਿਚ ਆਏ ਤੇ ਕਹਿਣ ਲੱਗੇ 'ਭਾਈ ਸਾਹਬ, ਸੋਚੈ ਸੋਚਿ ਨ ਹੋਵਈ'। ਮੈਂ ਉਨ੍ਹਾਂ ਨਾਲ ਵਾਅਦਾ ਕੀਤਾ ਤੇ ਹੁਣ ਲਖਨਊ ਜਾਣ ਬਾਰੇ ਸਚਮੁਚ ਸੋਚ ਰਿਹਾ ਹਾਂ। ਮੈਂ ਉਤਸੁਕ ਹਾਂ ਕਿ ਕਦ ਉਨ੍ਹਾਂ ਨੂੰ ਮਿਲਾ ਤੇ ਉਨ੍ਹਾਂ ਦੀਆਂ ਗੱਲਾਂ ਸੁਣਾ। ਭਾਰਤੀ ਗਿਆਨ ਦੇ ਉਹ ਸਰਬਗਯ ਅਤੇ ਮਰਮਗਯ ਹਨ।

ਅਖੀਰ ਵਿਚ ਮੈਂ ਏਨਾ ਹੀ ਕਹਾਂਗਾ ਕਿ ਮੇਰੀ ਰੂਹ ਦੇ ਹਜ਼ਾਰਾਂ ਟੁਕੜੇ ਹਨ, ਜਿਨ੍ਹਾਂ ਵਿਚੋਂ ਕੋਈ ਕਿਤੇ ਕੋਈ ਕਿਤੇ ਬਿਖਰ ਗਿਆ ਹੈ। ਇਸਤਰ੍ਹਾਂ ਦੀਆਂ ਕਹਾਣੀਆਂ ਮਿੱਥਾਂ ਵਿਚ ਹੀ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ। ਮੈਨੂੰ ਕਈ ਵਾਰੀ ਲਗਦਾ ਹੈ ਕਿ ਮੇਰਾ ਜੀਵਨ ਅਜਿਹੀ ਮਿੱਥ ਹੈ, ਜਿਸਦੇ ਪਾਤਰ ਸਾਰੀ ਧਰਤੀ 'ਤੇ ਵਸੇ ਹੋਏ ਹਨ। ਮਨ ਪੰਛੀ ਦੀ ਤਰ੍ਹਾਂ ਉਡਾਰੀਆਂ ਮਾਰਦਾ ਰਹਿੰਦਾ ਹੈ ਤੇ ਕਦੇ ਕਿਤੇ ਕਦੇ ਕਿਤੇ ਜਾ ਬਹਿੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਹਰ ਵਾਰੀ ਉਦਾਸ ਹੋ ਕੇ ਪਰਤ ਆਉਂਦਾ ਹੈ। ਕਿਉਂਕਿ ਮਨ ਨੂੰ ਇਕੋ ਥਾਂ ਸਭ ਕੁਝ ਨਹੀਂ ਮਿਲਦਾ। ਕਬੀਰ ਜੀ ਨੇ ਕਿਹਾ 'ਇਹੁ ਮਨੁ ਉਡਨ ਪੰਖੇਰੂ ਬਨ ਕਾ।' ਇਸਦਾ ਕੰਮ ਹੈ ਉੜਦੇ ਰਹਿਣਾ। ਰਾਤ ਨੂੰ ਸੁਪਨਿਆਂ ਵਿਚ ਤੇ ਦਿਨ ਨੂੰ ਖਿਆਲਾਂ ਵਿਚ। ਇਹੀ ਇਸਦੀ ਹੋਣੀ ਹੈ ਤੇ ਇਹੀ ਹੋਣਾ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ



### ਬੇ-ਵਕਤੀ ਵੀ ਪੀ ਲੈਂਦੇ ਸੀ...

ਕੀ ਹੋਇਆ ਜੇ ਪੀ ਲੈਂਦੇ ਸੀ, ਫੇਰ ਕਿਸੇ ਦਾ ਕੀ ਲੈਂਦੇ ਸੀ।
ਆਪਣੀ ਆਈ ਆਪੇ ਮਰਨਾ, ਆਪਣੀ ਹੀ ਤਾਂ ਜੀਅ ਲੈਂਦੇ ਸੀ।
ਆਪਾਂ ਕਦੇ ਲੇਬਲ ਨੀ ਦੇਖੇ, ਪੀਤੀ ਆ ਬਸ ਮਸਤੀ ਲਈ।
ਸਾਰੀਆਂ ਈ ਤਾਂ ਲੋਰ ਦੇਂਦੀਆਂ, ਕੀ ਮਹਿੰਗੀ ਜਾਂ ਸਸਤੀ ਲਈ।
ਰਾਜਨੀਤੀ ਦਾ ਪਾਟਿਆ ਝੱਗਾ, ਇਹਦੇ ਨਾਲ ਹੀ ਸੀ ਲੈਂਦੇ ਸੀ-
ਪੀਣ ਦਾ ਭਲਾ ਸੁਆਦ ਕੀ ਹੋਇਆ, ਪੀ ਕੇ ਜੇ ਖਿਲਾਰੀ ਨਾ।
ਏਦਾਂ ਤਾਂ ਕਦੇ ਹੋਇਆ ਨੀ ਸੀ, ਮੱਤ ਏਸ ਨੇ ਮਾਰੀ ਨਾ।
ਅੰਦਰੋਂ ਪੂਰੇ ਟੁੱਟੇ ਹੋਏ ਸੀ, ਬਾਹਰੋਂ ਰੱਜ ਕੇ ਜੀਅ ਲੈਂਦੇ ਸੀ-
ਸਾਨੂੰ 'ਭੌਰੇ' ਭੰਡਦੇ ਜਿਹੜੇ, ਆਥਣੇ ਉਹ ਵੀ ਪੀਂਦੇ ਨੇ।
ਅਸੀ ਚਲੋ ਬੇ-ਟਾਇਮੀ ਪੀਤੀ, ਉਹ ਪੀਤੀ ਬਿਨ ਜਿਉਂਦੇ ਨੇ?
ਪਤਾ ਹੈ ਸਾਨੂੰ ਢਕੇ ਰਹਿਣ ਦਿਓ, ਕਿਥੋਂ ਰੋਜ਼ ਫਰੀ ਲੈਂਦੇ ਸੀ।

# ਮਿੱਟੀ, ਬੋਲੀ, ਰੋਟੀ, ਰੂਹ, ਇਤਿਹਾਸ ਤੇ ਭਵਿੱਖ

## ਦੀ ਧੜਕਦੀ ਹੋਈ ਹਾਜ਼ਰੀ ਹੈ ਗਰੇਵਾਲ ਦੀ ਕਵਿਤਾ!

ਅਮਰਜੀਤ ਸਿੰਘ ਗਰੇਵਾਲ ਆਪਣੀਆਂ ਲਿਖਤਾਂ ਰਾਹੀਂ ਅਮੀਰ ਵਿਰਾਸਤ ਦੇ ਗਰੀਬ ਮਾਲਕਾਂ ਨੂੰ ਲਗਾਤਾਰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਸੂਚਨਾ, ਸਮਝ ਨਹੀਂ ਹੁੰਦੀ, ਪਰ ਸੂਚਨਾ ਨੂੰ ਚੇਤਨਾ ਰਾਹੀਂ ਸਮਝ ਬਣਾਇਆ ਜਾ ਸਕਦਾ ਹੈ। ਜੇ ਨਹੀਂ ਸਮਝਾਂਗੇ ਤਾਂ ਇਸ ਉਲਾਰ ਦਾ ਸ਼ਿਕਾਰ ਹੋ ਜਾਵਾਂਗੇ ਕਿ ਜੋ ਸਮਝ ਨਹੀਂ ਆਉਂਦਾ, ਉਹ ਹੁੰਦਾ ਹੀ ਨਹੀਂ। ਇਸ ਅਗਿਆਨੀ ਰੋੜ੍ਹ ਦੇ ਇਰਦ-ਗਿਰਦ 'ਵਹਿੰਦਾ ਪੰਜਾਬ' ਗਰੇਵਾਲ ਦੀ ਸੱਜਰੀ ਕਾਵਿ-ਪੁਸਤਕ ਹੈ। ਗਰੇਵਾਲ ਆਪਣੀ ਸ਼ੁਰੂਆਤ ਓਥੋਂ ਹੀ ਕਰਦਾ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ 1499 ਈ. ਵਿਚ ਵੇਈਂ ਨਦੀ ਪਰਵੇਸ਼ ਵੇਲੇ 'ਨ ਕੋ ਹਿੰਦੂ ਨ ਮੁਸਲਮਾਨ' ਕਹਿ ਕੇ ਨਵਾਂ ਲੀਹਾ ਪਾੜਿਆ ਸੀ ਅਤੇ ਬੰਦੇ ਨੂੰ ਬੰਦੇ



ਬਲਕਾਰ ਸਿੰਘ ਪ੍ਰੋਫੈਸਰ
ਫੋਨ: +91-93163-01328

ਦਾ ਬੰਦਾ ਹੋ ਜਾਣ ਦੀ ਥਾਂ ਸ਼ਬਦ-ਗੁਰੂ ਦਾ ਬੰਦਾ ਹੋ ਜਾਣ ਦਾ ਰਾਹ ਪੱਧਰਾ ਕਰ ਦਿੱਤਾ ਸੀ। ਬਖਸ਼ਿਸ਼ ਵਰਗੀ ਇਸ ਬਖਾਨੀਅਤ ਨੂੰ ਪੜ੍ਹਦਿਆਂ ਮੈਨੂੰ ਇਹ ਸ਼ਬਦ-ਗੁਰੂ ਤੋਂ ਪਹਿਲਾਂ ਅਤੇ ਪਿਛੋਂ ਦੇ ਪੰਜਾਬ ਦਾ ਅਨੁਭਵੀ ਸੋਝੀ ਨਾਲ ਪੰਜਾਬੀ ਚੇਤਨਾ ਵਾਸਤੇ ਪੁਸਤਕ ਰੂਪ ਵਿਚ ਪਰੋਸਿਆ ਹੋਇਆ ਬਿਰਤਾਂਤ ਲੱਗਦਾ ਹੈ। ਸਹਿਣ, ਹੰਡਾਉਣ ਅਤੇ ਪ੍ਰਗਟਾਉਣ ਦੀ ਇਹ ਕਾਵਿ ਵਾਰਤਾ ਸਮਕਾਲ ਵਾਸਤੇ ਲੋੜੀਂਦੀ ਗਾਇਕੀ ਵਰਗੀ ਇਸ ਕਰਕੇ ਹੋ ਗਈ ਹੈ, ਕਿਉਂਕਿ ਇਹ ਸਰਚਾਉਣ, ਪਰਚਾਉਣ ਅਤੇ ਨਵਿਆਉਣ ਦੇ ਪ੍ਰਗਟਾਵਿਆਂ ਲਈ ਸਪੇਸ ਪੈਦਾ ਕਰਦੀ ਹੈ। ਇਸ ਨੂੰ ਰਿਸ਼ਤਿਆਂ ਦੀ ਧਰਤੀ ਤੇ ਅਧਿਕਾਰਾਂ ਵਾਂਗ ਬੀਜਿਆ ਜਾ ਰਿਹਾ, ਜਦੋਂ ਕਵੀ ਵੇਖਦਾ ਹੈ ਤਾਂ ਮਹਿਮਾ ਤੋਂ ਸਾਵਧਾਨੀ ਦੀ ਚੇਤਨਾ ਮੁਹਿੰਮ ਸ਼ੁਰੂ ਹੋ ਸਕਣ ਦੀਆਂ ਸੰਭਾਵਨਾਵਾਂ ਦੀ ਬਾਤ ਪੈਂਦੀ ਨਜ਼ਰ ਆਉਣ ਲਗ ਪੈਂਦੀ ਹੈ। ਪਵਿਤਰਤਾ ਦੀ ਬਲੀ ਦੇ ਚਸ਼ਮਦੀਦ ਵਾਂਗ ਕਵੀ ਸਭਿਆਚਾਰ ਤੋਂ ਕੌਮੀਅਤ ਦਾ ਬਿਰਤਾਂਤ ਸਾਹਮਣੇ ਲੈ ਆਉਂਦਾ ਹੈ। ਕੁਦਰਤ ਉਸ ਵਾਸਤੇ ਪਾਠ ਪੁਸਤਕ ਹੋ ਜਾਂਦੀ ਹੈ ਅਤੇ ਉਹ ਸ਼ਬਦ-ਗੁਰੂ ਨਾਲ ਜੁੜੇ ਹੋਏ ਸਹਿਜ ਅਤੇ ਬਿਬੇਕੀ ਸੰਭਾਵਨਾਵਾਂ ਦੀ ਵਾਰਤਾ ਛੋਹ ਲੈਂਦਾ ਹੈ। ਵਗਦੇ ਪੰਜਾਬ ਦੀ ਇਹ ਕਾਵਿ ਗਾਥਾ ਦੀਆਂ ਪਰਤਾਂ ਵਿਚ ਉਹ ਸਭ ਕੁਝ ਸ਼ਾਮਲ ਹੈ ਜੋ ਸੀ, ਹੈ ਅਤੇ ਸਿਮਰਤੀ ਵਿਚ ਵੱਸਿਆ ਹੋਇਆ ਲਗਾਤਾਰ ਉਨ੍ਹਾਂ ਨਾਲ ਵੀ ਵਹਿ ਰਿਹਾ ਹੈ, ਜਿਹੜੇ ਨਹੀਂ ਜਾਣਦੇ ਕਿ ਵਿਰਾਸਤ ਨੂੰ ਮਾਲਕੀ ਵਾਂਗ ਨਹੀਂ ਸੰਭਾਲਿਆ ਜਾ ਸਕਦਾ। ਚੇਤਨਾ ਵਿਚੋਂ ਗੁਆਚੇ ਵਿਰਾਸਤੀ ਅਹਿਸਾਸ ਨੂੰ ਉਸਾਰਨ ਵਾਸਤੇ ਪੰਜਾਬ ਦੀ ਮਿੱਟੀ ਨੂੰ ਮਾਂ ਵਾਂਗ ਸੰਭਾਲਣ ਦੀ ਕੋਸ਼ਿਸ਼ ਇਸ ਪੁਸਤਕ ਵਿਚ ਹੋ ਗਈ ਹੈ। ਏਸੇ ਨਾਲ ਜੁੜੀਆਂ ਹੋਈਆਂ ਚਸਕਾਂ ਤੇ ਅਰਦਾਸਾਂ ਨੂੰ ਇਕ ਦੂਜੇ ਨਾਲ ਜੋੜਣ ਦੀ ਰੀਝ ਨਾਲ ਆਰੰਭ ਵਿਚ ਪੁਸਤਕ ਦਾ ਸਮਰਪਨ ਪੰਜਾਬ ਨੂੰ ਵਸਾਉਣ ਅਤੇ ਜਿਊਣ ਵਾਲਿਆਂ ਦੇ ਨਾਮ ਕੀਤਾ ਗਿਆ ਹੈ। ਇਸ ਕਾਵਿ-ਪ੍ਰਕਾਸ਼ ਦੇ ਵਹਿਣ ਵਹਿੰਦੇ ਪੰਜਾਬ ਦੀ ਪ੍ਰੇਰਨਾ ਗੁਰੂ ਨਾਨਕ ਦੇਵ ਜੀ ਹੈ। ਅੰਦਰਲੀ ਅਵਾਜ਼ ਨੂੰ ਸੁਣਨ ਦੀ ਦਾਸਤਾਨ ਦੇ ਦੋ ਕੰਢੇ ਵੱਸਣਾ ਤੇ ਉਜੜਣਾ ਦੀ ਊਰਜਿਤ ਬਖਸ਼ਿਸ਼ ਦਾ ਸ੍ਰੋਤ ਵੀ ਗੁਰੂ ਨਾਨਕ ਦੇਵ ਜੀ ਹੀ ਹਨ। ਇਥੇ 'ਇਤਿਹਾਸ, ਲੋਕ ਯਾਦ, ਦਰਸ਼ਨ, ਰੋਟੀ, ਧਰਮ, ਸ਼ਹਾਦਤ, ਉਜਾੜਾ, ਸੰਘਰਸ਼ ਅਤੇ ਭਵਿਖ ਇਕੋ ਕਾਵਿਕ ਲਹਿਰ ਵਿਚ ਵਹਿੰਦੇ ਹਨ। ਇਸ ਪੁਸਤਕ ਰਾਹੀਂ ਉਸ ਪੰਜਾਬ ਦੀ ਗਵਾਹੀ ਭਰੀ ਗਈ ਹੈ, ਜਿਥੇ ਧੜਕਦੇ ਵਰਤਾਰਿਆਂ ਨੂੰ ਟੁਕੜਿਆਂ ਵਿਚ ਪੜ੍ਹਕੇ ਨਹੀਂ ਸਮਝਿਆ ਜਾ ਸਕਦਾ। ਉਧਾਰੀਆਂ ਥੰਮ੍ਹੀਆਂ ਵੀ ਇਸ ਦੇ ਲੋੜੀਂਦੇ ਉਸਾਰ ਨੂੰ ਨਹੀਂ ਥੰਮ੍ਹ ਸਕਦੀਆਂ। ਇਹ ਪੁਸਤਕ ਇਹ ਅਹਿਸਾਸ ਪੈਦਾ ਕਰਦੀ ਹੈ ਕਿ ਪੰਜਾਬ ਨੂੰ ਵਰਤਮਾਨ ਪ੍ਰਸੰਗ ਵਿਚ ਸਮਝਾਂਗੇ ਤਾਂ ਪੰਜਾਬ, ਵਰਤਮਾਨ ਰਾਹੀਂ ਉਸਾਰੇ ਜਾ ਸਕਣ ਵਾਲੇ ਗਲੋਬਲੀ ਪੰਜਾਬ ਦੇ ਭਵਿਖ ਦੇ ਨੈਤਿਕ ਪ੍ਰਸ਼ਨ ਵਾਂਗ ਸਮਝ ਆਉਣ ਲਗ ਪਵੇਗਾ। ਇਸ ਨੂੰ ਭਵਿਖ ਦੀ ਉਸਾਰੀ ਵਾਂਗ ਚਿਤਵੇ ਜਾਣ ਵਿਚ ਹੋ ਰਹੀ ਕੁਤਾਹੀ ਦੇ ਰੂਬਰੂ ਵੀ ਇਸ ਪੁਸਤਕ ਰਾਹੀਂ ਪੰਜਾਬੀਆਂ ਨੂੰ ਖਾਸ ਕਰਕੇ ਅਤੇ ਸਿੱਖਾਂ ਨੂੰ ਆਮ ਕਰਕੇ ਕੀਤਾ ਗਿਆ ਹੈ। ਭਵਿਖ ਦੀ ਰਾਖ ਤੇ ਖਲੋਕੇ ਪੁਕਾਰਦੀ ਗਰੇਵਾਲ ਦੀ ਕਵਿਤਾ ਪਾਠਕਾਂ ਦੀ ਉਡੀਕ ਵਿਚ ਵੀ ਹੈ, ਪਰਖ ਦੀ ਭਾਲ ਵਿਚ ਵੀ ਹੈ ਅਤੇ ਵੰਗਾਰ ਦੀ ਸਨਮੁਖਤਾ ਦੀ ਲੋੜ ਵਿਚ ਵੀ ਹੈ। ਏਥੋਂ ਸ਼ੁਰੂ ਹੁੰਦੀ ਹੈ ਵਗਦੇ ਪੰਜਾਬ ਦੀ ਗਾਥਾ।

ਪੰਜਾਬ, ਪੰਜ ਪਾਣੀਆਂ ਤੋਂ ਪੰਜਾਬ ਕਿਵੇਂ ਬਣਿਆ ਬਾਰੇ ਸੋਚਾਂਗੇ ਤਾਂ ਭਿੱਜੀਆਂ ਹੋਈਆਂ ਧੜਕਣਾ ਦਾ ਕੋਲੇਜ ਤਿਆਰ ਹੋਣ ਲਗ ਪਵੇਗਾ। ਇਸ ਵਿਚ ਚੁੱਪ ਦੀ ਭੂਮਿਕਾ ਬਰਾਸਤਾ ਬੋਲੀ ਦੇਸ਼ ਅਤੇ ਸੂਬੇ ਤੱਕ ਪਹੁੰਚਦਿਆਂ ਕੌਮ ਦੀ ਮਲਕੀਅਤ ਅਤੇ ਮਜ਼ਹਬ ਦੀ ਜਾਇਦਾਦ ਨਾਲ ਭਿੜਦੀ ਨਜ਼ਰ ਆਉਣ ਲਗ ਪਵੇਗੀ। ਪੰਜਾਬ ਦਾ ਬੀਜ ਧਰਤੀ ਦੀ ਕਾਇਆਂ ਵਿਚ ਸੂਰਜ ਵਾਂਗ ਸ਼ਬਦ-ਗੁਰੂ ਰਾਹੀਂ ਟਿਕਾਇਆ ਗਿਆ ਸੀ। ਭੁੱਖ, ਡਰ ਅਤੇ ਅਦਭੁਤਤਾ ਕਰਿੰਘੜੀ ਪਾਕੇ ਏਥੇ ਪੰਜਾਬ ਵਿਚ ਹੀ ਤੁਰੀਆਂ ਸਨ। ਜਿਹੜੀ ਉਮੀਦ ਦਾ ਮੂੰਹ ਪੰਜਾਬ ਨੂੰ ਗੁਰੂ ਨਾਨਕ ਦੇਵ ਜੀ ਨੇ 15ਵੀਂ ਸਦੀ ਵਿਚ ਵਿਖਾਇਆ ਸੀ, ਉਸ ਨਾਲ ਧਰਮ ਅਤੇ ਸਭਿਆਚਾਰ ਦੀ ਦੋਸਤੀ, ਵਿਰਾਸਤੀ ਸੁਰ ਵਿਚ ਗੁਰੂ ਕਾਲ ਨਾਲ ਹੀ ਸ਼ੁਰੂ ਹੋਈ ਸੀ। ਇਸ ਵਿਚ ਸਿਆਸਤ ਨੂੰ ਵੜਣ ਅਤੇ ਨਿਕਲਣ ਦੀ ਆਗਿਆ ਸੀ, ਪਰ ਪਰਦੇਸੀਆਂ ਵਾਂਗ ਕੇਵਲ ਕਮਾਈ ਕਰਣ ਵਾਸਤੇ। ਪੈੜਾਂ ਨੂੰ ਦੱਬਕੇ ਮੰਜ਼ਲਾਂ ਮਾਰਨ ਦਾ ਇਤਿਹਾਸ ਦਸਮ ਪਤਸ਼ਾਹ ਜੀ ਨੇ ਪੰਜ ਪਿਆਰਿਆਂ ਦੀ ਸੰਸਥਾ ਰਾਹੀਂ ਸਿਰਜਿਆ ਸੀ। ਸ਼ਹੀਦੀਆਂ ਨੂੰ ਫਲ ਏਥੇ ਹੀ ਲੱਗਦਾ ਰਿਹਾ ਸੀ। ਭੁੱਖ ਨੂੰ ਭਵਿਖ ਵਿਚ ਬਦਲਣ ਦੀ ਇਹ ਤਕਨਾਲੋਜੀ ਯੁੱਗਾਂ ਤੋਂ ਉਪਰ ਉਠਕੇ ਵਿਚਰ ਸਕਣ ਦੀ ਸਮਰਥਾ ਵਾਂਗ ਪ੍ਰਗਟ ਏਥੇ ਹੀ ਹੁੰਦੀ ਰਹੀ ਸੀ। ਪੰਜ ਪਾਣੀਆਂ ਦੀ ਇਹ ਧਰਤੀ ਬੂੰਦ ਬੂੰਦ ਨੂੰ ਤਰਸਣ ਤੱਕ ਵੀ ਏਥੇ ਹੀ ਪਹੁੰਚੀ ਹੈ। ਡਿਗਦਾ ਉਠਦਾ ਪੰਜਾਬ ਬੇਇਨਸਾਫੀ ਅੱਗੇ ਚੁੱਪ ਰਹਿਣ ਨੂੰ ਪਾਪ ਸਮਝਦਾ ਰਿਹਾ ਹੈ। ਸਿਧਾਂਤਕੀ ਨੂੰ ਅਮਲ ਵਿਚ ਢਾਲਣ ਦੀ ਜ਼ੁੰਮੇਵਾਰੀ ਪੰਜਾਬ ਨੇ ਸਿਰ ਤਲੀ ਤੇ ਧਰਕੇ ਖੂਬ ਨਿਭਾਈ ਹੈ। ਪਿੰਡਾਂ ਦੀ ਸਲਤਨਤ ਪੰਜਾਬ ਦੀ ਮਿੱਟੀ ਨੇ ਸ਼ਹਿਰਾਂ ਦਾ ਸੁਪਨਾ ਅੰਮ੍ਰਿਤਸਰ ਰਾਹੀਂ ਆਰੰਭਿਆ ਸੀ। ਖੇਤ, ਰਸਤਾ ਨਹੀਂ ਰੋਕਦੇ ਕਿਉਂਕਿ ਰਸਤੇ ਜੋੜਣ ਦੀ ਭੂਮਿਕਾ ਨਿਭਾਉਂਦੇ ਹਨ। ਰਲ ਕੇ ਕੁਝ ਬਣਨ ਦੀ ਸੰਗਤੀ ਪਹੁੰਚ ਫੈਲਣ ਅਤੇ ਖੜਣ ਦੀ ਕਹਾਣੀ ਪੰਜਾਬ ਨਾਲ ਹੀ ਬਹੁਤ ਸਾਰੇ ਰੰਗਾਂ ਵਿਚ ਜੁੜੀ ਹੋਈ ਹੈ। ਬੱਚੇ ਨੂੰ ਬੇਸ਼ਕ ਪਤਾ ਨਹੀਂ ਹੁੰਦਾ ਕਿ ਉਹ ਸਭਿਆਚਾਰ ਵਿਚ ਜਿਊਂ ਰਿਹਾ ਹੈ, ਪਰ ਸੱਚ ਇਹ ਹੈ ਕਿ ਬੀਜ ਦੀ ਮਾਂ ਹੀ ਰੂਪ ਦੀ ਮਾਂ ਵੀ ਹੁੰਦੀ ਹੈ 19 ਪੰਨਾ। ਜਿਵੇਂ ਜਿਵੇ ਮਿਹਨਤ ਨੂੰ ਸੁੰਦਰਤਾ ਤੋਂ ਵੱਖ ਨ ਸਮਝਣ ਦੀ ਸਮਝ ਪੈਦਾ ਹੁੰਦੀ ਰਹੀ ਹੈ, ਆਪਣੇ ਤੋਂ ਬਾਹਰ ਦਾ ਸੱਚ ਅਮਲ ਦਾ ਜਾਮਾ ਪਹਿਨਦਾ ਰਿਹਾ ਹੈ। ਉਸਾਰ, ਗਲਬਾਤ ਦਾ ਮਾਧਿਅਮ ਹੋਵੇ ਤਾਂ ਨੈਤਿਕ ਵਰਤਾਰਿਆਂ ਵਾਸਤੇ ਸਪੇਸ ਪੈਦਾ ਹੋਣ ਲੱਗ ਪੈਂਦੀ ਹੈ। ਪੰਜਾਬ ਨੂੰ ਇਕ ਭੂਖੰਡ ਦੇ ਪੁਰਾਤਤਵ ਵਾਂਗ ਵੀ ਵੇਖਿਆ ਜਾ ਸਕਦਾ ਹੈ। ਇਸ ਨੂੰ ਕਵੀ ਪਹਿਲੀ ਪ੍ਰਾਰਥਨਾ ਵਾਂਗ ਵੇਖਣ ਦੀ ਸਿਫਾਰਸ਼ ਕਰਦਾ ਹੈ। ਏਥੇ ਹੀ ਧੁਨੀ ਨੇ ਬੋਲੀ ਵਿਚੋਂ ਨਿਕਲਕੇ ਸੰਗੀਤ ਦਾ ਜਾਮਾ ਪਹਿਨਿਆ ਤਾਂ ਸੰਕੀਰਤਨ ਵਿਚ ਕੀਰਤਨ ਸਥਾਪਤ ਹੋ ਗਿਆ ਸੀ। ਇਸ ਨਾਲ ਮਰਯਾਦਾ, ਤਾਕਤ ਹੋਣ ਵਾਲੇ ਰਾਹ ਪੰਜਾਬ ਵਿਚ ਪੈਂਦੀ ਰਹੀ ਹੈ। ਪਿਆਰ ਵਿਚੋਂ ਵੰਡਣ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਕਬਜ਼ੇ ਤੋਂ ਪਛਾਣ ਤੱਕ ਦੀ ਇਹ ਯਾਤਰਾ ਅਧਿਕਾਰ ਤੇ ਨੈਤਿਕਤਾ ਦੀ ਜਿਤ ਵਾਂਗ ਸਮਝੀ ਜਾਣੀ ਚਾਹੀਦੀ ਹੈ। ਵਡੇ ਤੋਂ ਛੋਟੇ ਹੋਣ ਨੂੰ ਛੋਟੇ ਤੋਂ ਵਡੇ ਹੋਣ ਦੀ ਸੰਭਾਵਨਾ ਵਾਂਗ ਕਵੀ ਨੇ ਪੰਜਾਬ ਨਾਲ ਜੋੜ ਕੇ ਇਸ ਤਰ੍ਹਾਂ ਜੋੜਿਆ ਹੋਇਆ ਹੈ:

ਜਦ ਮਨੁਖ ਆਕਾਸ਼ ਨੂੰ ਪੜ੍ਹਦਾ ਹੈ,
ਉਹ ਵਡਾ ਹੁੰਦਾ ਹੈ।
ਜਦ ਉਹ ਆਪਣੇ ਹੀ ਬਣਾਏ ਹੋਏ ਕ੍ਰਮ ਨੂੰ
ਅਟਲ ਮੰਨ ਲੈਂਦਾ ਹੈ,
ਉਹ ਛੋਟਾ ਵੀ ਹੋ ਜਾਂਦਾ ਹੈ। ਪੰਨਾ 27

ਛੋਟਾਪਨ ਹੋਰਨਾਂ ਦੀਆਂ ਚੁੱਪਾਂ ਨੂੰ ਗਾਇਬ ਹੋਣ ਦੀ ਆਗਿਆ ਹੈ। ਅੱਗ ਦੁਆਲੇ ਉਚਾਰੇ ਮੰਤਰਾਂ ਦੀ ਭਰਮ ਮੂਲਕ ਪਹੁੰਚ ਅਤੇ ਅਗਿਆਤ ਕਲਪਿਤ ਵਰਤਾਰੇ ਨੂੰ ਚੰਡੀ ਦੇ ਪ੍ਰਗਾਵੇ ਨਾਲ ਜੋੜਕੇ ਲੋਕ ਮਾਨਸਿਕਤਾ ਵਿਚ ਉਤਾਰਨ ਵਾਸਤੇ ਸਪੇਸ ਪੰਜਾਬ ਕੋਲ ਹੀ ਸੀ। ਸਭਿਆਤਾਵਾਂ ਦੇ ਪੰਘੂੜੇ ਨੂੰ ਵਿਰਾਸਤ ਬਣਾ ਸਕਣ ਦੀ ਸ਼ਕਤੀ ਵੀ ਸਿਰ ਦੇ ਕੇ ਪੰਜਾਬ ਵਿਚ ਹੀ ਵਿਹਾਜੀ ਜਾਂਦੀ ਰਹੀ ਹੈ। ਇਸ ਪਾਸੇ ਤੁਰਾਂਗੇ ਤਾਂ ਪੰਜਾਬ ਨੂੰ ਭੂਖੰਡ ਦੇ ਵਿਰਾਸਤੀ ਪੁਰਾਤਤਵ ਵਾਂਗ ਸਥਾਪਤ ਕਰਣ ਦੀ ਲੋੜ ਨੂੰ ਅਕਾਦਮਿਕ ਸੁਰ ਵਿਚ ਸਾਹਮਣੇ ਲਿਆ ਸਕਾਂਗੇ। ਇਸ ਨੂੰ ਪ੍ਰੋ. ਪੂਰਨ ਸਿੰਘ ਨੇ 'ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ ਜਟ ਬੂਟ ਮੇਰੇ ਯਾਰ ਵੋ' ਕਿਹਾ ਸੀ। ਗਰੇਵਾਲ ਇਸ ਨਾਲੋਂ ਅੱਗੇ ਤੁਰਨ ਦੀ ਬਾਤ ਪਾ ਰਿਹਾ ਹੈ। ਇਸ ਨੂੰ ਅਣਲਿਖੀ ਆਵਾਜ਼ ਵਾਂਗ ਸਾਂਝਾ ਕਰਣ ਦੀ ਕੋਸ਼ਿਸ਼ ਨਾਲ ਜੁੜੀ ਹੋਈ ਇਸ ਕਾਵਿ ਪੁਸਤਕ ਦਾ ਸਵਾਗਤ ਕਰਣ ਵਿਚ ਫਖਰ ਮਹਿਸੂਸ ਕਰ ਰਿਹਾ ਹਾਂ। ਇਸ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੇ ਯੋਗਦਾਨ ਨੂੰ ਕਵੀ ਇਸ ਤਰ੍ਹਾਂ ਪ੍ਰਗਟਾਉਂਦਾ ਹੈ:

ਇਸੇ ਲਈ ਇਕ ਕਚਾ ਨਕਸ਼ਾ
ਅੰਤਿਮ ਨਹੀਂ ਸੀ।
ਇਸ ਵਿਚ ਦਰਾਰਾਂ ਵੀ ਸਨ, ਰਾਹ ਵੀ,
ਅਤੇ ਉਹ ਸਾਰੇ ਅਣਬੋਲੇ ਪ੍ਰਸ਼ਨ ਵੀ,
ਜੋ ਬਾਅਦ ਵਿਚ ਸੱਤਾ ਦੀ ਬੋਲੀ,
ਸੂਫੀਆਂ ਦੀ ਸਾਹ, ਨਾਨਕ ਦੀ ਨਿਗਾਹ,
ਅਤੇ ਲੋਕਾਂ ਦੀ ਰੋਜ਼ਮਰ੍ਹਾ ਚੇਤਨਾ ਵਿਚ
ਫਿਰ ਉਠਣੇ ਸਨ। ਪੰਨਾ 38

ਇਸ ਇਸ਼ਾਰੇ ਦੀ ਉਂਗਲ ਫੜ ਕੇ ਇਹ ਸੱਚ ਸਥਾਪਤ ਕੀਤਾ ਜਾ ਸਕਦਾ ਹੈ ਕਿ ਰਿਸ਼ੀ ਪਰੰਪਰਾ, ਸੰਤ ਪਰੰਪਰਾ ਅਤੇ ਭਗਤ ਪਰੰਪਰਾ ਵਿਚ ਜੋ ਸੁਰਾਂ ਸਨ, ਉਨ੍ਹਾਂ ਨੂੰ ਸ਼ਬਦ-ਗੁਰੂ ਦੀ ਸਿਧਾਂਤਕਤਾ ਵਿਚ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ ਸੀ ਅਤੇ ਓਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਜਾਗਤ ਜੋਤਿ ਜ਼ਾਹਰਾ ਜ਼ਹੂਰ ਵਾਂਗ ਸਦਾ ਵਾਸਤੇ ਸੰਭਾਲਿਆ ਹੋਇਆ ਹੈ। ਇਸ ਨੂੰ ਕਵੀ ਨੇ 'ਭਾਸ਼ਾ ਦੇ ਬਦਲਾਵ ਦੇ ਨਾਲ ਨਾਲ ਆਤਮਾ ਦਾ ਹੱਕ ਬਦਲਦਾ' ਕਿਹਾ ਹੋਇਆ ਹੈ। (41) ਪੰਜਾਬ ਵਿਚ ਇਹ ਦਰਵੇਸ਼ਾਂ ਦੀ ਹਵਾ ਵਾਂਗ ਵਗਿਆ ਅਤੇ ਬੰਦੇ ਤੇ ਰੱਬ ਵਿਚਕਾਰ ਦੂਰੀਆਂ ਨੂੰ ਘਟਾਉਣ ਵਾਲੇ ਰਾਹ ਪੈ ਗਿਆ।

ਇਕ ਵਡਾ ਬਦਲਾਵ, ਹਮੇਸ਼ਾ ਪਹਿਲਾਂ ਭਾਸ਼ਾ ਵਿਚ ਹੁੰਦਾ ਹੈ।
ਫਿਰ ਸਮਾਜ ਨੂੰ ਹਿਲਾਉਂਦਾ ਹੈ। ਪੰਨਾ 44

ਧਰਮ ਨਿਭਾਉਂਦਿਆ ਦੂਰੀ ਉਤੇ ਸ਼ੱਕ ਨੂੰ ਆਮ ਬੰਦੇ ਤੱਕ ਲੈ ਕੇ ਜਾਣ ਦੀ ਭੂਮਿਕਾ ਪੰਜਾਬ ਨੇ ਹੀ ਨਿਭਾਈ ਸੀ। ਫਿਰ ਹੁਣ ਕਿਉਂ ਨਹੀਂ ਨਿਭਾ ਸਕਦਾ? ਜਵਾਬ ਲੱਭਣ ਵਿਚ ਇਹ ਪੁਸਤਕ ਸਹਾਇਤਾ ਕਰ ਸਕਦੀ ਹੈ। ਇਸ ਨਾਲ ਨਿਭ ਰਹੀ ਚੇਤਨਾ ਨੂੰ ਕਵੀ ਨੇ ਬੁਲ੍ਹੇ ਸ਼ਾਹ ਅਤੇ ਸ਼ਾਹ ਹੁਸੈਨ ਦੇ ਹਵਾਲੇ ਨਾਲ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਇਹ ਅਹਿਸਾਸ ਇਕ ਦੂਜੇ ਅੰਦਰ ਵੱਸਦੀ ਆਤਮਾ ਦੀ ਪਛਾਣ ਦੀ ਕੋਸ਼ਿਸ਼ ਵਾਂਗ ਵੇਖਿਆ ਜਾ ਸਕਦਾ ਹੈ। ਇਸ ਵਾਸਤੇ ਲੋੜੀਂਦੇ ਬਦਲਾਵ ਦੀ ਸਿਧਾਂਤਕੀ ਨੂੰ ਸ਼ਬਦ-ਗੁਰੂ ਵਿਚ ਟਿਕਿਆ ਹੋਇਆ ਸਮਝਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਆਧਾਰ ਮੁਹੱਈਆਂ ਕਰਦੇ ਹਨ। ਕਵੀ ਦੀ ਜ਼ਬਾਨ ਵਿਚ ਸੁਣੋ:

ਨ ਦੂਰ ਜਾ ਕੇ ਲੱਭ,
ਨਾ ਉਚਾਰ ਦੀ ਉਚਾਈ ਵਿਚ
ਨਾ ਕ੍ਰਮ ਦੀ ਕਠੋਰਤਾ ਵਿਚ-
ਉਹ ਤੇਰੇ ਹੀ ਸਾਹ ਵਿਚ ਹੈ,
ਤੇਰੀ ਹੋਣੀ ਵਿਚ,
ਤੇਰੀ ਕਮਾਈ ਵਿਚ,
ਤੇਰੇ ਨਾਮ ਦੇ ਸੱਚ ਵਿਚ।
ਟੇਕ ਕਮਾਲ ਹੈ ਬਸ
ਉਹ ਨਾਨਕ ਦੀ ਆਵਾਜ਼ ਸੀ।
ਅਸਤਿਤਵ ਦੀ ਧੜਕਣ
ਨਾਨਕ ਨੇ ਰੱਬ ਨੂੰ ਧਰਤੀ ਤੋਂ ਬਾਹਰ ਨਹੀਂ ਲਭਿਆ। ਪੰਨਾ 50

ਅੰਦਰੋ ਨਹੀਂ ਬਾਹਰੋਂ ਸੰਬੋਧਨ ਨਾਲ ਪੈਦਾ ਹੋਈਆਂ ਦੁਸ਼ਵਾਰੀਆਂ ਦਾ ਪ੍ਰਸੰਗ ਸਿਰਜਣ ਇਸ ਪੁਸਤਕ ਵਿਚ ਹੋ ਗਿਆ ਹੈ ਅਤੇ ਕਵੀ ਨੇ 57 ਸਫੇ ਤੇ ਸਿਰਲੇਖ ਹੀ ਇਹ ਦਿੱਤਾ ਹੋਇਆ ਹੈ ਕਿ 'ਜਦੋਂ ਸ਼ਬਦ ਨੇ ਲੋਕਾਂ ਨੂੰ ਸੰਗਤ ਬਣਾਇਆ ਅਤੇ ਸੰਗਤ ਨੇ ਇਤਿਹਾਸ ਨੂੰ ਨਵਾਂ ਰਾਹ ਦਿੱਤਾ'। ਇਤਿਹਾਸ ਇਥੇ ਆਮ ਬੰਦੇ ਦੇ ਦਿਲ ਵਿਚ ਅੱਗ ਵਾਂਗ ਜਗਣ ਦੀ ਜਗਿਆਸਾ ਲੱਗਦਾ ਹੈ। ਭਾਈ ਵੀਰ ਸਿੰਘ ਦੇ ਨਾਵਲ ਇਸ ਇਕ ਨੁਕਤੇ ਕਰਕੇ ਸਦਾ ਜਿੰਦਾ ਹਨ। ਸੁਨੇਹਿਆਂ ਦੇ ਠਿਕਾਣਾ ਬਣਨ ਦੀ ਇਸ ਦਾਸਤਾਨ ਦਾ ਗਾਇਣ ਹੋ ਗਈ ਹੈ ਇਹ ਪੁਸਤਕ। ਸਿੱਖ ਨੂੰ ਕਵੀ ਨੇ 'ਧੀਰੇ ਧੀਰੇ ਤਿਆਰ ਹੁੰਦਾ ਸਰੀਰ ਆਖਿਆ ਹੈ। ਇਸ ਦੇ ਪ੍ਰਗਟਾਵੇ ਬਾਣੀ ਦੇ ਰੰਗ ਵਿਚ ਸੰਗਤ, ਪੰਗਤ, ਲੰਗਰ ਅਤੇ ਸੇਵਾ ਰਾਹੀ ਉਭਰਦੇ ਰਹੇ ਸਨ। ਹੀਣਤਾ ਦੀ ਧੂੜ ਨੂੰ ਧੋਕੇ ਊਰਜਿਤ ਦੇਹ ਅਤੇ ਹਿੰਮਤ ਸਿੱਖ ਸਭਿਆਚਾਰ ਹੋ ਗਈ ਸੀ ਕਿਉਂਕਿ ਪੰਜਾਬ ਨੇ ਗੁਰੁ ਦੇ ਨਾਮ ਤੇ ਜਿਊਣ ਦੀ ਜਾਚ ਸਿੱਖ ਲਈ ਸੀ। ਇਸ ਦੀ ਪੁਸਤਕ ਵਿਚ ਨੌਵੀਂ ਪਰਤ 65 ਸਫੇ ਤੇ ਇਸ ਤਰ੍ਹਾਂ ਹੈ-'ਜਦੋਂ ਸ਼ਹਾਦਤ ਨੇ ਸ਼ਬਦ ਨੂੰ ਲਹੂ ਦੀ ਅੱਗ ਵਿਚ ਸੰਭਾਲਿਆ'। ਇਸ ਨਾਲ ਕਵੀ ਨੇ ਸੁੱਤੀਆਂ ਜਗਾਉਣ ਦੀ ਭੂਮਿਕਾ ਨਿਭਾਈ ਹੈ। ਭੈਅ ਨੂੰ ਛੜੱਪਣ ਅਤੇ ਸਾਰਿਆਂ ਨੂੰ ਆਪਣਾ ਸਮਝਣ ਦੀ ਮਾਨਸਿਕਤਾ ਹੀ ਸਿੱਖ ਪਛਾਣ ਵਾਂਗ ਏਸੇ ਧਰਤੀ ਤੇ ਨਰਕ ਤੋਂ ਉੱਠਕੇ ਸੁਰਗ ਨੂੰ ਜਿੱਤ ਲੈਣ ਦੀ ਦ੍ਰਿੜ੍ਹਤਾ ਪੈਦਾ ਕਰਦੀ ਰਹੀ ਹੈ। ਇਹ ਮਾਨਸਿਕਤਾ ਕਵੀ ਦੇ ਸ਼ਬਦਾਂ ਵਿਚ 'ਦੇਹ ਦੇ ਢਹਿ ਜਾਣ ਤੇ ਵੀ ਸੱਚ ਨੂੰ ਢਹਿਣ ਨਹੀਂ ਦਿੰਦੀ' ਕਿਹਾ ਹੋਇਆ ਹੈ। ਇਸ ਪ੍ਰਸੰਗ ਵਿਚ ਸ਼ਹੀਦੀ ਨੂੰ ਬਾਣੀ ਦਾ ਸਰੀਰ ਵਿਚ ਉਤਰ ਆਉਣਾ ਕਿਹਾ ਹੋਇਆ ਹੈ। ਇਸ ਦਾ ਸਿੱਖ ਪ੍ਰਸੰਗ ਕਵੀ ਨੇ ਇਸ ਤਰ੍ਹਾਂ ਸਥਾਪਤ ਕੀਤਾ ਹੋਇਆ ਹੈ:

ਸ਼ਹਾਦਤ
ਇਕ ਵਾਰੀ ਆਕੇ ਨਹੀਂ ਜਾਂਦੀ।
ਉਹ ਇਤਿਹਾਸ ਦੀ ਰਗ ਵਿਚ ਵੱਸ ਜਾਂਦੀ ਹੈ।
ਅਤੇ ਜਦ ਜਦ ਜ਼ੁਲਮ
ਮਨੁੱਖ ਦੀ ਰੂਹ ਨੂੰ ਥੱਲੇ ਦਬਾਉਂਦਾ ਹੈ,
ਉਹ ਮੁੜ ਜਾਗਦੀ ਹੈ।

ਸਿਧਾਂਤ ਦੇ ਅਮਲ ਨੂੰ ਸਮਕਾਲ ਵਿਚ ਉਤਾਰਨ ਦੀ ਜਿਹੜੀ ਭੂਮਿਕਾ ਇਨ੍ਹਾਂ ਕਵਿਤਾਵਾਂ ਵਿਚ ਨਿਭਾਈ ਗਈ ਹੈ, ਉਸ ਨਾਲ ਸਿੱਖ ਅਕਾਦਮਿਕਤਾ ਦੀਆਂ ਪੈੜਾਂ ਲੋੜਵੰਦਾਂ ਵਾਸਤੇ ਪੈ ਗਈਆਂ ਹਨ। ਦੂਜੇ ਦੀ ਆਜ਼ਾਦੀ ਲਈ ਸਿਰ ਦੇਣ ਦੀ ਸਿਧਾਂਤਕੀ ਦੀਆਂ ਪੋਸਟ ਹਿਊਮੈਨ ਪੈੜਾਂ ਵੀ ਇਸ ਪੁਸਤਕ ਦਾ ਹਾਸਲ ਹਨ। ਇਹੀ ਪ੍ਰਤੀਰੋਧ ਨ ਰਹਿਕੇ ਨੈਤਿਕ ਆਕਾਸ਼ ਦੀ ਕੰਨੀ ਚੁੱਕਣ ਵਾਂਗ ਹੈ। ਇਸ ਨੂੰ ਸਮਰਥਾ ਮੁਤਾਬਿਕ ਸਮਝਣ ਦੇ ਇਮਤਿਹਾਨ ਵਿਚ ਵੀ ਇਹ ਪੁਸਤਕ ਪਾਉਂਦੀ ਹੈ। ਇਹ 'ਜੀਵਨ ਦੇਕੇ ਵੀ ਨ ਛੱਡਣ ਵਾਲੀ ਮਰਯਾਦਾ' ਹੋ ਗਈ ਹੈ। ਕਵੀ ਨਿਸ਼ੰਗ ਹੋਕੇ ਕਹਿੰਦਾ ਹੈ ਕਿ ਇਸ ਨੂੰ 'ਖਾਲਸੇ ਦੇ ਰੂਪ ਵਿਚ ਨਵਾਂ ਇਤਿਹਾਸਕ ਸਰੀਰ ਲ਼ੈਣ' ਬਾਰੇ ਵੀ ਸੋਚਣਾ ਅਤੇ ਸਮਝਣਾ ਪੈਣਾ ਹੈ। ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ 'ਖਾਲਸੇ ਨੇ ਡਰੇ ਹੋਏ ਮਨੁੱਖ ਨੂੰ ਇਤਿਹਾਸ ਦਾ ਸਿੰਘ ਬਣਾ ਦਿੱਤਾ ਸੀ', ਤਾਂ ਤੇ ਇਸ ਵਿਰਾਸਤ ਦੇ ਸਨਮੁਖ ਹੋਣ ਤੋਂ ਕੌਣ ਕਿਸ ਨੂੰ ਰੋਕ ਰਿਹਾ ਹੈ। ਇਥੋਂ ਸਿੱਖੀ ਨੂੰ ਡੀਕੋਡ ਕਰਣ ਅਤੇ ਰੀਰੀਡਿੰਗ ਕਰਣ ਦੀ ਅਕਾਦਮਿਕ ਲੋੜ ਸ਼ੁਰੂ ਹੋ ਜਾਂਦੀ ਹੈ। ਇਹ ਕਵੀ ਦੇ ਸ਼ਬਦਾਂ ਵਿਚ ਪੁਕਾਰ ਵੀ ਹੈ, ਪਰਖ ਵੀ ਹੈ ਅਤੇ ਪ੍ਰਕਾਸ਼ ਵੀ ਹੈ। ਪੰਜ ਦੇ ਪੰਥਕ ਮੁਹਾਵਰੇ ਦੀ ਡੀਕੋਡਿੰਗ ਕੀਤੀ ਹੋਈ ਵੇਖੋ:

ਸਿਰਫ ਪੰਜ ਮਨੁੱਖ ਨਹੀਂ।
ਪੰਜ ਦਿਸ਼ਾਵਾਂ।
ਪੰਜ ਨਸਾਂ।
ਪੰਜ ਹਿੰਮਤਾਂ।
ਪੰਜ ਜਨਮ।
ਪੰਜ ਉਹ ਦਰਾਰਾਂ
ਜਿਨ੍ਹਾਂ ਰਾਹੀਂ ਡਰ
ਮਨੁੱਖੀ ਰੂਹ ਤੋਂ ਬਾਹਰ ਨਿਕਲਣਾ ਸ਼ੁਰੂ ਕਰਦਾ ਹੈ।
ਪੰਨਾ 75

ਅੰਮ੍ਰਿਤ ਨੂੰ ਕਵੀ ਰੂਹ ਦੇ ਨਵੇਂ ਰਸਾਇਣ ਵਾਂਗ ਵੇਖਦਾ ਹੈ ਤਾਂ ਹਿੰਮਤ, ਨਵਾਂ ਜਨਮ ਅਰਥਾਤ ਬਦਲਾਵ ਮਾਡਲ ਸਿੱਖ ਅਕਾਦਮਿਕਤਾ ਵਾਂਗ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ। ਸਿੰਘ ਅਤੇ ਕੌਰ ਨੂੰ ਏਸੇ ਤਰ੍ਹਾਂ ਵੇਖਦਾ ਵੇਖਦਾ ਕਵੀ ਕਹਿੰਦਾ ਹੈ:

ਖਾਲਸਾ
ਕੇਵਲ ਧਾਰਮਿਕ ਦੇਹ ਨਹੀਂ ਸੀ।
ਇਹ ਇਤਿਹਾਸ ਦਾ
ਨਵਾਂ ਨੈਤਿਕ-ਰਾਜਨੀਤਕ ਸਰੀਰ ਸੀ। ਪੰਨਾ 79

ਕਵੀ ਨੇ ਇਸ ਨੂੰ ਇਤਿਹਾਸ ਦੀ ਨਵੀ ਰੀੜ੍ਹ ਖੜੀ ਕੀਤੀ ਕਿਹਾ ਹੋਇਆ ਹੈ। ਜਿਨ੍ਹਾਂ ਨਾਲ ਸੰਬਾਦ ਨਹੀਂ ਰਚਾਇਆ ਜਾ ਸਕਦਾ ਉਨ੍ਹਾਂ ਨੂੰ ਇਹ ਪੁਸਤਕ ਸੰਬੋਧਿਤ ਨਹੀਂ ਹੈ। ਇਸ ਕਰਕੇ ਲਕੀਰ ਦੇ ਫਕੀਰਾਂ ਅਤੇ ਡਾਂਗ ਤੇ ਡੇਰੇ ਵਾਲਿਆਂ ਨੂੰ ਮਿਸਲ ਮਾਡਲ ਤੋਂ ਸਿਰ ਜੋੜਣ ਦੀ ਜਾਚ ਸਿੱਖਣ ਦੀ ਕੋਸ਼ਿਸ਼ ਕਰਣੀ ਚਾਹੀਦੀ ਹੈ:

ਮਿਸਲ
ਉਹ ਇਤਿਹਾਸਕ ਰੂਪ ਹੈ
ਜਿਸ ਵਿਚ ਵਿਖਰਿਆ ਹੋਇਆ ਹੌਂਸਲਾ
ਆਪਣੇ ਲਈ
ਇਕ ਅਸਥਾਈ ਪਰ ਅਸਲ ਕੇਂਦਰ ਬਣਾਉਂਦਾ ਹੈ। ਪੰਨਾ 92

ਤਖਤ ਜਿੱਤਣ ਅਤੇ ਰਾਜ ਬਨਾਉਣ ਵਿਚ ਫਰਕ ਸਮਝੇ ਜਾਣ ਦੀ ਲੋੜ ਵੱਲ ਪੁਸਤਕ ਧਿਆਨ ਦੁਆਉਂਦੀ ਹੈ। ਪੁਸਤਕ ਦੀ ਉਂਗਲੀ ਫੜਕੇ ਤੁਰਦਿਆਂ ਵਾਟ ਲੰਮੀ ਹੋਣ ਤੋਂ ਬਚਕੇ ਮੁੱਕਦੀ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਮਿਸਲਾਂ ਦੇ ਜਗੀਰਦਾਰੀ ਪ੍ਰਬੰਧ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬ ਦੀ ਹੋਣੀ ਨੂੰ ਘੜਣ ਵਿਚ ਸਿੱਖ ਭੂਮਿਕਾ ਕਲੋਨੀਅਲ ਅਗਵਾਈ ਵਿਚ ਕਿਵੇਂ ਵਿਚਰਦੀ ਰਹੀ ਹੈ, ਕਵੀ ਨੇ ਪ੍ਰਸੰਗ ਸਥਾਪਨ ਕਰਣ ਦੀ ਕੋਸ਼ਿਸ਼ ਕੀਤੀ ਹੋਈ ਹੈ। ਖੁਸ਼ਹਾਲੀ ਦੀ ਆੜ ਵਿਚ ਕਲੋਨੀਅਲ ਲੁੱਟ ਨਾਲ ਪੰਜਾਬ ਕਿਵੇਂ ਨਿਭਿਆ ਵੀ ਕਵੀ ਦੇ ਧਿਆਨ ਵਿਚ ਹੈ। ਕਵੀ ਨੇ ਇਸ ਨੂੰ ਇਸ ਤਰ੍ਹਾਂ ਸਮੇਟਿਆ ਹੋਇਆ ਹੈ:

ਮੇਰੇ ਲੋਕਾਂ ਦੀ ਖੁਦਮੁਖਤਿਆਰੀ ਲਹਿਰ ਵਿਚ ਨਹੀਂ,
ਸਾਮਰਾਜੀ ਮਕਸਦ ਦੀ ਗਿਣਤੀ ਵਿਚ ਵੱਧ ਵੱਸਣ ਲੱਗੀ ਹੈ। ਪੰਨਾ 127

ਏਥੋਂ ਸ਼ੁਰੂ ਹੁੰਦੀ ਹੈ ਆਪਣੇ ਨਾਲ ਵਾਦ ਵਿਵਾਦ ਦੀ ਕਥਾ ਅਤੇ ਇਸ ਨਾਲ ਸਮਕਾਲ ਸਿਰਜਨ ਦੀ ਕਹਾਣੀ:

ਮੇਰੇ ਲੋਕ
ਹਰ ਉਤਰ ਲਿਖਣਾ ਚਾਹੁੰਦੇ ਸਨ-
ਆਪਣੇ ਸ਼ਬਦ ਵਿਚ, ਆਪਣੀ ਲਿਪੀ ਵਿਚ,
ਆਪਣੇ ਮੂਲਾਂ ਦੀ ਵਿਆਖਿਆ ਕਰਕੇ,
ਆਪਣੇ ਰਸਤੇ ਚੁਣ ਕੇ। ਪੰਨਾ 139

ਇਸੇ ਪੰਜਾਬ ਵਿਚ ਆਜ਼ਾਦੀ ਦੀ ਆਵਾਜ਼ ਵਾਂਗ ਰਹੀਆਂ ਹਨ ਕਿਸਾਨ, ਮਜ਼ਦੂਰ, ਗਦਰੀ, ਅਕਾਲੀ ਅਤੇ ਇਨਕਲਾਬੀ ਲਹਿਰਾਂ ਅਤੇ ਇਹ ਸਾਹਮਣੇ ਲਿਆਉਂਦੀਆਂ ਰਹੀਆ ਹਨ:

ਮਨੁੱਖ
ਝੁਕ ਕੇ ਨਹੀ ਜਿਊਂਦਾ।
ਰੋਟੀ
ਅਪਮਾਨ ਨਾਲ ਨਹੀ ਖਾਧੀ ਜਾਂਦੀ।
ਗੁਰੂ ਦਾ ਘਰ
ਵਿਕਦਾ ਨਹੀਂ। ਪੰਨਾ 145

ਦੇਸ਼ ਦੀ ਆਜ਼ਾਦੀ ਨਾਲ ਪੰਜਾਬ ਦੀ ਦੇਹ ਦੋਫਾੜ ਹੋ ਗਈ ਸੀ। ਇਸ ਹਾਲਤ ਵਿਚ ਵੀ ਉਜੜੇ ਹੋਏ ਹੱਥਾਂ ਨੇ ਰਾਖ ਵਿਚੋਂ ਘਰ, ਮੰਡੀ, ਖੇਤ ਅਤੇ ਨਵਾਂ ਪੰਜਾਬ ਮੁੜ ਖੜਾ ਕੀਤਾ ਹੈ। ਵੰਡ ਤੋਂ ਬਾਅਦ ਵਾਲੇ ਪੰਜਾਬ ਨੂੰ ਕਵੀ ਨੇ ਜ਼ਖਮੀ ਸ਼ੇਰ ਕਿਹਾ ਹੈ ਅਤੇ ਇਸ ਨਾਲ ਜੁੜੀ ਇਤਿਹਾਸਕ ਭਟਕਣ ਦੀ ਬਾਤ ਵੀ ਪਾਈ ਹੈ। ਵਿਕਾਸ ਅਤੇ ਖੁਸ਼ਹਾਲੀ ਵਿਚੋਂ ਗੁਆਚੀ ਪਛਾਣ ਲੱਭਣ ਦੀ ਗੱਲ ਵੀ ਇਸ ਪੁਸਤਕ ਦਾ ਹਿੱਸਾ ਹੈ। ਸਮਾਪਤੀ ਇਸ ਅੰਤਮ ਟੇਕ ਨਾਲ 228 ਸਫਿਆਂ ਦੀ ਕਿਤਾਬ ਦੀ ਇਸ ਤਰ੍ਹਾਂ ਕੀਤੀ ਹੋਈ ਹੈ:

ਮੈਂ ਪੰਜਾਬ ਹਾਂ-
ਮੇਰੇ ਅੰਦਰ ਪਾਣੀ ਵੀ ਵਗਦਾ ਹੈ,
ਲਹੂ ਵੀ,
ਬੋਲੀ ਵੀ।
ਮੈਂ ਆਪਣੀ ਮੁੜ ਪ੍ਰਾਪਤੀ
ਸੱਤਾ ਵਿਚ ਨਹੀਂ,
ਨਵੀਂ ਨੈਤਿਕ ਬੁਲੰਦੀ ਵਿਚ ਲੱਭਦੀ ਹਾਂ।
ਇਥੇ ਹੀ
ਮੇਰਾ ਅਗਲਾ ਜਨਮ ਧੜਕਦਾ ਹੈ।

ਇਹ ਪੁਸਤਕ ਪਾਠਕ ਦੀ ਉਡੀਕ ਇਸ ਕਰਕੇ ਕਰਦੀ ਲੱਗਦੀ ਹੈ ਕਿ ਕਵੀ ਪ੍ਰਾਪਤ ਵਿਚੋਂ ਜੋ ਲੈਣਯੋਗ ਹੈ ਉਸ ਨੂੰ ਲੈ ਸਕਣ ਅਤੇ ਜੋ ਛੱਡਣਯੋਗ ਹੈ ਉਸ ਨੂੰ ਛੱਡ ਸਕਣ ਦੀ ਚੇਤਨਾ-ਜੁਗਤਿ ਨੂੰ ਪ੍ਰਚੰਡ ਕਰਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੁਸਤਾਕ ਦਾ ਪੂਰਾ ਸੱਚ ਪੁਸਤਕ ਨੂੰ ਪੜ੍ਹ ਕੇ ਹੀ ਪਤਾ ਲੱਗ ਸਕਦਾ ਹੈ।

# ਨਜ਼ਰੀਏ ਦੇ ਨਕਸ਼

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਨਜ਼ਰੀਆ, ਕਿਸੇ ਵਸਤ/ਵਰਤਾਰੇ ਨੂੰ ਦੇਖਣ, ਸਮਝਣ ਅਤੇ ਇਸਦੀਆਂ ਪਰਤਾਂ ਫਰੋਲਣਾ। ਕਿਸੇ ਕਿਰਿਆ ਵਿਚੋਂ ਆਪਣੀਆਂ ਸੋਚਾਂ ਅਤੇ ਸੰਵੇਦਨਾਵਾਂ ਨੂੰ ਮਿਲੀ ਉਡਾਣ। ਕਿਸੇ ਦ੍ਰਿਸ਼ ਵਿਚੋਂ ਕੁਝ ਅਨੋਖਾ ਚਿੱਤਰਣ ਅਤੇ ਕਿਆਸਣ ਦਾ ਕਾਰਜ। ਕਿਸੇ ਵਿਅਕਤੀ ਦੀਆਂ ਮਸਤਕ ਰੇਖਾਵਾਂ ਵਿਚੋਂ ਉਸਦੀ ਕਿਸਮਤ ਨੂੰ ਪੜ੍ਹਣ ਦਾ ਅਮਲ। ਕਿਸੇ ਸ਼ਖ਼ਸ ਦੀ ਬੋਲਚਾਲ, ਉਸਦਾ ਪੈਰ-ਚਾਲ, ਤੱਕਣੀ, ਅਦਾਵਾਂ ਵਿਚੋਂ ਬਿੰਬ ਉਲੀਕਣਾ। ਕਿਸੇ ਸੰਭਾਵੀ ਭਵਿੱਖ-ਮੁਖੀ ਵਕਤ ਦਾ ਅੰਦਾਜ਼ਾ ਲਾਉਣਾ ਅਤੇ ਇਸ ਅਨੁਸਾਰ ਖੁਦ ਨੂੰ ਵਿਕਸਤ ਕਰਨਾ।

ਹਰ ਇਕ ਦਾ ਨਜ਼ਰੀਆ ਆਪੋ-ਆਪਣਾ। ਵਿਅਕਤੀ ਵਿਸ਼ੇਸ਼ 'ਤੇ ਨਿਰਭਰ। ਉਸਦੀਆਂ ਸੰਵੇਦਨਾਵਾਂ, ਸੁਭਾਅ ਅਤੇ ਚੌਗਿਰਦੇ ਵਿਚੋਂ ਮਿਲੇ ਅਨੁਭਵਾਂ ਦਾ ਅਸਰ। ਉਸਦੇ ਵਿਰਾਸਤੀ ਰੰਗਾਂ ਦਾ ਚਿੱਤਰਣ। ਉਸਦੇ ਮੂਲ ਵਿਚ ਬੈਠਾ ਆਤਮਿਕ ਤੇ ਰੂਹੀ ਵਿਕਾਸ ਅਤੇ ਪ੍ਰਫੁੱਲਤਾ ਦਾ ਨਿਖਾਰ। ਉਸਦੇ ਸੋਚ-ਸਮਾਧਾਨਾਂ ਦਾ ਉਭਾਰ ਜਾਂ ਕਿਸੇ ਵੀ ਕਿਰਿਆ/ਪ੍ਰਤੀਕਿਰਿਆ ਬਾਰੇ ਵਿਚਾਰ।

ਨਜ਼ਰੀਆ ਉਸਾਰੂ ਅਤੇ ਨਕਾਰਾਤਮਿਕ ਵੀ। ਕਦੇ ਦੁੱਖ ਦੀ ਕਲਪਨਾ ਤੇ ਕਦੇ ਸੁੱਖ ਦਾ ਖ਼ਿਆਲ। ਕਦੇ ਸੂਹੇ ਸੁਪਨਿਆਂ ਦੀ ਪ੍ਰਵਾਜ਼ ਤੇ ਕਦੇ ਧੁਖ਼ਦੇ ਖ਼ਾਬਾਂ ਦਾ ਖਿਆਲ। ਕਦੇ ਆਪੇ ਨਾਲ ਮਿਲਣ ਦੀ ਅਰਾਧਨਾ ਅਤੇ ਕਦੇ ਖ਼ੁਦ ਤੋਂ ਵਿਛੜਣ ਦਾ ਸੰਤਾਪ। ਕਦੇ ਅੰਦਰ ਵਿਚ ਧੁਖ ਰਿਹਾ ਸੋਗ ਤੇ ਕਦੇ ਸਾਹਾਂ ਵਰਗਿਆਂ ਦਾ ਵਿਯੋਗ। ਕਦੇ ਬਹਾਰਾਂ ਦਾ ਖਿਆਲ ਤੇ ਕਦੇ ਪੱਤਝੜਾਂ ਦੀ ਆਮਦ।

ਬਹੁਤ ਰੰਗ ਬਦਲਦਾ ਹੈ ਨਜ਼ਰੀਆ। ਇਹ ਇਸ 'ਤੇ ਨਿਰਭਰ ਕਰਦਾ ਕਿ ਤੁਸੀਂ ਕਿਸ ਸਥਿਤੀ ਵਿਚ ਹੋ? ਕਿਹੜੀਆਂ ਹਾਲਤਾਂ ਦਾ ਸਾਹਮਣਾ ਕਰ ਰਹੇ? ਕਿਹੜੀਆਂ ਔਕੜਾਂ ਨੇ ਘੇਰਿਆ? ਕਿਹੜੀਆਂ ਮੁਸ਼ਕਲ ਰਾਹਾਂ ਦੀਆਂ ਰੁਕਾਵਟਾਂ? ਕਿਸਨੇ ਹਮਦਰਦੀ ਦਾ ਹੱਥ ਵਧਾਇਆ? ਕਿਸ ਨੇ ਆਪਣੇ ਮੋਢੇ ਤੋਂ ਤੁਹਾਨੂੰ ਛਿਛਕਾਰਿਆ? ਕਿਸ ਨੇ ਹਿੱਕ ਨਾਲ ਲਾਇਆ? ਕਿਸਨੇ ਤੁਹਾਡੇ ਸੁਪਨਿਆਂ ਦਾ ਸਿਵਾ ਸੇਕਿਆ? ਕਿਸਨੇ ਤੁਹਾਡੀਆਂ ਸੰਭਾਵਨਾਵਾਂ ਨੂੰ ਪ੍ਰਵਾਜ਼ ਦਿਤੀ? ਕਿਸ ਨੇ ਤੁਹਾਡੀ ਸੰਵੇਦਨਾ ਨੂੰ ਕੋਹਿਆ? ਕਿਸਨੇ ਤੁਹਾਨੂੰ ਤੁਹਾਡੀ ਔਕਾਤ ਦਾ ਮਿਹਣਾ ਮਾਰਿਆ ਤੇ ਕਿਸਨੇ ਤੁਹਾਨੂੰ ਗ.ਲੇ ਲਾਇਆ?

ਬਹੁਤ ਕੁਝ ਵਾਪਰਦਾ ਹੈ ਕਿਸੇ ਵੀ ਵਿਅਕਤੀ ਦੇ ਨਜ਼ਰੀਏ ਅੰਦਰ। ਕਈ ਵਾਰ ਤਾਂ ਖ਼ੁਦ ਨੂੰ ਵੀ ਪਤਾ ਨਹੀਂ ਹੁੰਦਾ ਕਿ ਕਿਸ ਵਕਤ ਕਿਹੜੇ ਨਜ਼ਰੀਏ ਨਾਲ ਸਾਹਾਂ ਵਰਗੇ ਸਾਥੀਆਂ ਦਾ ਸਾਥ ਗਵਾਇਆ? ਆਪਣਿਆਂ ਨੂੰ ਆਪਣਿਆਂ ਦੇ ਮਨੋਂ ਲਾਹਿਆ? ਆਪਣਿਆਂ ਹੱਥੋਂ ਬੇਰੁਹਮਤੀ ਦਾ ਦਾਗ ਖੁਣਵਾਇਆ?

ਦਰਅਸਲ ਨਜ਼ਰੀਆ ਵਿਅਕਤੀ ਵਿਸ਼ੇਸ਼ ਦਾ ਉਹ ਮੀਰੀ ਗੁਣ ਜਿਹੜਾ ਤੁਹਾਡੇ ਸ਼ਖ਼ਸੀ ਬਿੰਬ ਨੂੰ ਚਾਨਣ ਬਖਸ਼ਦਾ, ਤੁਹਾਡੀ ਦਿੱਖ ਨਿਖਾਰਦਾ, ਤੁਹਾਡੀਆਂ ਸੰਭਾਵਨਾਵਾਂ ਤੇ ਸਮਰੱਥਾ ਨੂੰ ਪਛਾਣ ਨਵੀਂ ਪੈੜ ਦਿੰਦਾ ਅਤੇ ਇਸਦੀ ਸੰਪੂਰਨਤਾ ਦਾ ਦਾਅਵਾ ਕਰਦਾ। ਤੁਹਾਡੇ ਖਾਬਾਂ ਤੇ ਖ਼ਿਆਲਾਂ ਨੂੰ ਉਸਾਰੂ ਅਤੇ ਸੁਚਾਰੂ ਰੰਗਤ ਬਖ਼ਸ਼ਦਾ। ਤੁਸੀਂ ਜਦ ਆਪਣੇ ਆਲੇ-ਦੁਆਲੇ ਵਿਚੋਂ ਹੀ ਖੁਦ ਨੂੰ ਚਿੱਤਵਣ ਲੱਗਦੇ ਤਾਂ ਇਹ ਨਜ਼ਰੀਏ ਦਾ ਸਭ ਤੋਂ ਸੁੰਦਰ ਰੂਪ ਹੁੰਦਾ ਜਿਹੜਾ ਸਮਾਜ ਨੂੰ ਬਹੁਤ ਕੁਝ ਸਮਰਪਿਤ ਕਰ, ਤੁਹਾਡੀਆਂ ਰਾਹਾਂ ਵਿਚ ਰੌਸ਼ਨੀ ਵਿਛਾਉਂਦਾ ਅਤੇ ਤੁਹਾਡੀਆਂ ਕੀਰਤੀਆਂ ਵਿਚ ਕਰਮਯੋਗਤਾ ਦਾ ਜਾਗ ਲਾਉਂਦਾ।

ਬੰਦੇ ਦਾ ਇਹ ਨਜ਼ਰੀਆ ਹੀ ਹੁੰਦਾ ਕਿ ਕਦੇ ਉਹ ਵਗਦੇ ਦਰਿਆਵਾਂ ਵਿਚੋਂ ਉਗਦੇ ਬਰੇਤਿਆਂ ਦੀ ਨਿਸ਼ਾਨਦੇਹੀ ਕਰਨ ਲੱਗਦਾ ਤੇ ਕਦੇ ਦਰਿਆਵਾਂ ਦੀ ਰਵਾਨਗੀ ਵਿਚੋਂ ਜੀਵਨ-ਧਾਰਾ ਦੇਖਦਾ। ਰੱਕੜਾਂ ਵਿਚ ਲਹਿਰਾਉਂਦੀਆਂ ਫ਼ਸਲਾਂ ਦਾ ਨਜ਼ਾਰਾ ਨੈਣਾਂ ਨਾਲ ਕਰਦਾ। ਕਦੇ ਪਾਣੀ ਦੀਆਂ ਲਹਿਰਾਂ ਦੇ ਸੰਗੀਤ ਨਾਲ ਇਕਸੁਰ ਹੁੰਦਾ ਪਰ ਕਦੇ ਲਹਿਰਾਂ ਵਿਚ ਡੁੱਬ ਰਹੇ ਵਿਅਕਤੀ ਦੀਆਂ ਲੇਰਾਂ ਨੂੰ ਆਪਣੀ ਚੇਤਨਾ ਵਿਚ ਕਿਆਸਦਾ।

ਕਦੇ ਕੋਈ ਸ਼ਖ਼ਸ ਖੇਤਾਂ ਵਿਚ ਉਗਦੀਆਂ ਫ਼ਸਲਾਂ ਵਿਚੋਂ ਜੀਵ-ਜੰਤੂਆਂ ਦੇ ਸੰਸਾਰ ਦੀ ਉਪਾਸਨਾ ਕਰਦਾ ਤੇ ਕਦੇ ਖੇਤਾਂ ਵਿਚ ਉਗਦੀਆਂ ਵੱਟਾਂ ਕਾਰਨ ਆਪਣਿਆਂ ਹੱਥੋਂ ਹੀ ਆਪਣਿਆਂ ਦੇ ਹੋਏ ਕਤਲਾਂ ਦਾ ਦ੍ਰਿਸ਼ ਚੇਤੇ ਆ ਜਾਂਦਾ। ਆੜ੍ਹ ਵਿਚ ਵਗਦਾ ਪਾਣੀ ਉਸਦੀ ਸੋਚ ਨੂੰ ਤੁਰਦੇ ਰਹਿਣ ਦੀ ਤੌਫ਼ੀਕ ਦਿੰਦਾ ਪਰ ਖੜ੍ਹੇ ਪਾਣੀਆਂ ਦੀ ਬਦਬੂ ਨੂੰ ਸੋਚ ਕੇ ਉਸਦਾ ਚਿੱਤ ਮਤਲਾਉਣ ਲੱਗਦਾ।

ਦਰਅਸਲ ਬੰਦੇ ਦੀ ਮਾਨਸਿਕਤਾ ਵਿਚ ਕਿਹੜੇ ਵਰਤਾਰੇ ਅਤੇ ਵਿਚਾਰ ਨੇ ਕਿਸ ਰੂਪ ਵਿਚ ਉਸਦੀਆਂ ਸ਼ਖ਼ਸੀ ਕਿਰਿਆਵਾਂ, ਸੂਖਮ ਭਾਵਨਾਵਾਂ ਅਤੇ ਚੇਤਨਾਵਾਂ ਨੂੰ ਪ੍ਰਭਾਵਤ ਕਰਨਾ, ਇਹ ਬਹੁਤ ਹੀ ਗੁੰਝਲਦਾਰ ਵਰਤਾਰਾ।

ਕਦੇ ਬੰਦਾ ਤਿੱਤਰਖੰਭੀ ਵਿਚੋਂ ਹੀ ਬਾਰਸ਼ ਕਣੀਆਂ ਦੀ ਆਸ ਲਾਉਂਦਾ ਅਤੇ ਕਦੇ ਘਣਘੋਰ ਬੱਦਲ ਵੀ ਜਾਪਦੇ ਕਿ ਇਹ ਬਰਸਣ ਤੋਂ ਬਗੈਰ ਹੀ ਜੂਹ ਟੱਪ ਜਾਣਗੇ। ਕਦੇ ਵਗਦੇ ਪੂਰੇ ਦੀ ਹੁੱਸੜਤਾ ਨੂੰ ਕੋਸਦਾ ਅਤੇ ਕਦੇ ਪੱਛੋਂ ਦੀਆਂ ਕਣੀਆਂ ਵਿਚ ਭਿੱਜਣ ਦਾ ਵਿਸਮਾਦ ਰੂਹ ਦੇ ਨਾਮ ਲਾਉਂਦਾ।

ਨਜ਼ਰੀਆ ਹੀ ਜ਼ਿੰਦਗੀ ਨੂੰ ਰੰਗੀਨ ਜਾਂ ਗ਼ਮਗੀਨ ਬਣਾਉਂਦਾ। ਇਸ ਵਿਚ ਉਗਦੀ ਸੰਦਲੀ ਭਾਅ ਜਾਂ ਇਸ ਵਿਚੋਂ ਸਿੰਮਦੀ ਆਹ। ਇਸ ਵਿਚ ਹਾਸਿਆਂ ਦਾ ਪੁੰਗਾਰਾ ਜਾਂ ਹਉਕਿਆਂ ਦਾ ਹੁੰਗਾਰਾ। ਸੂਹੇ ਸੁਪਨਿਆਂ ਦਾ ਸੱਚ ਅਤੇ ਖ਼ਿਆਲੀ ਖ਼ਾਬਾਂ ਦਾ ਕੱਚ। ਪੈੜਾਂ ਵਿਚ ਮੰਜ਼ਲਾਂ ਦਾ ਝਲਕਾਰਾ ਜਾਂ ਧੁੰਧਲ ਵਿਚ ਗਵਾਚੀਆਂ ਰਾਹਾਂ ਦਾ ਫੁਟਾਰਾ।

ਦਰਅਸਲ ਨਜ਼ਰੀਆ ਹੀ ਮਨੁੱਖ ਦੀ ਪਛਾਣ। ਉਸਦੀਆਂ ਜੀਵਨ ਪੈੜਾਂ ਦੇ ਨਿਸ਼ਾਨ। ਪ੍ਰਾਪਤੀਆਂ ਦਾ ਅਸਮਾਨ। ਉਸਦੇ ਅੰਦਰ ਉਗਿਆ ਗਿਆਨ। ਆਪਣੀਆਂ ਸਮਰੱਥਾਵਾਂ, ਸਾਧਨਾਂ, ਸੂਖ਼ਮਤਾ ਅਤੇ ਸੂਹਜਤਾ ਦਾ ਵਿਖਿਆਨ।

ਨਜ਼ਰੀਆ ਤਾਂ ਬੰਦੇ ਨੇ ਆਪ ਨਿਰਧਾਰਤ ਕਰਨਾ। ਇਸ ਨਜ਼ਰੀਏ ਵਿਚ ਪਰਿਵਾਰ, ਸਮਾਜ, ਆਲਾ-ਦੁਆਲਾ, ਪਰਵਰਿਸ਼ ਅਤੇ ਜੀਵਨ-ਸ਼ੈਲੀ ਦਾ ਅਹਿਮ ਰੋਲ। ਮਨੁੱਖ ਨੂੰ ਸਭ ਤੋਂ ਜ਼ਿਆਦਾ ਪ੍ਰਭਾਵਤ ਕਰਦਾ ਹੈ ਉਸਦਾ ਸੋਚਣ ਦਾ ਤਰੀਕਾ, ਉਸਦੇ ਸੁਪਨਿਆਂ ਦੀ ਸਾਰਥਿਕਤਾ ਤੇ ਸੰਭਾਵਨਾਵਾਂ ਦਾ ਦਾਇਰਾ। ਕੁਝ ਵੀ ਕਰਨ ਜਾਂ ਕਹਿਣ ਤੋਂ ਪਹਿਲਾਂ ਇਸਦੇ ਦੂਰਰਸੀ ਸਿੱਟਿਆਂ ਨੂੰ ਸਮਝ ਕੇ ਅਗਲਾ ਕਦਮ ਉਠਾਉਣ ਦਾ ਉਦਮ। ਬਿਨਾਂ ਸੋਚਿਆਂ ਪੁੱਟਿਆ ਕਦਮ, ਬੋਲੇ ਬੋਲ ਅਤੇ ਕਿਸੇ ਵਰਤਾਰੇ ਵਿਚ ਕੀਤੀ ਬੇਲੋੜੀ ਦਖਲ-ਅੰਦਾਜ਼ੀ ਕਈ ਵਾਰ ਬੰਦੇ ਨੂੰ ਅਜੇਹੀਆਂ ਅਸੁਖਾਵੀਆਂ ਸਥਿਤੀਆਂ ਵਿਚ ਧਕੇਲਦੀ ਕਿ ਉਸਨੂੰ ਆਪਣੇ ਨਜ਼ਰੀਏ 'ਤੇ ਪਛਤਾਵਾ ਹੋਣ ਲੱਗਦਾ।

ਦਰਅਸਲ ਨਜ਼ਰੀਆ ਜੀਵਨ ਨੂੰ ਸੁੰਦਰ, ਸਕਾਰਾਤਮਿਕ, ਸਾਵਾਂ, ਸਹਿਯੋਗੀ ਅਤੇ ਸੰਭਾਵਨਾਵਾਂ ਭਰਪੂਰ ਬਣਾਉਣਾ ਹੁੰਦਾ। ਜ਼ਿੰਦਗੀ ਦੇ ਹਰ ਪਲ ਨੂੰ ਸਹਿਜ ਅਤੇ ਸੂਖ਼ਮ ਰੂਪ ਵਿਚ ਸਕੂਨਮਈ ਅਤੇ ਸਾਰਥਿਕ ਬਣਾਉਣਾ। ਕਿਸੇ ਲੋੜਵੰਦ ਦੇ ਕੰਮ ਆਉਣਾ। ਖ਼ੁਦ ਨੂੰ ਆਮ ਅਤੇ ਨਿਮਾਣਾ ਸਮਝ ਕੇ ਜ਼ਿੰਦਗੀ ਦੇ ਰੰਗ-ਢੰਗ ਨੂੰ ਅਜੇਹਾ ਬਣਾਉਣਾ ਕਿ ਸਮਾਜ ਦੀ ਅੱਖ ਵਿਚ ਤੁਸੀਂ ਰਸ਼ਕ ਦੇ ਪਾਤਰ ਹੋਵੋ।

ਸਮਾਜ 'ਤੇ ਬੋਝ ਬਣਨ ਵਾਲੇ ਲੋਕ ਦਰਅਸਲ ਮਾਰੂ ਨਜ਼ਰੀਏ ਦੇ ਨਜ਼ਰ-ਵੱਟੂ ਹੁੰਦੇ ਜਿਹੜੇ ਹਰ ਇਕ ਦੇ ਕਦਮ ਤੇ ਸੋਚਾਂ ਵਿਚ ਅੰਗਿਆਰ ਧਰਦੇ। ਨਾ ਤਾਂ ਖੁਦ ਸੁਖੀ ਜਿਉਂਦੇ ਅਤੇ ਨਾ ਕਿਸੇ ਨੂੰ ਸੁਖੀ ਵੇਖ ਕੇ ਸੁਖਾਂਦੇ। ਉਨ੍ਹਾਂ ਦੇ ਵਰਤਾਰੇ ਵਿਚ ਕਲੇਸ਼, ਕੜਵਾਹਟ, ਕਜ਼ੀਆ, ਕਮੀਨਗੀ, ਕਰੂਰਤਾ ਅਤੇ ਕਰਤੂਤੀ ਵਰਤਾਰਿਆਂ ਰਾਹੀਂ ਨਿੱਜੀ ਮੁਫ਼ਾਦ ਪੂਰਤੀ ਦੀ ਕੋਹਜੀ ਚਾਲ ਹੁੰਦੀ। ਇਹੀ ਮਾਨਸਿਕ ਧਾਰਨਾ ਉਨ੍ਹਾਂ ਦੀ ਅਧੋਗਤੀ ਦਾ ਪ੍ਰਮੁੱਖ ਕਾਰਨ ਹੁੰਦੀ। ਉਹ ਹਰਦਮ ਬਲਦੇ ਸਿਵੇ ਦੇ ਸੇਕ ਨਾਲ ਖ਼ੁਦ ਨੂੰ ਸਾੜਦੇ। ਫਿਰ ਹੌਲੀ-ਹੌਲੀ ਧੁਖਦੀ ਧੂਣੀ ਬਣ ਜਾਂਦੇ ਜਿਸਦਾ ਧੂੰਆਂ ਚੌਗਿਰਦੇ ਦੀ ਅੱਖ ਵਿਚ ਰੜਕ ਪੈਦਾ ਕਰਦਾ ਅਤੇ ਇਹੀ ਰੜਕ ਸਮਾਜ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ।

ਜੀਵਨ ਯਾਤਰਾ ਬੰਦੇ ਦਾ ਆਪਣਾ ਅੰਦਾਜ਼ ਅਤੇ ਪ੍ਰਵਾਜ਼। ਉਸਦਾ ਜੀਵਨ ਪ੍ਰਤੀ ਨਜ਼ਰੀਆ ਹੀ ਉਸਦੇ ਜੀਵਨ ਨੂੰ ਰੰਗ-ਬਿਰੰਗਤਾ ਬਖ਼ਸ਼ਦਾ। ਇਹੀ ਰੰਗ ਉਸਦੇ ਹਰ ਸਾਹ ਨੂੰ ਰੰਗੀਨੀ ਅਤੇ ਮਹਿਕ ਬਖਸ਼ਦੇ। ਉਹ ਆਪਣੇ ਸੀਮਤ ਜੀਵਨ ਸਾਧਨਾ ਨਾਲ ਹੀ ਅੰਤਰੀਵੀ ਸੁੱਖ ਮਾਣਦੇ ਜਿਸਦੀ ਚਾਹਨਾ ਬਹੁਤੇ ਵਿਅਕਤੀ ਕਰਦੇ ਪਰ ਉਨ੍ਹਾਂ ਦਾ ਨਜ਼ਰੀਆ ਹੀ ਉਨ੍ਹਾਂ ਦੇ ਜੀਵਨ ਵਿਚ ਸਭ ਤੋਂ ਵੱਡੀ ਰੁਕਾਵਟ ਜੋ ਬੰਦੇ ਨੇ ਖ਼ੁਦ ਖੜ੍ਹੀ ਕੀਤੀ ਹੁੰਦੀ।

ਮੇਰੇ ਗੁਆਂਢ ਵਿਚ ਇਕ ਨੱਬੇ ਸਾਲ ਤੋਂ ਉਪਰ ਦੀ ਇਕ ਗੋਰੀ ਲੇਡੀ ਰਹਿੰਦੀ ਹੈ। ਸਰਦੀਆਂ ਵਿਚ ਤਾਂ ਉਹ ਬਹੁਤ ਘੱਟ ਬਾਹਰ ਨਜ਼ਰ ਆਉਂਦੀ ਹੈ ਪਰ ਗਰਮੀਆਂ ਵਿਚ ਆਪਣੇ ਘਰ ਦੇ ਪਿਛਵਾੜੇ ਡਿੱਕ ਤੇ ਵੱਡੇ-ਵੱਡੇ ਗਮਲਿਆਂ ਵਿਚ ਸਬਜ਼ੀਆਂ ਉਗਾਉਂਦੀ ਅਤੇ ਫੁੱਲ ਦੇ ਗਮਲਿਆਂ ਨਾਲ ਘਰ ਦੇ ਚੌਗਿਰਦੇ ਨੂੰ ਸਜਾਉਂਦੀ ਹੈ। ਸਵੇਰੇ ਉਹ ਹਰ ਬੂਟੇ ਨੂੰ ਨਿਹਾਰਦੀ ਅਤੇ ਦੁਲਾਰਦੀ ਅਤੇ ਸ਼ਾਮ ਨੂੰ ਪਾਣੀ ਪਾਉਂਦੀ। ਉਹ ਇਕੱਲੀ ਰਹਿੰਦੀ ਹੈ। ਉਸਦਾ ਬੱਚੇ ਆਪੋ- ਆਪਣੇ ਘਰਾਂ ਵਿਚ ਰਹਿੰਦੇ ਹਨ। ਉਸਦਾ ਬੇਟਾ ਫੁੱਲਾਂ ਅਤੇ ਸਬਜ਼ੀਆਂ ਦੀ ਪਨੀਰੀ ਲਿਆ ਦਿੰਦਾ ਹੈ ਪਰ ਇਨ੍ਹਾਂ ਦੀ ਸਾਂਭ-ਸੰਭਾਲ ਉਹ ਖ਼ੁਦ ਕਰਦੀ ਹੈ। ਉਹ ਆਪਣੇ ਜੀਵਨ ਨੂੰ ਮਨਮਰਜ਼ੀ ਦੇ ਰੁਝੇਵਿਆਂ ਨਾਲ ਰੁਝਾਈ ਰੱਖਦੀ ਹੈ। ਉਸ ਨਾਲ ਗਰਮੀਆਂ ਵਿਚ ਕਦੇ-ਕਦਾਈਂ ਗੱਲਬਾਤ ਹੁੰਦੀ। ਬਹੁਤ ਖੁਸ਼-ਮਿਜ਼ਾਜ ਅਤੇ ਜ਼ਿੰਦਗੀ ਦੇ ਹਰ ਰੰਗ ਵਿਚ ਖੁਸ਼ ਰਹਿਣ ਵਾਲੀ।

ਇਕ ਦਿਨ ਮੇਰੀ ਪਤਨੀ ਨੂੰ ਜੀਵਨ ਦੀਆਂ ਪਰਤਾਂ ਫਰੋਲਦਿਆਂ ਦੱਸਣ ਲੱਗੀ ਕਿ ਕੁਝ ਸਾਲ ਪਹਿਲਾਂ ਉਸਦੇ ਪਹਿਲੇ ਪਤੀ ਦੀ ਮੌਤ ਹੋ ਗਈ ਸੀ। ਉਹ ਇਕੱਲੀ ਰਹਿ ਗਈ ਸੀ। ਫਿਰ ਉਸਨੂੰ ਕਾਲਜ ਦੇ ਸਮੇਂ ਦਾ ਜਮਾਤੀ ਮਿਲਿਆ ਜਿਸਦੀ ਪਤਨੀ ਵੀ ਗੁਜ਼ਰ ਗਈ ਸੀ। ਦੋਹਾਂ ਨੇ ਦੁਬਾਰਾ ਵਿਆਹ ਕਰਵਾ ਲਿਆ ਅਤੇ ਕਾਲਜ ਦੇ ਦਿਨਾਂ ਨੂੰ ਯਾਦ ਕਰਦਿਆਂ ਵਧੀਆ ਜ਼ਿੰਦਗੀ ਜਿਊਣ ਲੱਗੇ। ਚਾਰ ਕੁ ਸਾਲ ਹੋਏ ਉਸਦਾ ਵੀ ਦੇਹਾਂਤ ਹੋ ਗਿਆ ਤੇ ਹੁਣ ਇਕੱਲੀ ਹੀ ਰਹਿੰਦੀ ਹੈ। ਮੇਰੇ ਪਹਿਲੇ ਵਿਆਹ ਦੇ ਬੱਚਿਆਂ ਦੇ ਬੱਚੇ ਨਹੀਂ ਹਨ ਪਰ ਜਿਸ ਨਾਲ ਮੈਂ ਦੁਬਾਰਾ ਵਿਆਹ ਕਰਵਾਇਆ ਸੀ ਉਸਦੇ ਦੋਹਤੇ/ਦੋਹਤੀਆਂ, ਪੋਤੇ/ਪੋਤਰੀਆਂ ਹਨ। ਮੇਰੀ ਬਹੁਤ ਤਮੰਨਾ ਸੀ ਕਿ ਮੈਂ ਉਨ੍ਹਾਂ ਦੇ ਲਾਡ ਲਡਾਵਾਂ ਅਤੇ ਉਹ ਮੈਨੂੰ ਦਾਦੀ/ਨਾਨੀ ਕਹਿਣ, ਪਰ ਮੇਰੀ ਇਹ ਚਾਹਨਾ ਮਨ ਵਿਚ ਰਹਿ ਗਈ ਕਿਉਂਕਿ ਉਨ੍ਹਾਂ ਨੇ ਕਦੇ ਵੀ ਮੈਨੂੰ ਦਾਦੀ/ਨਾਨੀ ਨਹੀਂ ਕਿਹਾ। ਦਰਅਸਲ ਉਹ ਦੇਖਦੀ ਹੁੰਦੀ ਸੀ ਕਿ ਸਾਡੇ ਦੋਹਤੇ/ਦੋਹਤੀਆਂ ਅਕਸਰ ਸਾਡੇ ਨਾਲ ਘਰ ਦੇ ਪਿਛਵਾੜੇ ਖੇਡਦੇ ਰਹਿੰਦੇ ਸਨ। ਦੱਸਣ ਲੱਗੀ ਕਿ ਹੁਣ ਮੈਂ 'ਕੱਲੀ ਰਹਿ ਗਈ ਹਾਂ। ਕਦੇ-ਕਦੇ ਗੱਡੀ ਚਲਾ ਕੇ ਆਪਣੇ ਲਈ ਗਰੌਸਰੀ ਕਰਦੀ ਹਾਂ। ਆਪਣਾ ਖਾਣਾ ਖ਼ੁਦ ਤਿਆਰ ਕਰਦੀ ਹਾਂ। ਬੇਸਮੈਂਟ ਵਿਚ ਸਵੇਰੇ ਸ਼ਾਮ ਕੁਝ ਸਮਾਂ ਟਹਿਲ ਲੈਂਦੀ ਹਾਂ। ਜ਼ਿਆਦਾ ਸਮਾਂ ਮੇਰਾ ਕਿਤਾਬਾਂ ਪੜ੍ਹਨ ਵਿਚ ਲੰਘਦਾ ਹੈ ਕਿਉਂਕਿ ਮੈਨੂੰ ਪੜ੍ਹਨ ਦਾ ਬਹੁਤ ਸ਼ੌਕ ਹੈ। ਜ਼ਿੰਦਗੀ ਬਹੁਤ ਵਧੀਆ ਲੰਘ ਰਹੀ ਹੈ ਅਤੇ ਮੈਨੂੰ ਆਪਣੀ ਬੀਤੀ ਜ਼ਿੰਦਗੀ ਜਾਂ ਹੁਣ ਵਾਲੀ ਜ਼ਿੰਦਗੀ 'ਤੇ ਕੋਈ ਸ਼ਿਕਵਾ ਨਹੀਂ ਸਗੋਂ ਮੈਂ ਆਪਣੀ ਜ਼ਿੰਦਗੀ ਦੇ ਹਰ ਪਲ ਨੂੰ ਆਪਣੇ ਅੰਦਾਜ਼ ਅਤੇ ਰੂਹਦਾਰੀ ਨਾਲ ਮਾਣਿਆ ਹੈ। ਵੀਕਐਂਡ 'ਤੇ ਬੱਚੇ ਆ ਕੇ ਖ਼ੈਰ-ਸੁੱਖ ਪੁੱਛ ਜਾਂਦੇ ਹਨ।

ਦਰਅਸਲ ਇਹੀ ਹੈ ਜ਼ਿੰਦਗੀ ਪ੍ਰਤੀ ਨਜ਼ਰੀਏ ਦਾ ਕਮਾਲ। ਜੀਵਨ-ਜਾਚ ਦਾ ਅੰਦਾਜ਼। ਹਰ ਪਲ ਨੂੰ ਆਪਣੀ ਮਰਜ਼ੀ ਨਾਲ ਜਿਊਣ ਦਾ ਹੁਨਰ, ਹੌਸਲਾ ਅਤੇ ਜਜ਼ਬਾ ਜੋ ਬੰਦੇ ਨੂੰ ਜਿਊਣ ਦਾ ਉਤਸ਼ਾਹ ਬਖਸ਼ਦਾ। ਇਹੀ ਉਤਸ਼ਾਹ ਉਸ ਦੀਆਂ ਸੋਚਾਂ ਵਿਚ ਨਵਾਂਪਣ, ਕਦਮਾਂ ਵਿਚ ਨਵੇਂ ਸਫ਼ਰ ਦਾ ਆਗਾਜ਼, ਧਾਰਨਾਵਾਂ ਨੂੰ ਸਮੇਂ ਅਨੁਸਾਰ ਬਦਲਣ ਦੀ ਲੋੜ ਅਤੇ ਆਪਣੀਆਂ ਪਹਿਲਾਂ ਨੂੰ ਪਛਾਨਣ ਦੀ ਸੋਚ-ਸੰਵੇਦਨਾ।

ਇਸ ਅੰਗਰੇਜ਼ ਔਰਤ ਨੇ ਧੁਖ-ਧੁਖ ਕੇ ਜ਼ਿੰਦਗੀ ਜਿਊਣ ਨਾਲੋਂ ਜੀਵਨ ਦਾ ਉਹ ਰਾਹ ਚੁਣਿਆ ਜਿਹੜਾ ਖੁਸ਼ੀਆਂ ਅਤੇ ਖੇੜਿਆਂ ਦੀ ਦੱਸ ਪਾਉਂਦਾ, ਜਿਸ ਵਿਚ ਚਾਵਾਂ ਅਤੇ ਸੱਧਰਾਂ ਦੇ ਫੁੱਲ ਖਿੜਦੇ, ਜਿਸ ਵਿਚ ਬਹਾਰਾਂ ਦੀ ਦਸਤਕ, ਜਿਥੇ ਪੌਣਾਂ ਦਾ ਸੰਗੀਤ ਸਾਹਾਂ ਨੂੰ ਸੁਰਬੱਧ ਕਰਦਾ, ਜਿਥੇ ਝਰਨਿਆਂ ਦੀ ਅਵਾਜ਼ ਵਿਚੋਂ ਦਿਲ ਦੀ ਧੜਕਣ ਸੁਣਾਈ ਦਿੰਦੀ, ਜਿਥੇ ਪੈਰਾਂ ਨੂੰ ਪਗਡੰਡੀਆਂ ਦਾ ਵਰ ਮਿਲਦਾ, ਜਿਥੇ ਸੋਚ ਦੇ ਦਿਸਹੱਦਿਆਂ ਨੂੰ ਮੰਜ਼ਲਾਂ ਦੀ ਦੱਸ ਪੈਂਦੀ, ਜਿਥੇ ਆਪਣੇ ਸਾਹਾਂ ਨੂੰ ਸੁਖਨਵਰ ਬਣਾਉਣ ਦੀ ਤਾਂਘ ਸੀਨੇ ਵਿਚ ਪਲਦੀ, ਜਿਥੇ ਸੁਖਨ-ਸੰਧਾਰਾ ਹਰ ਪਲ ਨੂੰ ਜਸ਼ਨ ਬਣਾਉਣ ਲਈ ਕਾਹਲਾ ਹੁੰਦਾ ਅਤੇ ਜਿਥੇ ਆਖਰੀ ਸਾਹ ਲੈਣ ਲੱਗਿਆਂ ਵੀ ਜ਼ਿੰਦਗੀ 'ਤੇ ਕੋਈ ਗਿਲਾ ਜਾਂ ਸ਼ਿਕਵਾ ਨਹੀਂ ਰਹਿੰਦਾ ਕਿ ਮੈਂ ਜ਼ਿੰਦਗੀ ਨੂੰ ਅਜਾਈਂ ਹੀ ਬਿਤਾਇਆ।

ਕੀ ਅਸੀਂ ਇਸ ਨਜ਼ਰੀਏ ਤੋਂ ਕੁਝ ਸਿੱਖ ਕੇ ਆਪਣੇ ਸੰਕੀਰਨਤਾਮਈ ਨਜ਼ਰੀਏ ਨੂੰ ਬਦਲਣ ਅਤੇ ਇਸਦੇ ਉਸ ਰੂਪ ਨੂੰ ਆਪਣੀਆਂ ਧਾਰਨਾਵਾਂ ਵਿਚ ਥਾਂ ਦੇਈਏ ਕਿ ਸਾਨੂੰ ਇਕ ਮਾਣ ਹੋਵੇ ਕਿ ਨਜ਼ਰੀਆ ਹੋਵੇ ਤਾਂ ਇਸ ਤਰ੍ਹਾਂ ਦਾ ਜਿਸ ਵਿਚੋਂ ਜੀਵਨ ਦੀ ਸੱਤਰੰਗੀ ਤੁਹਾਡੀਆਂ ਪੈੜਾਂ ਨੂੰ ਸਲਾਮ ਕਰੇ।

ਕਦੇ-ਕਦੇ ਆਪਣੇ ਸੱਜਣਾਂ, ਮਿੱਤਰਾਂ, ਭੈਣ-ਭਰਾਵਾਂ, ਪਰਿਵਾਰ ਅਤੇ ਸਹਿਯੋਗੀਆਂ ਦਾ ਧੰਨਵਾਦ ਵੀ ਕਰਿਆ ਕਰੋ। ਆਪਣੇ ਜੀਵਨ ਸਾਥੀ ਅਤੇ ਬੱਚਿਆਂ ਨੂੰ ਮੁਹੱਬਤ ਦਾ ਅਹਿਸਾਸ ਕਰਾਓ। ਆਪਣੇ ਮਾਪਿਆਂ ਦੇ ਸਿਰੜ, ਸਿਦਕ, ਸਾਧਨਾ ਅਤੇ ਅਰਪਿਤ ਨੂੰ ਨਮਸਕਾਰ ਕਰਿਆ ਕਰੋ। ਕਦੇ ਕੁਦਰਤ ਦੀ ਸ਼ੁਕਰਗੁਜ਼ਾਰੀ ਵਿਚੋਂ ਆਉਂਦੇ-ਜਾਂਦੇ ਹਰ ਸਾਹ ਦਾ ਆਨੰਦ ਮਾਣਿਆ ਕਰੋ। ਤੁਹਾਡਾ ਨਜ਼ਰੀਆ ਆਪਣੇ ਆਪ ਹੀ ਸੰਸਾਰ ਨੂੰ ਦਿਸ ਪਵੇਗਾ।

ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੀਆਂ ਕਿੰਨੀਆਂ ਆਲੀਸ਼ਾਨ ਕੋਠੀਆਂ ਹਨ? ਕਿੰਨੇ ਕਰੋੜਾਂ ਬੈਂਕਾਂ ਵਿਚ ਹਨ? ਕਿੰਨੀਆਂ ਮਹਿੰਗੀਆਂ ਗੱਡੀਆਂ ਹਨ? ਕਿੰਨੇ ਰਸੂਖਵਾਨ ਲੋਕਾਂ ਨਾਲ ਨੇੜਲੇ ਸਬੰਧ ਹਨ? ਸਗੋਂ ਫਰਕ ਇਸ ਨਾਲ ਪੈਂਦਾ ਕਿ ਤੁਸੀਂ ਕਿੰਨੇ ਪਲ ਸਕੂਨ ਨਾਲ ਲਏ, ਕਿੰਨੇ ਭੁੱਖੇ ਪੇਟਾਂ ਨੂੰ ਰੱਜ ਬਖ਼ਸ਼ਿਆ, ਕਿੰਨੇ ਸੱਖਣੇ ਬਸਤਿਆਂ ਨੂੰ ਕਿਤਾਬਾਂ-ਕਾਪੀਆਂ ਦਾ ਦਾਨ ਦਿੱਤਾ, ਕਿੰਨੇ ਪਲ ਖ਼ੁਸ਼ੀ ਦੇ ਮਾਣੇ? ਕਿੰਨੀਆਂ ਦੁਆਵਾਂ ਤੁਹਾਨੂੰ ਮਿਲੀਆਂ? ਆਖਰ ਨੂੰ ਤਾਂ ਬੰਦੇ ਨੇ 'ਕੇਰਾਂ ਮਿਲੀ ਜ਼ਿੰਦਗੀ ਵਿਚ ਸਿਰਫ਼ ਦੋ ਡੰਗ ਰੋਟੀ ਹੀ ਖਾਣੀ ਹੁੰਦੀ। ਸਿਰਫ਼ ਨਜ਼ਰੀਆ ਹੀ ਨਿਸ਼ਚਿਤ ਕਰਦਾ ਕਿ ਤੁਹਾਡਾ ਮਨ ਕੀ ਚਾਹੁੰਦਾ ਅਤੇ ਤੁਸੀਂ ਕੀ ਕਰਦੇ?

ਸਵੇਰੇ ਉਠ ਕੇ ਮਨ ਮਾਰ ਕੇ ਸੈਰ ਕਰਨਾ, ਬੱਧੋਰੁੱਧੇ ਕੰਮ 'ਤੇ ਜਾਣਾ ਜਾਂ ਕੁਝ ਵੀ ਧਿੰਗੋਜੋਰੀ ਕਰਨ ਦੀ ਬਜਾਏ ਜੇਕਰ ਮਨ ਵਿਚ ਚਾਅ-ਉਤਸ਼ਾਹ ਹੋਵੇ, ਉਮਾਹ ਹੋਵੇ ਅਤੇ ਮੁੱਖ 'ਤੇ ਨਿਖਰੀ ਭਾਅ ਹੋਵੇ ਤਾਂ ਸਾਰੇ ਕਾਰਜ ਹੀ ਸ਼ੁੱਭ ਹੋ ਜਾਂਦੇ। ਮਨ ਹਮੇਸ਼ਾ ਉਸਾਰੂ ਸੋਚ ਵਿਚ ਰੁਝਿਆ ਆਪਣੇ ਕੰਮ-ਕਾਜ ਵਿਚ ਤਸੱਲੀ ਵੀ ਮਾਣਦਾ। ਇਕ ਸੁਖਨ ਸੋਚ ਵਿਚ ਤਾਰੀ ਹੁੰਦਾ ਕਿ ਕੁਝ ਤਾਂ ਚੰਗਾ ਕੀਤਾ। ਇਕ ਭਾਵ ਚੇਤਨਾ ਵਿਚ ਹੁੰਦਾ ਕਿ ਅੱਜ ਮੈਂ ਜੀਵਨ ਦੇ ਇਕ ਵੀ ਪਲ ਨੂੰ ਅਜਾਈਂ ਨਹੀਂ ਗਵਾਇਆ, ਵਕਤ ਦੀ ਝੋਲੀ ਵਿਚ ਉਹ ਕੁਝ ਪਾਇਆ ਜੋ ਮੈਂ ਕਮਾਇਆ।

ਮੱਥੇ 'ਤੇ ਤਿਉੜੀਆਂ ਉਕਰਨ ਦੀ ਬਜਾਏ ਇਸ 'ਤੇ ਖੇੜਾ ਖਿੜਾਓ। ਤਣੀਆਂ ਭਵਾਂ ਦੀ ਬਜਾਏ ਨਿਮਰਤਾ ਅਤੇ ਮਾਸੂਮੀਅਤ ਨੂੰ ਦੀਦਿਆਂ ਵਿਚ ਸਮਾਓ। ਕੁਰੱਖਤ ਬੋਲਾਂ ਵਿਚ ਮਿੱਠਤ ਦਾ ਰਾਗ ਅਲਾਹੋ। ਕਾਹਲੀ ਦੇ ਨਾਮ ਸਹਿਜਤਾ, ਸੰਤੋਖ, ਸੰਤੁਸ਼ਟਾ ਨੂੰ ਲਾਓ ਅਤੇ ਮਨ ਦੀ ਭਟਕਣਾ 'ਤੇ ਵਿਰਾਮ ਲਗਾਓ। ਦੇਖਣਾ ਤੁਹਾਡਾ ਆਪਣੇ ਜੀਵਨ ਅਤੇ ਸਮਾਜ ਪ੍ਰਤੀ ਨਜ਼ਰੀਆ ਹੀ ਬਦਲ ਜਾਵੇਗਾ।

ਯਾਦ ਰਹੇ ਕਿ ਕੋਈ ਸੰਪੂਰਨ ਨਹੀਂ। ਹਰ ਇਕ ਦੇ ਆਪਣੇ ਚੰਗੇ/ਮਾੜੇ ਗੁਣ ਹੁੰਦੇ। ਪਰ ਇਸ ਸਭ ਕੁਝ ਦੇ ਹੁੰਦਿਆਂ ਤੁਸੀਂ ਆਪਣੇ ਨਜ਼ਰੀਏ ਨੂੰ ਕਿਵੇਂ ਉਸਾਰਨਾ ਤਾਂ ਕਿ ਕੁਝ ਕੁ ਊਣਤਾਈਆਂ ਦੇ ਹੁੰਦਿਆਂ ਵੀ ਇਕ ਪੂਰਨ ਮਨੁੱਖ ਬਣਨ ਦੇ ਮਾਰਗ ਦਾ ਪਾਂਧੀ ਬਣਨ ਦੀ ਚੇਸ਼ਟਾ ਮਨ ਵਿਚ ਪਾਲੀ ਰੱਖੋ।


ਅਸਲ ਵਿਚ ਮਨੁੱਖ ਦਾ ਨਜ਼ਰੀਆ ਫੁੱਲਾਂ ਵਿਚ ਰਚੀ ਮਹਿਕ, ਪਾਣੀ ਵਿਚ ਧੜਕਦਾ ਜੀਵਨ, ਹਵਾ ਵਿਚ ਸਾਹਾਂ ਦਾ ਸੰਗੀਤ, ਅੰਬਰ 'ਚੋਂ ਝਰਦੀ ਰੌਸ਼ਨੀ, ਬਹਾਰ ਦੀ ਮਹਿਕੀਲੀ ਅਦਾਅ, ਵਿਅਕਤੀਤਵ ਖਿਚ ਅਤੇ ਉਸਦੇ ਕੀਤੇ ਨੇਕ ਕਾਰਜਾਂ ਦੀ ਅਦ੍ਰਿਸ਼ਟਤਾ ਹੁੰਦੀ ਜੋ ਅਦਿੱਖ ਹੁੰਦਿਆਂ ਵੀ ਅਸਰ ਅੰਦਾਜ਼।

ਸੱਚ ਤਾਂ ਇਹ ਹੈ ਕਿ ਜਿਹੜੇ ਵੱਡੇ ਹੁੰਦਿਆਂ ਵੀ ਕਿਸੇ ਨੂੰ ਛੋਟਾ ਨਹੀਂ ਸਮਝਦੇ, ਜਿਹੜੇ ਗਰੀਬ ਹੁੰਦਿਆਂ ਵੀ ਮਨਾਂ ਦੇ ਅਮੀਰ ਹੁੰਦੇ, ਜਿਹੜਾ ਹਾਰ ਕੇ ਵੀ ਜ਼ਿੰਦਗੀ ਦੀ ਜੰਗ ਜਿੱਤ ਲੈਂਦੇ, ਜੋ ਸਭ ਕੁਝ ਦੇ ਕੇ ਬਹੁਤ ਕੁਝ ਪ੍ਰਾਪਤੀ ਦਾ ਅਹਿਸਾਸ ਮਨ ਵਿਚ ਪਾਲਦੇ, ਜਿਹੜੇ ਅਪਣੱਤ ਤੇ ਮੋਹ ਦਾ ਕਲਾਵਾ ਹੁੰਦੇ ਜੋ ਤਿੜਕੇ, ਥਿੜਕੇ ਅਤੇ ਲਿਲਕਦੇ ਲਈ ਨਿੱਘੀ ਗਲਵਕੜੀ ਹੁੰਦੇ, ਉਹ ਹੀ ਆਪਣੇ ਨਜ਼ਰੀਏ ਦਾ ਖੁਦ ਪੈਮਾਨਾ ਹੁੰਦੇ।

ਨਜ਼ਰੀਆ ਬਦਲਣ 'ਤੇ ਦੁਨੀਆਂ ਸਲਾਮ ਕਰਦੀ। 'ਕੱਲੇ ਹੁੰਦਿਆਂ ਵੀ ਤੁਸੀਂ ਕਾਫ਼ਲਾ ਹੁੰਦੇ। ਤੁਹਾਡੀ ਕਿਰਤਕਾਰੀ ਨੂੰ ਕਰਮਯੋਗਤਾ ਮਿਲਦੀ, ਤੁਹਾਡੇ ਵਿਅਕਤੀਤਵ ਦਾ ਜਲੌਅ ਆਲੇ-ਦੁਆਲੇ ਵਿਚ ਚਾਨਣ ਕਰਦਾ ਜੋ ਤੁਹਾਨੂੰ ਸ਼ਾਇਦ ਨਜ਼ਰ ਨਾ ਆਵੇ ਪਰ ਦੁਨੀਆਂ ਤਾਂ ਸਭ ਕੁਝ ਜਾਣਦੀ ਹੁੰਦੀ।

# ਮੌਤ ਦੇ ਮੂੰਹ ਵਿਚ ਜਾ ਪਈਆਂ ਦੋ ਮਾਸੂਮ ਜ਼ਿੰਦਗੀਆਂ ਖਤਮ ਹੋਣ ਤੋਂ ਬਚਾ ਲਈਆਂ

ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਜਿਸ ਪੈਟਰੋਲ ਪੰਪ 'ਤੇ ਨੌਕਰੀ ਮਿਲੀ...ਫੌਜ 'ਚੋਂ ਰਿਟਾਇਰ ਕਰਨਲ ਬਲਬੀਰ ਸਿੰਘ ਜੀ ਦਾ ਸੀ...ਸਖ਼ਤ ਸੁਭਾਅ ਦੇ ਮਾਲਕ ਅੱਖਾਂ ਹੀ ਅੱਖਾਂ ਵਿਚ ਅਗਲੇ ਦੀ ਜਾਨ ਕੱਢ ਲਿਆ ਕਰਦੇ...!

ਇੱਕ ਦਿਨ ਸਪਲਾਈ ਵਾਲਾ ਟਰੱਕ ਆਉਣਾ ਸੀ...ਕਾਗਜ਼ੀ ਕਾਰਵਾਈ ਪੂਰੀ ਕਰ ਹੀ ਰਿਹਾ ਸਾਂ ਕਿ ਬਾਹਰ ਰੌਲਾ ਪੈ ਗਿਆ...ਇੱਕ ਬੰਦਾ ਤੇਲ ਪਾਉਣ ਵਾਲੇ ਮਿੱਠੂ ਸਿੰਘ ਨੂੰ ਜੂੜੇ ਤੋਂ ਫੜੀ ਧੂੰਹਦਾ ਹੋਇਆ ਅੰਦਰ ਲਿਆ ਰਿਹਾ ਸੀ...!

ਅੰਦਰ ਵੜ ਆਖਣ ਲੱਗਾ 'ਆਪਣੇ ਮਾਲਕ ਨੂੰ ਸੱਦੋ।' ਪੁੱਛਿਆ, ਕੀ ਗੱਲ ਹੋਈ ਤਾਂ ਮਿੱਠੂ ਨੂੰ ਚਪੇੜ ਮਾਰਦਾ ਆਖਣ ਲੱਗਾ...'ਪੈਟਰੋਲ ਦੀ ਥਾਂ ਡੀਜ਼ਲ ਭਰ ਦਿੱਤੀ ਕੰਜਰ ਨੇ...ਵੱਡਾ ਨੁਕਸਾਨ ਹੋ ਗਿਆ...ਕੌਣ ਭਰੂ ਹੁਣ ਇਹ।'

ਹੰਝੂ ਪੂੰਝਦੇ ਮਿੱਠੂ ਸਿੰਘ ਵੱਲ ਨਜ਼ਰ ਗਈ ਤਾਂ ਉਸਦੇ ਘਰ ਦੇ ਹਾਲਾਤ ਅੱਖਾਂ ਅੱਗੇ ਘੁੰਮ ਗਏ...ਅਜੇ ਪਿਛਲੇ ਹਫਤੇ ਹੀ ਪਿਓ ਦੀ ਅਚਾਨਕ ਹੋ ਗਈ ਮੌਤ ਦਾ ਵਾਸਤਾ ਪਵਾ ਕੇ ਨੌਕਰੀ 'ਤੇ ਰਖਵਾਇਆ ਸੀ ਉਸਨੂੰ...ਨਿੱਕੇ-ਨਿੱਕੇ ਭੈਣ-ਭਰਾਵਾਂ ਦੀ ਲੰਮੀ ਚੌੜੀ ਫੌਜ...!

ਮੈਨੂੰ ਆਪਣੀ ਤੇ ਉਸਦੀ ਨੌਕਰੀ ਚਲੇ ਜਾਣ ਨਾਲੋਂ ਉਸ 'ਤੇ ਪਾਏ ਜਾਣ ਵਾਲੇ ਹਰਜਾਨੇ ਦੀ ਫਿਕਰ ਕਿਤੇ ਜ਼ਿਆਦਾ ਸੀ...!

ਸਰਦਾਰ ਹੁਰਾਂ ਨੂੰ ਫੋਨ ਕੀਤਾ...ਸਾਰੀ ਗੱਲ ਦੱਸੀ... ਘੜੀ ਕੁ ਮਗਰੋਂ ਤੁਰੇ ਆਉਂਦੇ ਕਰਨਲ ਸਾਬ ਵੱਲ ਵੇਖ ਇੰਝ ਜਾਪ ਰਿਹਾ ਸੀ ਜਿੱਦਾਂ ਛੇਤੀ ਹੀ ਦੋ ਬੱਕਰੇ ਜਿਬਾ ਹੋਣ ਜਾ ਰਹੇ ਹੋਣ...!

ਆਉਂਦਿਆਂ ਹੀ ਤਿੱਖੀਆਂ ਨਜ਼ਰਾਂ ਨਾਲ ਪਹਿਲਾਂ ਮੈਨੂੰ ਤੇ ਫੇਰ ਮਿੱਠੂ ਸਿੰਘ ਵੱਲ ਵੇਖਿਆ...ਫੇਰ ਗ੍ਰਾਹਕ ਵੱਲ ਮੁੜਦੇ ਹੋਏ ਪੁੱਛਣ ਲੱਗੇ...'ਕਿੰਨੇ ਦਾ ਨੁਕਸਾਨ ਹੋਇਆ ਜੀ ਤੁਹਾਡਾ'...?

ਪਹਿਲਾਂ ਹੀ ਪੂਰੀ ਗਿਣਤੀ-ਮਿਣਤੀ ਕਰਕੇ ਬੈਠੇ ਹੋਏ ਨੇ ਮਿੰਟ ਵੀ ਨਾ ਲਾਇਆ ਤੇ ਆਖ ਦਿੱਤਾ 'ਕੁਲ ਮਿਲਾ ਕੇ ਪੰਦਰਾਂ ਹਜ਼ਾਰ...'

ਸਰਦਾਰ ਹੁਰਾਂ ਫੋਨ ਕਰਕੇ ਅਕਾਊਂਟੈਂਟ ਨੂੰ ਸੱਦ ਲਿਆ...ਤੇ ਉਸਤੋਂ ਪੰਦਰਾਂ ਹਜ਼ਾਰ ਫੜ ਲਏ'

ਮਗਰੋਂ ਗ੍ਰਾਹਕ ਨੂੰ ਸੰਬੋਧਨ ਹੁੰਦੇ ਆਖਣ ਲੱਗੇ 'ਹਰਜਾਨਾ ਭਰਨ ਤੋਂ ਪਹਿਲਾਂ ਇੱਕ ਦੋ ਸਵਾਲ ਨੇ...ਪੁੱਛ ਸਕਦਾ ਹਾਂ'?

ਅੱਗੋਂ 'ਹਾਂ' ਹੋਣ 'ਤੇ ਪੂਰੇ ਫੌਜੀ ਲਹਿਜ਼ੇ ਵਿਚ ਆਉਂਦੇ ਹੋਏ ਪੁੱਛਣ ਲੱਗੇ...'ਕਿੰਨੀਆਂ ਚਪੇੜਾਂ ਮਾਰੀਆਂ ਤੁਸੀਂ ਮੁੰਡੇ ਨੂੰ ਤੇ ਕਿੰਨੀਆਂ ਗਾਹਲਾਂ ਕੱਢੀਆਂ...?'

ਸਿੱਧਾ ਜਵਾਬ ਦੇਣ ਦੀ ਥਾਂ ਆਖਣ ਲੱਗਾ 'ਜੀ ਨੁਕਸਾਨ ਕੀਤਾ ਸੀ...ਚਪੇੜਾਂ ਮਾਰਨੀਆਂ ਤੇ ਬਣਦੀਆਂ ਹੀ ਸਨ...'

ਤੁਹਾਡੇ ਨੁਕਸਾਨ ਦਾ ਅਸੀਂ ਹਰਜਾਨਾ ਭਰਨ ਜਾ ਰਹੇ ਹਾਂ...ਪਰ ਮੁੰਡੇ ਦੇ ਕੀਤੇ ਸਰੀਰਕ ਅਤੇ ਮਾਨਸਿਕ ਨੁਕਸਾਨ ਦੀ ਪੂਰਤੀ ਤੁਹਾਨੂੰ ਵੀ ਕਰਨੀ ਪਵੇਗੀ...ਵਰਨਾ ਗੱਲ ਠਾਣੇ ਤੱਕ ਵੀ ਜਾ ਸਕਦੀ ਏ...।' ਠਾਣੇ ਦਾ ਜ਼ਿਕਰ ਆਉਂਦਿਆਂ ਹੀ ਘੜੀਆਂ-ਪਲਾਂ ਵਿਚ ਮੁੱਕ-ਮੁਕਾ ਹੋ ਗਿਆ...।

ਸਰਦਾਰ ਹੁਰੀਂ ਵਾਪਿਸ ਗੱਡੀ ਵਿਚ ਬੈਠਣ ਲੱਗੇ ਤਾਂ ਡਰਦੇ-ਡਰਦੇ ਨੇ ਪੁੱਛ ਲਿਆ 'ਜੀ ਮਿੱਠੂ ਸਿੰਘ ਕੱਲ੍ਹ ਨੂੰ ਕੰਮ 'ਤੇ ਆ ਸਕਦਾ?'

'ਹਾਂ ਹਾਂ ਕਿਓਂ ਨਹੀਂ...ਕੰਮ ਕਰੇਗਾ ਇਹ ਮੁੰਡਾ ਇਥੇ ਹੀ...ਗਲਤੀ ਤਾਂ ਕਿਸੇ ਤੋਂ ਵੀ ਹੋ ਸਕਦੀ ਏ...' ਆਥਣ ਵੇਲੇ ਹਰਜਾਨੇ ਵਜੋਂ ਮਿਲੇ ਪੂਰੇ ਤਿੰਨ ਹਜ਼ਾਰ ਬੋਝੇ ਵਿਚ ਪਾਈ ਪਿੰਡ ਨੂੰ ਤੁਰੇ ਜਾਂਦੇ ਮਿੱਠੂ ਸਿੰਘ ਵੱਲ ਵੇਖ ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿੱਦਾਂ ਅੰਬਰੋਂ ਉੱਤਰੇ ਇੱਕ ਚਿੱਟ-ਦਾਹੜੀਏ 'ਰੱਬ' ਨੇ ਐਨ ਮੌਕੇ 'ਤੇ ਅੱਪੜ ਮੌਤ ਦੀ ਮੂੰਹ ਵਿਚ ਜਾ ਪਈਆਂ ਦੋ ਮਾਸੂਮ ਜ਼ਿੰਦਗੀਆਂ ਖਤਮ ਹੋਣ ਤੋਂ ਬਚਾ ਲਈਆਂ ਹੋਣ!

# ਫ਼ਿਲਮ ਲੋਕ

## ‘ਜੱਜ’ ਬਣ ਕੇ ਖੁਸ਼ ਹੈ ਕੁਕੂ ਦੀਵਾਨ





ਫ਼ਿਲਮੀ ਅਤੇ ਰੰਗਮੰਚ ਦੀ ਦੁਨੀਆ ਵਿਚ ਕੁੱਕੂ ਦੀਵਾਨ ਕਿਸੇ ਵੀ ਜਾਣ ਪਹਿਚਾਣ ਦਾ ਮੁਹਤਾਜ ਨਹੀ, ਉਸ ਦੀ ਅਦਾਕਾਰੀ ਅੱਜ ਫ਼ਿਲਮਾਂ, ਰੰਗਮੰਚ, ਵੱਖ-ਵੱਖ ਚੈਨਲਾਂ ਉੱਤੇ ਚਲਦੇ ਲੜੀਵਾਰ ਸੀਰੀਅਲਾਂ (ਨਾਟਕਾਂ), ਵੈੱਬ ਸੀਰੀਜ਼ ਅਤੇ ਗੀਤਾਂ ਦੀਆਂ ਵੀਡੀਓਜ਼ ਰਾਹੀਂ ਭਾਰਤ, ਪਾਕਿਸਤਾਨ, ਬੰਗਲਾਦੇਸ਼, ਗੱਲ ਕੀ ਸਾਰੇ ਦੱਖਣੀ ਏਸ਼ੀਆ ਖਿੱਤੇ ਨਾਲ ਸੰਬੰਧਿਤ ਵੱਖ-ਵੱਖ ਮੁਲਕਾਂ ਵਿਚ ਵਸਦੇ ਲੋਕਾਂ ਤੱਕ ਪਹੁੰਚ ਚੁੱਕੀ ਹੈ ਅਤੇ ਉਸ ਦੁਆਰਾ ਵੱਖ-ਵੱਖ ਫ਼ਿਲਮਾਂ, ਨਾਟਕਾਂ, ਵੈੱਬ ਸੀਰੀਜ਼, ਗੀਤਾਂ ਦੀਆਂ ਵੀਡੀਓਜ਼ ਆਦਿ ਵਿਚ ਨਿਭਾਏ ਵੱਖ-ਵੱਖ ਕਿਰਦਾਰਾਂ ਤੋਂ ਲੋਕ ਭਲੀ ਭਾਂਤ ਜਾਣੂ ਹਨ। ਪੰਜਾਬ ਦੇ ਜ਼ਿਲ੍ਹਾ ਰੋਪੜ ਦੀ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਦੇ ਕਸਬੇ ਨੂਰਪੁਰ ਬੇਦੀ ਵਿਖੇ ਪਿਤਾ ਸਵਰਗੀ ਕਿਦਾਰ ਨਾਥ ਅਤੇ ਮਾਤਾ ਸ੍ਰੀਮਤੀ ਰਖਸ਼ਾ ਦੇਵੀ ਦੇ ਗ੍ਰਹਿ ਵਿਖੇ ਜਨਮੇਂ ਕੁੱਕੂ ਦੀਵਾਨ ਨੂੰ ਸਟੇਜ ਅਤੇ ਅਦਾਕਾਰੀ ਦੀ ਚੇਟਕ ਪਿੰਡ ਵਿਚ ਹੁੰਦੀ ਰਾਮਲੀਲ੍ਹਾ ਤੋਂ ਲੱਗੀ, ਫਿਰ ਉਹ ਮੁੱਢਲੀ ਪੜ੍ਹਾਈ ਪਿੰਡ ਤੋਂ ਕਰਨ ਉਪਰੰਤ ਉਚੇਰੀ ਪੜ੍ਹਾਈ ਲਈ ਚੰਡੀਗੜ੍ਹ ਆ ਗਏ ਜਿੱਥੇ ਪੜ੍ਹਦਿਆਂ ਹੀ ਸੱਭਿਆਚਾਰਕ, ਸਾਹਿਤਕ ਅਤੇ ਰੰਗਮੰਚ ਦੀਆਂ ਗਤੀਵਿਧੀਆਂ ਲਈ ਮਸ਼ਹੂਰ ਸੰਸਥਾ ਸਰਘੀ ਕਲਾ ਕੇਂਦਰ ਨਾਲ ਜੁੜ ਗਏ ਅਤੇ ਸੰਜੀਵਨ ਸਿੰਘ, ਰੰਜੀਵਨ ਸਿੰਘ ਅਤੇ ਸਾਥੀਆਂ ਨਾਲ ਮੌਕਾ ਮਿਲਿਆ ਜਿੱਥੇ ਉਸ ਦੀ ਅਦਾਕਾਰੀ ਵਿਚ ਏਨਾ ਨਿਖ਼ਾਰ ਆਇਆ ਕਿ ਉਸ ਨੂੰ ਫ਼ਿਲਮਾਂ ਦੀਆਂ ਪੇਸ਼ਕਸ਼ਾਂ ਆਉਣ ਲੱਗ ਪਈਆਂ। ਉੱਦੋਂ ਕਿਸੇ ਨੂੰ ਚਿੱਤ ਚੇਤਾ ਵੀ ਨਹੀ ਹੋਵੇਗਾ ਕਿ ਰਾਮਲੀਲ੍ਹਾ ਵਿਚ ਵੱਖ-ਵੱਖ ਕਿਰਦਾਰ ਨਿਭਾਉਣ ਵਾਲਾ ਇਹ ਨੌਜਵਾਨ ਇੱਕ ਦਿਨ ਏਨਾ ਮਸ਼ਹੂਰ ਹੋ ਜਾਵੇਗਾ। ਉਸਦੀ ਪਹਿਲੀ ਫ਼ਿਲਮ ਸੀ ‘ਟ੍ਰੇਨ ਟੂ ਪਾਕਿਸਤਾਨ’ ਖੁਸ਼ਵੰਤ ਸਿੰਘ ਦੇ ਨਾਵਲ ਤੇ ਪਾਮੇਲਾ ਰੂਕਸ ਦੀ ਨਿਰਦੇਸ਼ਨਾ ਹੇਠ ਬਣੀ ਇਸ ਫ਼ਿਲਮ ਵਿਚ ਕੁੱਕੂ ਨੇ ਨਿਰਮਲ ਪਾਂਡੇ, ਸਿਮਰਤੀ ਮਿਸ਼ਰਾ, ਮੋਹਨ ਅਗਾਸੇ ਅਤੇ ਦਿਵਿਆ ਦੱਤਾ ਨਾਲ ਕੰਮ ਕੀਤਾ ਸੀ ਜਿੱਥੇ ਉਸ ਦੀ ਅਦਾਕਾਰੀ ਨੂੰ ਬਹੁਤ ਸਲਾਹਿਆ ਗਿਆ।

ਕੁੱਕੂ ਦੀਵਾਨ ਨੂੰ ਜਿੱਥੇ ਕਾਫੀ ਗਿਣਤੀ ਵਿਚ ਹਿੰਦੀ ਅਤੇ ਪੰਜਾਬੀ ਵੀਡੀਓਜ਼ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਉੱਥੇ ਹੀ ਉਹ ਬਾਲੀਵੁੱਡ ਦੀਆਂ ਵੈੱਬ ਸੀਰੀਜ਼ ਅਤੇ ਫ਼ਿਲਮਾਂ ਵਿਚ ਸੁਨੀਲ ਸ਼ੈਟੀ, ਨੀਤੂ ਸਿੰਘ, ਵਰੁਣ ਧਵਨ, ਸੋਨੂ ਸੂਦ, ਰਣਬੀਰ ਸਿੰਘ, ਪੰਕਜ ਕਪੂਰ, ਸ਼ਾਹਿਦ ਕਪੂਰ, ਮਿਰਨਾਲ ਠਾਕੁਰ, ਕਿਆਰਾ ਅਡਵਾਨੀ ਅਤੇ ਹੋਰਨਾਂ ਨਾਲ ਵੀ ਆਪਣੀ ਅਦਾਕਾਰੀ ਦੇ ਜੌਹਰ ਦਿਖਾ ਚੁੱਕਾ ਹੈ। ਉਹ ਫ਼ਿਲਮ ‘ਧੁਰੰਦਰ-2’ ਵਿਚ ਜਿੱਥੇ ਜੱਜ ਦੀ ਭੂਮਿਕਾ ਵਿਚ ਨਜ਼ਰ ਆਇਆ ਹੈ, ਉੱਥੇ ਹੀ ਹਿੰਦੀ ਫ਼ਿਲਮਾਂ ਡਾਕੂਆਂ ਜਰਸੀ, ਜੁੱਗ-ਜੁੱਗ ਜੀਓ, ਪੰਜਾਬੀ ਫ਼ਿਲਮਾਂ ਜੇ ਜੱਟ ਵਿਗੜ ਗਿਆ, ਸ਼ੂਟਰ, ਜਿੰਦ ਜਾਨ, ਕੰਜੂਸ ਮਜਨੂੰ-ਖ਼ਰਚੀਲੀ ਲੈਲਾ, ਸਿਕੰਦਰ-2, ਦਾ ਮੁੰਡਾ-2, ਵਿਚ ਵੀ ਯਾਦਗਾਰੀ ਭੂਮਿਕਾਵਾਂ ਵਿਚ ਨਜ਼ਰ ਆ ਚੁੱਕਾ ਹੈ। ਕੁੱਕੂ ਦੀਵਾਨ ਵੱਖ- ਵੱਖ ਟੀ. ਵੀ. ਚੈਨਲਾਂ ‘ਤੇ ਚੱਲ ਚੁੱਕੇ ਅਤੇ ਚਲ ਰਹੇ ਲੜੀਵਾਰ ਸੀਰੀਅਲਾਂ ਉਡਾਰੀਆਂ, ਸੰਪੂਰਨਾਂ, ਬਾਦਲ ਪੇ ਪਾਊਂ ਹੈਂ, ਗੰਗਾ ਮਾਈ ਬੇਟੀਆਂ ਵਿਚ ਨਿਭਾਏ ਵੱਖ-ਵੱਖ. ਕਿਰਦਾਰਾਂ ਕਰਕੇ ਵੀ ਲੋਕਾਂ ਵਿਚ ਹਰਮਨ ਪਿਆਰਾ ਹੈ। ਉਹ ਆਪਣੇ ਸਟੇਜ ਦੇ ਪਹਿਲੇ ਗੁਰੂ ਸੁਰੇਸ਼ ਬਖ਼ਸ਼ੀ, ਆਪਣੇ ਯਾਰਾਂ ਦੋਸਤਾਂ, ਅਧਿਆਪਕਾਂ ਅਤੇ ਆਪਣੇ ਪਰਿਵਾਰਕ ਮੈਂਬਰਾਂ ਦਾ ਬਹੁਤ ਰਿਣੀ ਹੈ ਜਿਹਨਾਂ ਦੇ ਸਾਥ ਅਤੇ ਸਹਿਯੋਗ ਸਦਕਾ ਉਸ ਨੂੰ ਇਹ ਮੁਕਾਮ ਹਾਸਿਲ ਹੋਇਆ ਹੈ।

## ਸੰਯੁਕਤਾ-ਕਰੀਅਰ ਦੇ ਸੁਨਹਿਰੇ ਦੌਰ ਵਿਚ



ਮਲਿਆਲਮ ਅਤੇ ਤੇਲਗੂ ਫ਼ਿਲਮਾਂ ਦੀ ਮੰਨੀ-ਪ੍ਰਮੰਨੀ ਅਦਾਕਾਰਾ ਸੰਯੁਕਤਾ ਨਿਰਦੇਸ਼ਕ ਪੁਰੀ ਜਗਨਨਾਥ ਦੀ ਤੇਲਗੂ, ਤਾਮਿਲ, ਹਿੰਦੀ, ਕੰਨੜ ਅਤੇ ਮਲਿਆਲਮ ਭਾਸ਼ਾਵਾਂ ਵਿਚ ਬਣ ਰਹੀਆਂ ਆਉਣ ਵਾਲੀਆਂ ਫ਼ਿਲਮਾਂ ਵਿਚ ਵੱਡੀ ਅਭਿਨੇਤਰੀ ਤੱਬੂ ਅਤੇ ਦੱਖਣ ਦੇ ਮਲਟੀ ਬਹੁਪੱਖੀ ਅਦਾਕਾਰ ਵਿਜੇ ਸੇਤੂਪਤੀ ਨਾਲ ਸਕਰੀਨ ਸਾਂਝੀ ਕਰਦੀ ਨਜ਼ਰ ਆਵੇਗੀ। ਇਸ ਫ਼ਿਲਮ ਵਿਚ ਵਿਜੇ ਸੇਤੂਪਤੀ ਜਿਥੇ ਮੁੱਖ ਭੂਮਿਕਾ ਨਿਭਾਅ ਰਹੇ ਹਨ, ਉਥੇ ਸੰਯੁਕਤਾ ਔਰਤ ਦੇ ਮੁੱਖ ਕਿਰਦਾਰ ਦੇ ਰੂਪ ਵਿਚ ਨਜ਼ਰ ਆਵੇਗੀ। ਤੱਬੂ ਇਕ ਬੇਹੱਦ ਮਹੱਤਵਪੂਰਨ ਕਿਰਦਾਰ ਵਿਚ ਦਿਖਾਈ ਦੇਵੇਗੀ, ਜਿਸ ਦੀ ਸਨਅਤ ਵਿਚ ਚੰਗੀ ਚਰਚਾ ਹੈ। ਫ਼ਿਲਮ ਦਾ ਨਿਰਮਾਣ ਨਿਰਮਾਤਾ ਚਾਰਮੀ ਕੌਰ ਅਤੇ ਪੂਰੀ ਜਗਨਨਾਥ ਨੇ ਆਪਣੇ ਬੈਨਰ ਪੂਰੀ ਕਨੈਕਟ ਹੇਠ ਕੀਤਾ ਹੈ। ਫ਼ਿਲਮ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਸੰਯੁਕਤਾ ਨੂੰ ਪੂਰਾ ਭਰੋਸਾ ਹੈ ਕਿ ਇਸ ਫ਼ਿਲਮ ਵਿਚ ਉਹ ਜੋ ਕਿਰਦਾਰ ਨਿਭਾਅ ਰਹੀ ਹੈ, ਉਹ ਦਰਸ਼ਕਾਂ ਨੂੰ ਯਕੀਨੀ ਤੌਰ ‘ਤੇ ਬਹੁਤ ਪਸੰਦ ਆਵੇਗਾ।

11, ਸਤੰਬਰ1995 ਨੂੰ ਕੇਰਲ ਦੇ ਪਲੱਕੜ ਵਿਚ ਪੈਦਾ ਹੋਈ ਸੰਯੁਕਤਾ ਦਾ ਪੂਰਾ ਨਾਂਅ ਸੰਯੁਕਤਾ ਮੈਨਨ ਹੈ। ਉਸ ਨੇ ਆਪਣੀ ਸਕੂਲੀ ਸਿੱਖਿਆ ਚਿਨਮਯ ਸਕੂਲ, ਥਾਥਮੰਗਲਮ ਤੋਂ ਪੂਰੀ ਕਰਨ ਤੋਂ ਬਾਅਦ ਅਰਥ ਸ਼ਾਸਤਰ ਵਿਚ ਗ੍ਰੈਜੂਏਸ਼ਨ ਦੀ ਡਿਗਰੀ ਹਾਸਿਲ ਕੀਤੀ। ਸੰਯੁਕਤਾ ਨੇ ਮਲਿਆਲਮ ਫ਼ਿਲਮ ‘ਪਾਪਕਾਰਨ’ ਤੋਂ ਐਕਟਿੰਗ ਵਿਚ ਡੈਬਿਊ ਕੀਤਾ ਸੀ। ਇਸ ਫ਼ਿਲਮ ਵਿਚ ਉਹ ਸ਼ਾਈਨ ਟਾਮ ਚਾਕੋ ਦੇ ਉਲਟ ਮੁੱਖ ਭੂਮਿਕਾ ਵਿਚ ਨਜ਼ਰ ਆਈ। ਇਸ ਤੋਂ ਬਾਅਦ ਉਹ ਇਕ ਹੋਰ ਮਲਿਆਲਮ ਫ਼ਿਲਮ ‘ਲਿਲੀ’ ਵਿਚ ਨਜ਼ਰ ਆਈ ਸੀ। ਇਸ ਤੋਂ ਬਾਅਦ ਇਕ ਲੰਬਾ ਸਿਲਸਿਲਾ ਸ਼ੁਰੂ ਹੋ ਗਿਆ ਅਤੇ ਉਹ ‘ਕਲਕੀ’, ‘ਏੜਕੱਕੜ ਬਟਾਲੀਅਨ 06’, ‘ਭੀਮਲਾ ਨਾਇਕ’, ‘ਕੜਵਾ’, ‘ਬਿੰਬਿਸਰਾ’, ਫ਼ਿਲਮ ਵਿਚ ਨਜ਼ਰ ਆਈ.ਸੀ ਅਤੇ ਫਿਰ ਇਹ ਸਿਲਸਿਲਾ ਬਹੁਤ ਚੱਲ ਨਿਕਲਿਆ। ਉਸ ਨੇ ਫ਼ਿਲਮ ‘ਵਿਰੁਪਾਕਸ਼ਾ’ ਲਈ ਬੈਸਟ ਐਕਟੈੱਸ ਦਾ ਸੰਤੋਸ਼ਮ ਫ਼ਿਲਮ ਐਵਾਰਡ ਜਿੱਤਿਆ। ਇਸ ਤੋਂ ਇਲਾਵਾ ਉਸ ਨੂੰ ਕੇਰਲ ਫ਼ਿਲਮ ਆਲੋਚਕ ਐਸੋਸੀਏਸ਼ਨ ਐਵਾਰਡ ਸਮੇਤ ਕਈ ਹੋਰ ਪੁਰਸਕਾਰ ਮਿਲ ਚੁੱਕੇ ਹਨ। ਨਿਸ਼ਚਿਤ ਹੀ ਸੰਯੁਕਤਾ ਇਸ ਸਮੇਂ ਕਰੀਅਰ ਦੇ ਸੁਨਹਿਰੀ ‘ਤੇ ਮੋੜ, ਹੈ। ਉਸ ਨੂੰ ਸਭ ਤੋਂ ਜ਼ਿਆਦਾ ਫੀਸ ਲੈਣ ਵਾਲੀਆਂ ਮਲਿਆਲਮ ਮਹਿਲਾ ਅਦਾਕਾਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਇਸ ਸਮੇਂ ਉਹ 4 ਤੇਲਗੂ, 1 ਤਾਮਿਲ ਅਤੇ 1 ਮਲਿਆਲਮ ਫ਼ਿਲਮ ਕਰ ਰਹੀ ਹੈ। ਸੰਯੁਕਤਾ ਨੂੰ ਚਾਹੁਣ ਅਤੇ ਪਸੰਦ ਕਰਨ ਵਾਲੇ ਪ੍ਰਸੰਸਕ ਸਿਰਫ਼ ਦੱਖਣ ਵਿਚ ਹੀ ਨਹੀਂ ਸਗੋਂ ਦੱਖਣ ਦੀਆਂ ਹਿੰਦੀ ਡੱਬ ਫ਼ਿਲਮਾਂ, ਦੇਖਣ ਵਾਲੇ ਹਿੰਦੀ ਸਿਨੇ ਦਰਸ਼ਕਾਂ ਵਿਚ ਵੀ ਸੰਯੁਕਤਾ ਲਈ ਕਾਫ਼ੀ ਦੀਵਾਨਗੀ ਦੇਖੀ ਜਾ ਸਕਦੀ ਹੈ। ਸੰਯੁਕਤਾ ਦੇ ਪ੍ਰਸੰਸਕਾਂ ਲਈ ਚੰਗੀ ਖ਼ਬਰ ਹੈ ਕਿ ਸੰਯੁਕਤਾ ਛੇਤੀ ਹੀ ਫ਼ਿਲਮ ‘ਮਹਾਰਾਗਿਨੀ : ਕੁਈਨ ਅਤੇ ਕੁਈਨਜ਼’ ਜ਼ਰੀਏ ਹਿੰਦੀ ਸਿਨੇਮਾ ਜਗਤ ਵਿਚ ਡੈਬਿਊ ਕਰਨ ਜਾ ਰਹੀ ਹੈ। ਇਸ ਫ਼ਿਲਮ ਦੀ ਸ਼ੂਟਿੰਗ ਦਾ ਕੰਮ ਇਨ੍ਹੀਂ ਦਿਨੀਂ ਤੇਜ਼ੀ ਨਾਲ ਚੱਲ ਰਿਹਾ ਹੈ। ਇਸੇ ਸਾਲ ਇਸ ਦੇ ਰਿਲੀਜ਼ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ।

## ਵਾਣੀ ਕਪੂਰ ਕਾਲੇ ਕਰਮਾਂ ਵਾਲੇ



ਗੱਲ ਵਾਣੀ ਕਪੂਰ ਦੀ ਕਰੀਏ ਤਾਂ ਇਸ ਸਾਲ, ਇਸ ਮਹੀਨੇ ‘ਚ ਅਜਿਹੀਆਂ ਤਸਵੀਰਾਂ ਉਸ ਨੇ ਲੋਕਾਂ ਦੇ ਸਨਮੁਖ ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ ‘ਤੇ ਕੀਤੀਆਂ ਕਿ ਖੁਦ ਇੰਟਰਨੈੱਟ ਨੂੰ ਸ਼ਰਮ ਆਉਣ ਵਾਲੀ ਗੱਲ ਬਣ ਗਈ। ਇਸ਼ ਤੋਂ ਪਹਿਲਾਂ ਫਵਾਦ ਖ਼ਾਨ ਨਾਲ ਫ਼ਿਲਮ ‘ਅਬੀਰ ਗੁਲਾਲ ਨੂੰ ਲੈ ਕੇ ਉਹ ਵਿਵਾਦਾਂ ਦਾ ਕੇਂਦਰ ਬਣ ਗਈ ਤੇ ਉਸ ਦੀ ਚੰਗੇ ਚੰਗੇ ਫ਼ਿਲਮ ਪੱਤਰਕਾਰਾਂ ਨੇ ਖੂਬ ਆਲੋਚਨਾ ਕੀਤੀ। ਵਾਣੀ ਦੀ ਇਕ ਫ਼ਿਲਮ ਪਾਕਿਸਤਾਨੀ ਨਾਇਕ ਫਵਾਦ ਖ਼ਾਨ ਨਾਲ ਹੋਣ ਕਾਰਨ ਆ ਨਹੀਂ ਸਕੀ ਤੇ ਉਸ ਨੇ ਇਸ ‘ਤੇ ਚਿੰਤਾ ਜ਼ਾਹਿਰ ਕਰਦੇ ਹੋਏ, ਇਸ ਲਈ ਸੋਸ਼ਲ ਮੀਡੀਆ ਨੂੰ ਜ਼ਿੰਮੇਵਾਰ ਦੱਸਿਆ ਹੈ। ਯਸ਼ਰਾਜ ਫ਼ਿਲਮਜ਼ ਦੀ ਨੈੱਟ ਫ਼ਿਕਸ ਲਈ ਵੈੱਬ ਸੀਰੀਜ਼ ਕਰ ਰਹੀ ਵਾਣੀ ਕਪੂਰ ਨੇ ਕਿਹਾ ਕਿ ਅਸੀਂ ਨਫ਼ਰਤ ਵੰਡ ਰਹੇ ਹਾਂ ਤੇ ਇਹ ਗ਼ਲਤ ਦਿਸ਼ਾ ਵੱਲ ਕਦਮ ਹਨ। ਉਸ ਨੇ ਇਹ ਵੀ ਕਿਹਾ ਕਿ ਜੇਕਰ ਦਿਲਜੀਤ ਦੋਸਾਂਝ ਨੇ ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਨਾਲ ਅਭਿਨੈ ਕੀਤਾ ਹੈ ਤਾਂ ਇਸ ਦੀ ਐਨੀ ਆਲੋਚਨਾ ਕਿਉਂ? ਦਿਲਜੀਤ ਨੇ ਭਲਾ ਕੋਈ ਕਾਨੂੰਨ ਤੋੜਿਆ ਹੈ ? ਵਾਣੀ ਕਪੂਰ ਨਿੱਜੀ ਤੌਰ ‘ਤੇ ਚਾਹੁੰਦੀ ਹੈ ਕਿ ਕਲਾਕਾਰੀ ਤੇ ਮਨੋਰੰਜਨ ਦੇ ਖੇਤਰ ਸਿਆਸਤ ਤੋਂ ਪਰ੍ਹਾਂ ਰਹਿਣੇ ਚਾਹੀਦੇ ਹਨ।

ਵਾਣੀ 13 ਸਾਲਾਂ ਤੋਂ ਇਸ ਫ਼ਿਲਮੀ ਦੁਨੀਆ ‘ਚ ਹੈ ਤੇ ਦਿੱਲੀ ਦੇ ਵਪਾਰੀ ਸ਼ਿਵ ਕਪੂਰ ਦੀ ਬੇਟੀ ਵਾਣੀ ਆਖਦੀ ਹੈ ਕਿ ਉਹ ਖੂਬ ਪੜ੍ਹੀ- ਲਿਖੀ ਹੈ ਤੇ ‘ਨਫ਼ਰਤ’ ਦੀ ਥਾਂ ‘ਤੇ ਉਹ ਪਿਆਰ ਵੰਡਣ ਨੂੰ ਪਹਿਲ ‘ਦਿੰਦੀ ਹੈ। ਅਜੇ ਦੇਵਗਨ ਨਾਲ ਹੀਰੋਇਨ ਆ ਚੁੱਕੀ ਵਾਣੀ ਕਪੂਰ ਨੇ ਕਿਹਾ ਕਿ ਭਾਰਤ ‘ਚ ਵੀ ਉਹ ਰੰਗ-ਭੇਦ ਦਾ ਸ਼ਿਕਾਰ ਹੋ ਚੁੱਕੀ ਹੈ ਜਦਕਿ ਅਸੀਂ ਦੱਖਣੀ ਅਫਰੀਕਾ ਤੇ ਹੋਰ ਕਈ ਮੁਲਕਾਂ ਨੂੰ ਰੰਗਭੇਦ ਲਈ ਭੰਡਦੇ ਹਾਂ ਪਰ ਆਪ ਇਥੇ ਕੀ ਕਰ ਰਹੇ ਹਾਂ। ਉਸ ਨੂੰ ਇਕ ਡਾਇਰੈਕਟਰ ਨੇ ਕਿਹਾ ਸੀ ਕਿ ਉਹ ਦੁੱਧ ਜਿਹੀ ਚਿੱਟੀ ਨਹੀਂ ਹੈ, ਇਸ ਲਈ ਉਸ ਨੂੰ ਹੀਰੋਇਨ ਨਹੀਂ ਲਿਆ ਜਾ ਸਕਦਾ । ਵਾਣੀ ਨੇ ਆਪਣੇ ਕੁਦਰਤੀ ਹੇਠਾਂ (ਬੁੱਲ੍ਹਾਂ) ਲਈ ‘ਲਿਪ ਫਿਲਰਜ਼ ਸਰਜਰੀ’ ਕਰਵਾਈ ਹੋਈ ਹੈ। ਵੀਹ ਕਰੋੜ ਦੇ ਕਰੀਬ ਫ਼ਿਲਮੀ ਕਮਾਈ ਤੇ ‘ਮੈਂਗੋ’ ਦੀ ਮੁੱਖ ਮਾਡਲ ਵਾਣੀ ਨੇ ਕਿਹਾ ਕਿ ਗੋਰੇ ਰੰਗ ‘ਤੇ ਮਾਣ ਨਹੀਂ ਕਰਨਾ ਚਾਹੀਦਾ ਤੇ ਕਾਲੇ ਕਰਮਾਂ ਵਾਲੇ ਹੁੰਦੇ ਨੇ ਹਾਲਾਂਕਿ ਉਹ ਬਹੁਤੀ ਕਾਲੀ ਵੀ ਨਹੀਂ ਹੈ।

ਵਾਣੀ ਕਪੂਰ ‘ਮੰਡਲਾ ਮਰਡਰਜ਼’ ਵੈੱਬ ਸੀਰੀਜ਼ ‘ਚ ਆ ਰਹੀ ਹੈ ਤੇ ਇਸ਼ਕ ਦੇ ਮਾਮਲੇ ‘ਚ ਉਸ ਨੇ ਪ੍ਰਹੇਜ਼ ਕੀਤਾ ਹੈ। ਵਾਣੀ ‘ਦਾ ਨਾਂਅ ਫੈਸ਼ਨ ਡਿਜ਼ਾਈਨਰ ਨਿਖਿਲ ਨਾਲ ਜੋੜਿਆ ਗਿਆ ਪਰ ਉਹ ਆਖਦੀ ਹੈ, ਉਹ ਪਿਆਰ ਤੇ ਪ੍ਰੇਮੀ ਦੀ ਭਾਲ ‘ਚ ਨਹੀਂ ਹੈ ਤੇ ਇਹ ਖੁਦ ਉਸ ਕੋਲ ਚੱਲ ਕੇ ਆਉਣਗੇ। ਵਾਣੀ ਕਪੂਰ ਨੇ ਇਹ ਵੀ ਕਿਹਾ ਕਿ ‘ਵਿਆਹ’ ਕੋਈ ਦੌੜ ਨਹੀਂ ਹੈ ਕਿ ਇਸ ਨੂੰ ਐਨੀ ਉਮਰ ਤੱਕ ਪੂਰਾ ਕਰਨਾ ਜ਼ਰੂਰੀ ਹੈ। ਬਿਨਾਂ ਸਮਝੌਤੇ ਦੇ ਕੋਈ ਜ਼ਿੰਦਗੀ ਨਾਲ ਬਿਤਾਉਣ ਵਾਲਾ ਮਿਲਿਆ ਤਾਂ ਉਹ ਸਭ ਨੂੰ ਦੱਸ ਕੇ ਵਿਆਹ ਕਰਵਾਏਗੀ।

# Reliable

## Trucks & Trailer Repair Shop

**7401 Brookville Road Indianapolis, IN 46239**



- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Change, Repair, & Balance
- Reefer Oil Change
- DPF Work * Nox Sensor
- Truck & Trailer Bushings
- Air Compressor * Air Dryer
- Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**



# ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

## Indianapolis, IN

Yard Address: 10318 Pendleton Pike, Indianapolis, IN 46236

# Semiyard

Parking & Self-Storage Available

Download Semiyard App & Book

916 755 0085

Mobile & Text:

916 610 0033

SCAN ME !

Install via App Store

Install via Google Play

24/7 Access & Support

PARK MONTHLY!

